

PUNJABSTAR.COM

# ਪੰਜਾਬ ਸਟਾਰ



Phone: 905-673-7666 , Fax: 1-289-206-8611
28 ਅਗਸਤ ਤੋਂ 03 ਸਤੰਬਰ, 2025
Email :- editor@punjabstar.com, Vo. 20. Issue:1200


## ਜੰਮੂ: ਰਿਕਾਰਡ ਮੀਂਹ ਕਾਰਨ ਮ੍ਰਿਤਕਾਂ ਦੀ ਗਿਣਤੀ ਵਧ ਕੇ 41 ਹੋਈ



(ਪੰਜਾਬ ਸਟਾਰ ਬਿਊਰੋ)
ਜੰਮੂ ਕਸ਼ਮੀਰ 'ਚ ਦੋ ਦਿਨਾਂ ਅੰਦਰ ਪਏ ਰਿਕਾਰਡ ਮੀਂਹ ਕਾਰਨ ਵਾਪਰੀਆਂ ਘਟਨਾਵਾਂ 'ਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 41 ਹੋ ਗਈ ਹੈ, ਜਿਨ੍ਹਾਂ 'ਚ ਜ਼ਿਆਦਾ ਵਿਅਕਤੀ ਮਾਤਾ ਵੈਸ਼ਨੋ ਦੇਵੀ ਮਾਰਗ 'ਤੇ ਡਿੱਗੀਆਂ ਢਿੱਗਾਂ ਦੀ ਲਪੇਟ 'ਚ ਆਏ ਸਨ। ਅੱਜ ਮੀਂਹ ਤੋਂ ਕੁਝ ਰਾਹਤ ਮਿਲਣ ਮਗਰੋਂ ਬਚਾਅ ਕਾਰਜਾਂ 'ਚ ਤੇਜ਼ੀ ਆਈ ਹੈ। ਰਾਸ਼ਟਰਪਤੀ ਦਰੋਪਦੀ ਮੁਰਮੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲ੍ਹਾ ਤੇ ਹੋਰਾਂ ਨੇ * ਬਾਕੀ ਸਫਾ 2 'ਤੇ

## ਪਾਲਘਰ 'ਚ ਇਮਾਰਤ ਢਹਿਣ ਕਾਰਨ ਮਰਨ ਵਾਲਿਆਂ ਦੀ ਗਿਣਤੀ 15 ਹੋਈ

(ਪੰਜਾਬ ਸਟਾਰ ਬਿਊਰੋ)
ਮਹਾਰਾਸ਼ਟਰ ਦੇ ਪਾਲਘਰ ਜ਼ਿਲ੍ਹੇ ਦੇ ਵਿਰਾਰ ਵਿੱਚ ਇੱਕ ਇਮਾਰਤ ਢਹਿਣ ਦੀ ਘਟਨਾ ਵਿੱਚ ਰਾਤ ਭਰ ਚੱਲੇ ਬਚਾਅ ਕਾਰਜ ਦੌਰਾਨ ਤਿੰਨ ਹੋਰ ਲਾਸ਼ਾਂ ਮਿਲਣ ਨਾਲ ਮਰਨ ਵਾਲਿਆਂ ਦੀ ਗਿਣਤੀ 15 ਹੋ ਗਈ ਹੈ। ਅਧਿਕਾਰੀਆਂ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਲਗਭਗ 50 ਫਲੈਟਾਂ ਵਾਲੀ ਇਹ ਅਣਅਧਿਕਾਰਤ ਚਾਰ ਮੰਜ਼ਿਲਾ ਇਮਾਰਤ ਮੰਗਲਵਾਰ * ਬਾਕੀ ਸਫਾ 2 'ਤੇ



# ਹਿਮਾਚਲ 'ਚ ਤਬਾਹੀ ਵਾਲਾ ਮੀਂਹ

## ਸੂਬੇ 'ਚ ਹੁਣ ਤੱਕ 369 ਲੋਕਾਂ ਦੀ ਹੋਈ ਮੌਤ, 38 ਲਾਪਤਾ



(ਪੰਜਾਬ ਸਟਾਰ ਬਿਊਰੋ)
ਹਿਮਾਚਲ ਪ੍ਰਦੇਸ਼ ਵਿੱਚ ਮੀਂਹ ਕਾਰਨ ਭਾਰੀ ਨੁਕਸਾਨ ਹੋ ਰਿਹਾ ਹੈ। ਬੀਤੀ ਰਾਤ ਵੀ ਕਈ ਥਾਵਾਂ 'ਤੇ ਭਾਰੀ ਮੀਂਹ ਪਿਆ। ਇਸ ਕਾਰਨ ਚੰਡੀਗੜ੍ਹ-ਮਨਾਲੀ ਹਾਈਵੇਅ 'ਤੇ ਕਈ ਥਾਵਾਂ 'ਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਾਪਰੀਆਂ। ਕੁੱਲੂ, ਚੰਬਾ ਅਤੇ ਲਾਹੌਲ ਸਪਿਤੀ ਜ਼ਿਲ੍ਹਿਆਂ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਪਿਛਲੇ ਤਿੰਨ ਦਿਨਾਂ ਤੋਂ ਮੋਬਾਈਲ ਕਨੈਕਟੀਵਿਟੀ ਨਹੀਂ ਹੈ।

ਸੜਕਾਂ, ਪਾਣੀ ਅਤੇ ਬਿਜਲੀ ਵੀ ਬੰਦ ਹਨ। ਖਾਸ ਕਰਕੇ ਚੰਬਾ ਵਿੱਚ ਸੰਚਾਰ ਸੇਵਾਵਾਂ ਠੱਪ ਹੋਣ ਕਾਰਨ, ਪ੍ਰਸ਼ਾਸਨ ਨੁਕਸਾਨ ਦਾ ਸਹੀ ਢੰਗ ਨਾਲ ਮੁਲਾਂਕਣ * ਬਾਕੀ ਸਫਾ 2 'ਤੇ

## ਪਾਕਿਸਤਾਨ: ਗੁਰਦੁਆਰਾ ਕਰਤਾਰਪੁਰ ਸਾਹਿਬ 'ਚ ਹੜ੍ਹ ਦਾ ਪਾਣੀ ਭਰਿਆ

### ਸੌ ਤੋਂ ਵੱਧ ਲੋਕ ਫਸੇ; ਗੁਰੂ ਗ੍ਰੰਥ ਸਾਹਿਬ ਦਾ ਸਰੂਪ ਅਤੇ ਸੇਵਾਦਾਰ ਸੁਰੱਖਿਅਤ



(ਪੰਜਾਬ ਸਟਾਰ ਬਿਊਰੋ)
ਰਾਵੀ ਦਰਿਆ ਵਿੱਚ ਪਾਣੀ ਦਾ ਪੱਧਰ ਵਧਣ ਕਾਰਨ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਨਾਰੋਵਾਲ ਜ਼ਿਲ੍ਹੇ ਵਿੱਚ ਗੁਰਦੁਆਰਾ ਦਰਬਾਰ ਸਾਹਿਬ ਸਮੇਤ ਕਰਤਾਰਪੁਰ ਲਾਂਘੇ ਵਿੱਚ ਪਾਣੀ ਭਰ ਗਿਆ, ਜਿਸ ਕਾਰਨ 100 ਤੋਂ ਵੱਧ ਲੋਕ ਫਸ ਗਏ ਹਨ। ਕਰਤਾਰਪੁਰ ਲਾਂਘਾ ਪ੍ਰਾਜੈਕਟ ਮੈਨੇਜਮੈਂਟ ਯੂਨਿਟ ਦੇ ਮੁਖੀ ਸੈਫੁੱਲ੍ਹਾ ਖੋਖਰ ਨੇ ਦੱਸਿਆ, 'ਗੁਰਦੁਆਰਾ ਦਰਬਾਰ ਸਾਹਿਬ ਸਮੇਤ ਪੂਰਾ ਕਰਤਾਰਪੁਰ ਲਾਂਘਾ ਕੰਪਲੈਕਸ ਹੜ੍ਹ ਦੇ ਪਾਣੀ ਵਿੱਚ ਡੁੱਬ ਗਿਆ ਹੈ।' ਉਨ੍ਹਾਂ ਕਿਹਾ ਕਿ ਫਸੇ ਹੋਏ ਅਧਿਕਾਰੀਆਂ ਨੂੰ ਕਿਸ਼ਤੀਆਂ ਅਤੇ ਹੈਲੀਕਾਪਟਰ ਰਾਹੀਂ ਬਚਾਇਆ ਜਾ ਰਿਹਾ ਹੈ। ਕਰਤਾਰਪੁਰ ਲਾਂਘੇ ਦੀਆਂ ਕੁੱਝ ਤਸਵੀਰਾਂ ਅਤੇ ਵੀਡੀਓਜ਼ ਸੋਸ਼ਲ ਮੀਡੀਆ 'ਤੇ ਸਾਂਝੀਆਂ ਕੀਤੀਆ ਜਾ ਰਹੀਆਂ ਹਨ।

ਜਾਣਕਾਰੀ ਅਨੁਸਾਰ ਗੁਰਦੁਆਰਾ ਕੰਪਲੈਕਸ ਵਿੱਚ ਦੋ ਤੋਂ ਤਿੰਨ ਫੁੱਟ ਤੱਕ ਪਾਣੀ ਇਕੱਠਾ ਹੋ ਗਿਆ ਹੈ। ਦਰਬਾਰ ਸਾਹਿਬ ਦੀਆਂ ਮੁੱਖ ਪੌੜੀਆਂ ਦੀਆਂ ਚਾਰ ਪੌੜੀਆਂ ਪਾਣੀ ਵਿੱਚ ਡੁੱਬ ਗਈਆਂ ਹਨ ਅਤੇ ਪਾਣੀ ਦਾ ਪੱਧਰ ਲਗਾਤਾਰ ਵਧ ਰਿਹਾ ਹੈ। ਬਾਹਰ ਸਥਿਤ ਮਜ਼ਾਰ ਪੂਰੀ ਤਰ੍ਹਾਂ ਡੁੱਬ ਚੁੱਕੀ ਹੈ। ਰਾਹਤ ਦੀ ਗੱਲ ਹੈ ਕਿ * ਬਾਕੀ ਸਫਾ 2 'ਤੇ

## ਕੈਨੇਡਾ ਨੇ ਭਾਰਤੀ ਵਿਦਿਆਰਥੀਆਂ ਦੇ ਸਟੱਡੀ ਵੀਜ਼ਿਆਂ 'ਚ ਕੀਤੀ ਵੱਡੀ ਕਟੌਤੀ

### ਵੀਜ਼ਾ ਦਰ 66 ਫ਼ੀਸਦੀ ਤੋਂ ਘੱਟ ਕੇ 32 ਫ਼ੀਸਦੀ 'ਤੇ ਆਈ




ਚੰਡੀਗੜ੍ਹ (ਪੰਜਾਬ ਸਟਾਰ ਬਿਊਰੋ): ਅਮਰੀਕਾ ਵਲੋਂ ਭਾਰਤੀਆਂ 'ਤੇ ਲਗਾਈਆਂ ਜਾ ਰਹੀਆਂ ਪਾਬੰਦੀਆਂ ਤੋਂ ਬਾਅਦ ਹੁਣ ਕੈਨੇਡਾ ਨੇ ਵੀ ਇਕ ਵਾਰੀ ਮੁੜ ਭਾਰਤੀਆਂ ਤੋਂ ਕਿਨਾਰਾ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸਦਾ ਅੰਦਾਜ਼ਾ ਇਸ ਗੱਲ ਤੋਂ ਲਗਦਾ ਹੈ ਕਿ ਕੈਨੇਡਾ ਨੇ ਇਸ ਵਾਰੀ ਭਾਰਤੀ ਵਿਦਿਆਰਥੀਆਂ ਨੂੰ ਸਟੱਡੀ ਵੀਜ਼ਾ ਦੇਣ 'ਚ ਭਾਰੀ ਕਮੀ ਕਰ ਦਿੱਤੀ ਹੈ। ਕੈਨੇਡਾਈ ਨਾਗਰਿਕਤਾ ਤੇ ਇਮੀਗ੍ਰੇਸ਼ਨ ਵਿਭਾਗ ਵਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਅਪ੍ਰੈਲ ਤੋਂ ਜੂਨ 2025 ਤੱਕ ਭਾਰਤੀ ਵਿਦਿਆਰਥੀਆਂ ਨੂੰ ਸਿਰਫ਼ 17,885 ਸਟੱਡੀ ਵੀਜ਼ੇ ਜਾਰੀ ਕੀਤੇ ਗਏ ਹਨ। ਜਦਕਿ ਇਸੇ ਸਮੇਂ ਦੌਰਾਨ 2024 ਵਿਚ 55,660 ਵੀਜ਼ੇ ਜਾਰੀ ਕੀਤੇ ਗਏ ਸਨ। ਇਸ 'ਚ 66 ਫ਼ੀਸਦੀ ਦੀ ਗਿਰਾਵਟ ਆਈ ਹੈ। ਇਸ ਸਮੇਂ ਦੌਰਾਨ ਜਾਰੀ ਕੁਲ ਸਟੱਡੀ ਵੀਜ਼ਿਆਂ 'ਚ ਭਾਰਤੀ ਵਿਦਿਆਰਥੀਆਂ ਦੀ ਹਿੱਸੇਦਾਰੀ ਵੀ ਪਿਛਲੇ ਸਾਲ ਦੇ 45 ਫ਼ੀਸਦੀ ਤੋਂ ਘੱਟ ਕੇ ਇਸ ਸਾਲ 32 ਫ਼ੀਸਦੀ 'ਤੇ ਆ ਗਈ।

ਭਾਰਤ ਤੇ ਕੈਨੇਡਾ ਦੇ ਰਿਸ਼ਤੇ ਹਾਲੀਆ ਸਾਲਾਂ 'ਚ ਖਾਸੇ ਤਣਾਅਪੂਰਣ ਹੋ ਗਏ ਹਨ। ਭਾਰਤ ਲੰਬੇ ਸਮੇਂ ਤੋਂ ਕੈਨੇਡਾ 'ਤੇ ਦੋਸ਼ ਲਗਾਉਂਦਾ ਆ ਰਿਹਾ ਹੈ ਕਿ ਉਹ ਗਰਮਖਿਆਲੀ ਸਮਰਥਕ ਸੰਗਠਨਾਂ ਨੂੰ ਖੁੱਲ੍ਹੀ ਛੋਟ ਦਿੰਦਾ ਹੈ, ਜਿਹੜੇ ਭਾਰਤ ਦੀ ਅਖੰਡਤਾ ਤੇ ਸੁਰੱਖਿਆ ਲਈ ਖਤਰਾ ਹਨ। ਸਤੰਬਰ 2023 'ਚ ਇਹ ਵਿਵਾਦ ਉਸ ਸਮੇਂ ਹੋਰ ਵੱਧ ਗਿਆ ਜਦੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਖੁੱਲ੍ਹੇਆਮ ਭਾਰਤ 'ਤੇ ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ 'ਚ ਸ਼ਾਮਲ ਹੋਣ ਦਾ ਦੋਸ਼ ਲਗਾਇਆ। ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰਦੇ ਹੋਏ ਕੈਨੇਡਾ 'ਤੇ ਅੱਤਵਾਦੀਆਂ ਨੂੰ ਸੁਰੱਖਿਆ ਦੇਣ ਦਾ ਦੋਸ਼ ਲਗਾਇਆ। ਇਸਦੇ ਬਾਅਦ ਦੋਵੇਂ ਦੇਸ਼ਾਂ ਨੇ ਇਕ ਦੂਜੇ ਦੇ ਕੂਟਨੀਤਕਾਂ ਨੂੰ ਬਰਖਾਸਤ ਕੀਤਾ ਤੇ ਵਪਾਰ ਤੇ ਵੀਜ਼ਾ ਸਬੰਧਾਂ 'ਤੇ ਵੀ ਅਸਰ ਪਿਆ।

ਅੰਕੜਿਆਂ ਅਨੁਸਾਰ ਜਨਵਰੀ ਤੋਂ ਜੂਨ 2025 ਤੱਕ ਭਾਰਤੀ ਵਿਦਿਆਰਥੀਆਂ ਲਈ ਜਾਰੀ ਕੁੱਲ ਸਟਡੀ ਪਰਮਿਟ 99,950 ਤੋਂ ਘੱਟ ਕੇ 47,695 ਰਹਿ ਗਏ। * ਬਾਕੀ ਸਫਾ 2 'ਤੇ

## ਟਰੰਪ ਦਾ ਵੱਡਾ ਐਕਸ਼ਨ!

### ਹੁਣ ਅਮਰੀਕਾ 'ਚ ਝੰਡਾ ਸਾੜਨ 'ਤੇ ਹੋਵੇਗੀ ਜੇਲ੍ਹ

### ਪ੍ਰਵਾਸੀ ਨੂੰ ਦਿੱਤਾ ਜਾਵੇਗਾ ਦੇਸ਼ ਨਿਕਾਲਾ!



ਅਮਰੀਕਾ (ਪੰਜਾਬ ਸਟਾਰ ਬਿਊਰੋ): ਅਮਰੀਕੀ ਰਾਸ਼ਟਰਪਤੀ ਟਰੰਪ ਨੇ ਸੋਮਵਾਰ ਨੂੰ ਦੋ ਕਾਰਜਕਾਰੀ ਆਦੇਸ਼ਾਂ 'ਤੇ ਦਸਤਖਤ ਕੀਤੇ। ਪਹਿਲੇ ਆਦੇਸ਼ ਵਿੱਚ, ਮੁਲਜ਼ਮਾਂ ਨੂੰ ਪੈਸੇ ਜਮ੍ਹਾ ਕੀਤੇ ਬਿਨਾਂ ਰਿਹਾਅ ਕਰਨ ਦੀ ਪ੍ਰਣਾਲੀ (ਨਕਦੀ ਰਹਿਤ ਜ਼ਮਾਨਤ) ਖਤਮ ਕਰ ਦਿੱਤੀ ਗਈ ਸੀ। ਜਦੋਂ ਕਿ ਦੂਜੇ ਵਿੱਚ, ਅਮਰੀਕੀ ਝੰਡਾ ਸਾੜਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਵਿਵਸਥਾ ਹੈ।

ਟਰੰਪ ਦੇ ਕਾਰਜਕਾਰੀ ਆਦੇਸ਼ ਦੇ ਅਨੁਸਾਰ, ਅਮਰੀਕੀ ਝੰਡਾ ਸਾੜਨ ਵਾਲਿਆਂ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਜਾਣਾ ਚਾਹੀਦਾ ਹੈ ਅਤੇ ਜੇਕਰ ਉਹ ਪ੍ਰਵਾਸੀ (ਵਿਦੇਸ਼ੀ ਨਾਗਰਿਕ) ਹਨ, ਤਾਂ ਉਨ੍ਹਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾਣਾ ਚਾਹੀਦਾ ਹੈ। ਅਮਰੀਕੀ ਸੁਪਰੀਮ ਕੋਰਟ ਨੇ 1989 ਵਿੱਚ 5-4 ਦੇ ਫੈਸਲੇ ਵਿੱਚ ਕਿਹਾ ਸੀ ਕਿ * ਬਾਕੀ ਸਫਾ 2 'ਤੇ

## ਹੜ੍ਹਾਂ ਦੀ ਲਪੇਟ 'ਚ ਪੰਜਾਬ ਦੇ 7 ਜ਼ਿਲ੍ਹੇ

### ਮੌਸਮ ਵਿਭਾਗ ਨੇ ਅੱਜ ਮੀਂਹ ਨੂੰ ਲੈ ਕੇ ਨਹੀਂ ਕੋਈ ਚੇਤਾਵਨੀ ਜਾਰੀ





ਪੰਜਾਬ ਵਿਚ ਮੀਂਹ ਅਤੇ ਡੈਮਾਂ ਤੋਂ ਲਗਾਤਾਰ ਪਾਣੀ ਛੱਡਣ ਕਾਰਨ 7 ਜ਼ਿਲ੍ਹੇ ਹੜ੍ਹਾਂ ਦੀ ਲਪੇਟ ਵਿੱਚ ਹਨ। ਦਰਿਆਵਾਂ ਵਿੱਚ ਪਾਣੀ ਦਾ ਪੱਧਰ ਲਗਾਤਾਰ ਵਧ ਰਿਹਾ ਹੈ ਜਿਸ ਕਾਰਨ ਪਿੰਡਾਂ 'ਤੇ ਅਸਰ ਪੈ ਰਿਹਾ ਹੈ। ਬੁੱਧਵਾਰ ਨੂੰ ਅਜਨਾਲਾ, ਅੰਮ੍ਰਿਤਸਰ ਦੇ ਲਗਭਗ 15 ਪਿੰਡ ਪ੍ਰਭਾਵਿਤ ਹੋਏ ਸਨ, ਹੁਣ ਇਹ ਅੰਕੜਾ ਵੱਧ ਕੇ 25 ਦੇ ਆਸ-ਪਾਸ ਹੋ ਗਿਆ ਹੈ।

ਇਸ ਦੌਰਾਨ, ਕੁਝ ਰਾਹਤ ਇਸ ਗੱਲ ਦੀ ਹੈ ਕਿ ਵੀਰਵਾਰ ਨੂੰ ਸੂਬੇ ਵਿੱਚ ਮੀਂਹ ਦੀ ਕੋਈ ਚੇਤਾਵਨੀ ਨਹੀਂ ਹੈ। ਮੌਸਮ ਵਿਭਾਗ ਨੇ ਜੰਮੂ-ਕਸ਼ਮੀਰ ਲਈ ਵੀ ਕੋਈ ਚੇਤਾਵਨੀ ਜਾਰੀ ਨਹੀਂ ਕੀਤੀ ਹੈ। ਇਸ ਨਾਲ ਰਾਵੀ ਨਦੀ ਵਿੱਚ ਹੜ੍ਹ ਤੋਂ ਕੁਝ ਰਾਹਤ ਮਿਲ ਸਕਦੀ ਹੈ, ਪਰ ਹਿਮਾਚਲ ਪ੍ਰਦੇਸ਼ ਦੇ 5 ਜ਼ਿਲ੍ਹਿਆਂ ਵਿੱਚ ਮੀਂਹ ਲਈ ਯੈਲੋ ਚੇਤਾਵਨੀ ਹੈ। ਜੇਕਰ ਇਨ੍ਹਾਂ ਜ਼ਿਲ੍ਹਿਆਂ ਵਿੱਚ ਆਮ ਤੋਂ ਵੱਧ ਮੀਂਹ ਪੈਂਦਾ ਹੈ, ਤਾਂ ਇਸ ਦਾ ਪ੍ਰਭਾਵ ਬਿਆਸ ਦਰਿਆ ਵਿੱਚ ਦਿਖਾਈ ਦੇਵੇਗਾ।

ਪੰਜਾਬ ਸਰਕਾਰ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਸਰਕਾਰੀ ਕਰਮਚਾਰੀਆਂ ਅਤੇ ਅਧਿਕਾਰੀਆਂ ਦੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਹਨ। ਸੂਬੇ ਦੇ ਸਾਰੇ 23 ਜ਼ਿਲ੍ਹਿਆਂ ਵਿੱਚ ਕੰਟਰੋਲ ਰੂਮ ਸਥਾਪਤ ਕੀਤੇ ਗਏ ਹਨ। ਸਾਰੇ ਸਕੂਲ ਪਹਿਲਾਂ ਹੀ 30 ਅਗਸਤ ਤੱਕ ਬੰਦ ਕਰ ਦਿੱਤੇ ਗਏ ਹਨ। ਰਾਵੀ-ਬਿਆਸ ਅਤੇ ਸਤਲੁਜ ਦਰਿਆਵਾਂ ਦੇ * ਬਾਕੀ ਸਫਾ 2 'ਤੇ

## CM ਮਾਨ ਦੀ ਦਰਿਆਦਿਲੀ, ਪੰਜਾਬੀਆਂ ਤੱਕ ਰਾਸ਼ਨ ਤੇ ਰਾਹਤ ਕਾਰਜ ਪਹੁੰਚਾਉਣ ਲਈ ਦਿੱਤਾ ਆਪਣਾ ਹੈਲੀਕਾਪਟਰ

(ਪੰਜਾਬ ਸਟਾਰ ਬਿਊਰੋ)
ਪੰਜਾਬ ਦੇ ਕਈ ਜ਼ਿਲ੍ਹੇ ਹੜ੍ਹਾਂ ਦੀ ਮਾਰ ਹੇਠ ਆਏ ਹੋਏ ਹਨ। ਜ਼ਿਲ੍ਹਿਆਂ ਦੇ ਹਾਲਾਤ ਖਰਾਬ ਹੁੰਦੇ ਜਾ ਰਹੇ ਹਨ। ਇਸ ਵਿਚਾਲੇ ਮੁੱਖ ਮੰਤਰੀ ਭਗਵੰਤ ਮਾਨ ਦੀਨਾਨਗਰ ਇਲਾਕੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਦੌਰਾ ਕਰਨ ਲਈ ਪਹੁੰਚੇ। ਉਨ੍ਹਾਂ ਨੇ ਪੰਜਾਬੀਆਂ ਨੂੰ ਰੈਸਕਿਊ ਕਰਨ ਅਤੇ ਲੋਕਾਂ ਨੂੰ ਰਾਹਤ ਸਮੱਗਰੀ ਪਹੁੰਚਾਉਣ ਲਈ ਆਪਣਾ ਹੈਲੀਕਾਪਟਰ ਦਿੱਤਾ ਹੈ।




**ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ**




ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

**Canada Consumer Credit Assistance** ਕਰਜ਼ਾ ਰਹਿਤ ਜ਼ਿੰਦਗੀ ਜੀਓ




- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
**ਹੁਣੇ ਹੀ ਕਾਲ ਕਰੋ**
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available



Jasbir Singh Hundal
Registered Credit Counsellor
www.MakeMeDebtFree.ca
416-502-3100
1888-864-3131
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੋਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਕੈਲਗਰੀ 'ਚ ਸੜਕ ਹਾਦਸੇ 'ਚ ਸਾਬਕਾ ਐੱਮਐੱਲਏ ਪ੍ਰਭ ਗਿੱਲ ਦੇ ਬੇਟੇ ਦੀ ਮੌਤ



ਕੈਲਗਰੀ : ਕੈਲਗਰੀ ਵਿਚ ਵਾਪਰੇ ਸੜਕ ਹਾਦਸੇ 'ਚ ਇਕ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਇਥੋਂ ਦੇ ਸਾਬਕਾ ਵਿਧਾਇਕ ਪ੍ਰਭ ਗਿੱਲ ਦੇ ਪੁੱਤਰ ਅਰਜਨ ਗਿੱਲ (20) ਵਜੋਂ ਹੋਈ ਹੈ। ਪ੍ਰਭ ਗਿੱਲ ਪੰਜਾਬ ਦੇ ਅੰਮ੍ਰਿਤਸਰ ਸ਼ਹਿਰ ਨਾਲ ਸਬੰਧਤ ਹਨ।

ਪੁਲਿਸ ਦਾ ਮੰਨਣਾ ਹੈ ਕਿ 20 ਵਰ੍ਹਿਆਂ ਦਾ ਮੋਟਰਸਾਈਕਲ ਸਵਾਰ ਤੇਜ਼ ਗਤੀ ਨਾਲ ਚਲਾ ਰਿਹਾ ਸੀ। ਜਾਣਕਾਰੀ ਅਨੁਸਾਰ ਇਸ ਸੜਕ ਹਾਦਸੇ ਵਿੱਚ ਇਕ ਮੋਟਰਸਾਈਕਲ ਦੀ ਕਾਰ ਨਾਲ ਹੋਈ ਟੱਕਰ ਵਿੱਚ 20 ਸਾਲ ਦੇ ਅਰਜੁਨ ਗਿੱਲ ਦੀ ਮੌਤ ਹੋ ਗਈ।

ਪੁਲਿਸ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਮੁਤਾਬਿਕ ਮੋਟਰਸਾਈਕਲ ਸਵਾਰ ਨੌਜਵਾਨ ਲਾਲ ਬੱਤੀ 'ਤੇ ਰੁਕਣ ਵਿੱਚ ਅਸਫ਼ਲ ਰਿਹਾ ਅਤੇ ਕਾਰ ਨਾਲ ਟਕਰਾ ਗਿਆ ਜੋਕਿ ਖੱਬੇ ਮੁੜ ਰਹੀ ਸੀ। ਇਸ ਸੜਕ ਹਾਦਸੇ ਤੋਂ ਬਾਅਦ ਗਿੱਲ ਨੂੰ ਜ਼ਖਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਦੀ ਮੌਤ ਹੋ ਗਈ। 30 ਵਰ੍ਹਿਆਂ ਦੀ ਕਾਰ ਡਰਾਈਵਰ ਨੂੰ ਕੋਈ ਸੱਟ ਨਹੀਂ ਲੱਗੀ ਅਤੇ ਉਹ ਮੌਕੇ 'ਤੇ ਹੀ ਮੌਜੂਦ ਰਹੀ।

ਪੁਲਿਸ ਦਾ ਮੰਨਣਾ ਹੈ ਕਿ ਮੋਟਰਸਾਈਕਲ ਸਵਾਰ ਬਹੁਤ ਤੇਜ਼ ਸੀ ਜੋ ਕਿ ਟੱਕਰ ਦਾ ਇੱਕ ਕਾਰਨ ਸੀ। ਕੈਲਗਰੀ ਪੁਲਿਸ ਵੱਲੋਂ ਇਸ ਸੜਕ ਹਾਦਸੇ ਬਾਬਤ ਕੋਈ ਵੀ ਜਾਣਕਾਰੀ ਜਾਂ ਵੀਡੀਓ ਫੁਟੇਜ਼ ਹੋਣ 'ਤੇ ਪੁਲਿਸ ਨਾਲ 403-266-1234 ਰਾਹੀਂ ਸੰਪਰਕ ਕਰਨ ਦੀ ਅਪੀਲ ਕੀਤੀ ਗਈ ਹੈ।

# ਪੰਜਾਬ 'ਚ ਹੜ੍ਹ ਦੀ ਮਾਰ, 3 ਲੋਕਾਂ ਦੀ ਮੌਤ, ਪਰਿਵਾਰ ਦੇ 4 ਲੋਕ ਹੋਏ ਲਾਪਤਾ



ਪੰਜਾਬ ਦੇ 7 ਜ਼ਿਲ੍ਹੇ ਮੀਂਹ ਅਤੇ ਡੈਮਾਂ ਤੋਂ ਲਗਾਤਾਰ ਪਾਣੀ ਛੱਡਣ ਕਾਰਨ ਹੜ੍ਹਾਂ ਦਾ ਸਾਹਮਣਾ ਕਰ ਰਹੇ ਹਨ। ਮਾਧੋਪੁਰ ਵਿਚ 2 ਅਤੇ ਗੁਰਦਾਸਪੁਰ ਵਿੱਚ 1 ਵਿਅਕਤੀ ਦੀ ਪਾਣੀ ਵਿੱਚ ਡੁੱਬਣ ਕਾਰਨ ਮੌਤ ਹੋ ਗਈ। ਪਠਾਨਕੋਟ ਵਿੱਚ ਗੁੱਜਰ ਪਰਿਵਾਰ ਦੇ 4 ਲੋਕ ਲਾਪਤਾ ਹਨ।

ਸਭ ਤੋਂ ਮਾੜੀ ਸਥਿਤੀ ਪਠਾਨਕੋਟ, ਗੁਰਦਾਸਪੁਰ, ਤਰਨਤਾਰਨ, ਹੁਸ਼ਿਆਰਪੁਰ, ਕਪੂਰਥਲਾ, ਫਿਰੋਜ਼ਪੁਰ ਅਤੇ ਫਾਜ਼ਿਲਕਾ ਵਿੱਚ ਹੈ। ਇੱਥੋਂ ਦੇ 150 ਤੋਂ ਵੱਧ ਪਿੰਡ ਹੜ੍ਹਾਂ ਤੋਂ ਪ੍ਰਭਾਵਿਤ ਹੋਏ ਹਨ। ਕਈ ਇਲਾਕਿਆਂ ਵਿੱਚ 5 ਤੋਂ 7 ਫੁੱਟ ਪਾਣੀ ਹੈ।

ਫ਼ਿਰੋਜ਼ਪੁਰ ਵਿੱਚ 2000 ਤੋਂ ਵੱਧ ਲੋਕਾਂ ਨੂੰ ਬਚਾਇਆ ਗਿਆ ਅਤੇ ਰਾਹਤ ਕੈਂਪਾਂ ਵਿੱਚ ਲਿਜਾਇਆ ਗਿਆ। ਫ਼ੌਜ, ਐਨਡੀਆਰਐਫ਼, ਪੁਲਿਸ ਅਤੇ ਹੋਰ ਏਜੰਸੀਆਂ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਲੱਗੀਆਂ ਹੋਈਆਂ ਹਨ। ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਜ਼ਮੀਨੀ ਅਤੇ ਜਲ ਵਾਹਨ ਤਾਇਨਾਤ ਕੀਤੇ ਗਏ ਹਨ। ਅੰਮ੍ਰਿਤਸਰ ਦੇ ਅਜਨਾਲਾ ਵਿਚ ਹੜ੍ਹ ਪ੍ਰਭਾਵਿਤ ਪਿੰਡਾਂ ਦੀ ਗਿਣਤੀ 15 ਤੋਂ ਵੱਧ ਕੇ 25 ਹੋ ਗਈ ਹੈ। ਇੱਥੇ ਬਚਾਅ ਕਾਰਜ ਚੱਲ ਰਹੇ ਹਨ। ਰਾਵੀ ਦੇ ਪਾਣੀ ਦੇ ਪੱਧਰ ਵਿੱਚ ਲਗਾਤਾਰ ਵਾਧਾ ਹੋਣ ਕਾਰਨ ਅੰਮ੍ਰਿਤਸਰ ਦੇ ਕੁਝ ਪਿੰਡਾਂ ਨੂੰ ਖਾਲੀ ਕਰਵਾ ਲਿਆ ਗਿਆ ਹੈ।

# ਅਜਨਾਲਾ ਖੇਤਰ 'ਚ ਹੜ੍ਹ 'ਚ ਘਿਰੇ ਲੋਕਾਂ ਦੀ ਮਦਦ ਲਈ ਬਹੁੜੀ ਫੌਜ; 40 ਪਿੰਡ ਪਾਣੀ 'ਚ ਘਿਰੇ

ਰਾਵੀ ਦਰਿਆ ਵਿੱਚ ਆਏ ਹੜ੍ਹ ਕਾਰਨ ਅਜਨਾਲਾ ਖੇਤਰ ਵਿੱਚ ਲੋਕਾਂ ਦੀ ਮਦਦ ਲਈ ਫੌਜ ਪੁੱਜ ਗਈ ਹੈ। ਜ਼ਿਲ੍ਹਾ ਪ੍ਰਸ਼ਾਸਨ ਦੀ ਟੀਮ ਨੇ ਵੀ ਸਵੇਰੇ ਤੜਕੇ 4 ਵਜੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ ਹਨ। ਡਿਪਟੀ ਕਮਿਸ਼ਨਰ ਸ਼੍ਰੀਮਤੀ ਸਾਕਸ਼ੀ ਸਾਹਨੀ ਅਤੇ ਵਧੀਕ ਡਿਪਟੀ ਕਮਿਸ਼ਨਰ ਰੋਹਿਤ ਗੁਪਤਾ ਆਪਣੀਆਂ ਟੀਮਾਂ ਨਾਲ ਸਵੇਰੇ ਮੌਕੇ 'ਤੇ ਪੁੱਜ ਗਏ ਸਨ। ਰਮਦਾਸ ਜਿੱਥੋਂ ਕੱਲ੍ਹ ਤੱਕ ਗੱਡੀਆਂ ਦਾ ਕਾਫਲਾ ਅੱਗੇ ਜਾਂਦਾ ਸੀ, ਅੱਜ ਪਾਣੀ ਨੇ ਉੱਥੇ ਵੀ ਰਸਤਾ ਰੋਕ ਲਿਆ ਹੈ। ਉਥੋਂ ਹੁਣ ਟਰੈਕਟਰਾਂ ਉੱਤੇ ਜਵਾਨਾਂ ਨੂੰ ਤੋਰਿਆ ਗਿਆ ਤਾਂ ਜੋ ਲੋਕਾਂ ਨੂੰ ਘਰਾਂ ਵਿੱਚੋਂ ਕੱਢ ਕੇ ਸੁਰੱਖਿਅਤ ਸਥਾਨਾਂ ਉੱਤੇ ਪਹੁੰਚਾ ਸਕਣ।

ਇਸ ਦੌਰਾਨ ਫੌਜ ਦੇ ਜਵਾਨ ਵੀ ਅੱਜ ਸਵੇਰੇ ਤੜਕੇ ਪਹੁੰਚ ਚੁੱਕੇ ਹਨ। ਉਨ੍ਹਾਂ ਕੋਲ ਅਜਿਹੀਆਂ ਸਥਿਤੀਆਂ ਨਾਲ ਨਜਿੱਠਣ ਲਈ ਵਿਸ਼ੇਸ਼ ਟਰੇਨਿੰਗ ਹੈ। ਉਨ੍ਹਾਂ ਨੇ ਆਪਣੀਆਂ ਕਿਸ਼ਤੀਆਂ ਲਿਆਂਦੀਆਂ ਹਨ। ਫਿਲਹਾਲ ਪਾਣੀ ਵਿੱਚ ਘਿਰੇ ਲੋਕਾਂ ਨੂੰ ਸੁਰੱਖਿਤ ਸਥਾਨਾਂ ਉਤੇ ਲਿਆਉਣ ਦਾ ਕੰਮ ਚੱਲ ਰਿਹਾ ਹੈ। ਦੱਸਣਯੋਗ ਹੈ ਕਿ ਬੀਤੇ ਕੱਲ੍ਹ 27 ਅਗਸਤ ਦੀ ਸਵੇਰ ਧੁਸੀ ਬੰਨ੍ਹ ਤੋੜ ਕੇ ਪਾਣੀ ਆਬਾਦੀਆਂ ਵਾਲੇ ਪਾਸਿਆਂ ਨੂੰ ਵਧਿਆ ਸੀ ਤੇ ਰਮਦਾਸ ਖੇਤਰ ਦੇ ਲਗਪਗ 20 ਤੋਂ ਵੱਧ ਪਿੰਡ ਪਾਣੀ ਵਿੱਚ ਘਿਰ ਗਏ ਸਨ।

ਲੋਕਾਂ ਨੂੰ ਬਚਾਉਣ ਵਾਸਤੇ ਦੇਰ ਰਾਤ 11 ਵਜੇ ਤੱਕ ਬਚਾਅ ਕਾਰਜ ਚਲਦੇ ਰਹੇ ਹਨ। ਜਾਣਕਾਰੀ ਮੁਤਾਬਕ ਪਾਣੀ ਹੋਰ ਅੱਗੇ ਵੱਧ ਰਿਹਾ ਹੈ ਅਤੇ ਹੁਣ ਲਗਪਗ 40 ਪਿੰਡ ਜੋ ਕਿ ਕੱਲ੍ਹ ਨਾਲੋਂ ਦੋ ਗੁਣਾ ਹਨ ਪਾਣੀ ਵਿੱਚ ਘਿਰ ਗਏ ਹਨ। ਇਨ੍ਹਾਂ ਪਿੰਡਾਂ ਵਿੱਚੋਂ ਵੀ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਵਾਸਤੇ ਯਤਨ ਕੀਤੇ ਜਾ ਰਹੇ ਹਨ। ਵਧੇਰੇ ਪਿੰਡਾਂ ਵਿੱਚ ਜਿਨ੍ਹਾਂ ਲੋਕਾਂ ਦੇ ਦੋ ਮੰਜ਼ਿਲਾਂ ਘਰ ਹਨ ਉਹ ਉੱਪਰਲੀਆਂ ਮੰਜ਼ਲਾਂ 'ਤੇ ਚਲੇ ਗਏ ਹਨ।

ਰਾਵੀ ਦਰਿਆ ਵਿੱਚ ਆਏ ਹੜ੍ਹ ਦਾ ਪ੍ਰਭਾਵ ਹੁਣ ਰਮਦਾਸ ਅਜਨਾਲਾ ਤੋਂ ਬਾਅਦ ਲੋਪੋਕੇ ਚੋਗਾਵਾਂ ਖੇਤਰ ਵੱਲ ਨੂੰ ਵੱਧ ਰਿਹਾ ਹੈ। ਇਸ ਖੇਤਰ ਵਿੱਚ ਧੁਸੀਂ ਬੰਨ੍ਹ ਤੋਂ ਅਗਲੇ ਪਾਸੇ ਫਸਲਾਂ ਪਾਣੀ ਵਿੱਚ ਡੁੱਬ ਗਈਆਂ ਹਨ ਅਤੇ ਬੀਐੱਸਐੱਫ ਦੀਆਂ ਅਗਲੇਰੀਆਂ ਚੌਕੀਆਂ ਵੀ ਪਾਣੀ ਵਿੱਚ ਘਿਰ ਗਈਆਂ ਹਨ। ਜਿਨ੍ਹਾਂ ਪਿੰਡਾਂ ਵਿੱਚ ਪਾਣੀ ਦਾ ਪੱਧਰ ਅਜੇ ਘੱਟ ਹੈ, ਉਥੇ ਬਚਾਅ ਕਾਰਜ ਵਿੱਚ ਲੱਗੀਆਂ ਟੀਮਾਂ ਵੱਲੋਂ ਲੋਕਾਂ ਨੂੰ ਆਪਣੇ ਘਰਾਂ ਵਿੱਚੋਂ ਬਾਹਰ ਆਉਣ ਦੀ ਅਪੀਲ ਕੀਤੀ ਜਾ ਰਹੀ ਹੈ ਤਾਂ ਜੋ ਉਨ੍ਹਾਂ ਨੂੰ ਸੁਰੱਖਿਅਤ ਬਾਹਰ ਲਿਆਂਦਾ ਜਾ ਸਕੇ। ਇਨ੍ਹਾਂ ਟੀਮਾਂ ਵੱਲੋਂ ਲੋਕਾਂ ਨੂੰ ਸਪੀਕਰ ਰਾਹੀਂ ਮੁਨਿਆਦੀ ਕਰਕੇ ਜਾਣਕਾਰੀ ਦਿੱਤੀ ਜਾ ਰਹੀ ਹੈ ਕਿ ਪਾਣੀ ਤੇਜ਼ੀ ਨਾਲ ਵੱਧ ਰਿਹਾ ਹੈ।

ਇਸ ਵੇਲੇ ਹੜ੍ਹ ਦੇ ਪਾਣੀ ਦੇ ਪ੍ਰਭਾਵ ਹੇਠ ਆਏ 40 ਤੋਂ ਵੱਧ ਪਿੰਡਾਂ ਵਿੱਚ ਘੋਨੇਵਾਲ, ਮਾਛੀਵਾਲ, ਮੰਗੂ ਨਾਰੂ, ਸ਼ਹਿਜ਼ਾਦਾ ਜੱਟਾਂ, ਕੋਟਿ ਗੁਰਬਖਸ਼ ,ਪਛੀਆਂ , ਨਿਸੋਕੇ ਸਿੰਘੋ ਕੇ, ਮੁਹੰਮਦ, ਮੁੰਦਰਾਂ ਵਾਲਾ, ਘੱਗਰ, ਧਰਮਾ ਬਾਦ, ਰਮਦਾਸ, ਸ਼ਾਮਪੁਰਾ, ਕੋਟਲੀ ਸ਼ਾਹ ਹਬੀਬ ,ਨੰਗਲ ਸੋਹਲ, ਰੂੜੇਵਾਲ, ਖਟੜਾ, ਪੰਡੋਰੀ ਥੰਗਈ, ਮਲਕਪੁਰ, ਲੰਗਰਪੁਰ, ਦੂਜੋਵਾਲ, ਬੇਦੀ ਛੰਨਾ, ਕੋਟ ਰਜਾਦਾ, ਸੂਫੀਆਂ, ਸਮਰਾਈ, ਚਾਹੜਪੁਰ , ਭਦਲ, ਗਾਲਿਬ ,ਦਰਿਆਏ ਮਨਸੂਰ, ਨੰਗਲ ਅੰਬ, ਬੱਲ ਲਬੇ ਦਰਿਆ, ਕਮੀਰਪੁਰ ,ਭੈਣੀ ਗਿੱਲ, ਚੱਕ ਵਾਲਾ, ਜਗਦੇਵ ਖੁਰਦ, ਸਾਹੋਵਾਲ, ਢਾਈ ਸਿੰਘਪੁਰਾ, ਬਾਜਵਾ ਤੇ ਹੋਰ ਸ਼ਾਮਲ ਹਨ। ਸਾਬਕਾ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਪਿਛਲੇ ਕਈ ਦਿਨਾਂ ਤੋਂ ਰਾਤ ਦਿਨ ਹਲਕੇ ਦੇ ਲੋਕਾਂ ਦੇ ਬਚਾਅ ਕਾਰਜਾਂ ਵਿਚ ਲੱਗੇ ਹੋਏ ਹਨ ਅਤੇ ਅੱਜ ਤੜਕੇ ਉਹ ਵੀ ਪਹੁੰਚ ਗਏ ਸਨ।

# ਪੇਜ ਇੱਕ ਦੀ ਬਾਕੀ

## ਜੰਮੂ: ਰਿਕਾਰਡ ਮੀਂਹ...

ਮਾਤਾ ਵੈਸ਼ਨੋ ਦੇਵੀ ਮਾਰਗ 'ਤੇ ਵਾਪਰੀ ਘਟਨਾ 'ਚ ਹੋਈਆਂ ਮੌਤਾਂ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਮਰ ਅਬਦੁੱਲ੍ਹਾ ਨੇ ਅੱਜ ਜੰਮੂ 'ਚ ਘਟਨਾ ਸਥਾਨ ਦਾ ਦੌਰਾ ਕਰਕੇ ਉੱਥੇ ਚੱਲ ਰਹੇ ਬਚਾਅ ਤੇ ਰਾਹਤ ਕਾਰਜਾਂ ਦੀ ਸਮੀਖਿਆ ਵੀ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਮਾਤਾ ਵੈਸ਼ਨੋ ਦੇਵੀ 'ਚ ਢਿੱਗਾਂ ਡਿੱਗਣ ਦੀ ਘਟਨਾ ਮਗਰੋਂ ਬਚਾਅ ਕਰਮੀਆਂ ਵੱਲੋਂ ਮਲਬੇ ਹੇਠੋਂ ਹੋਰ ਲਾਸ਼ਾਂ ਕੱਢੇ ਜਾਣ ਤੋਂ ਬਾਅਦ ਹਾਦਸੇ 'ਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 34 ਹੋ ਗਈ ਹੈ। ਇਸ ਘਟਨਾ 'ਚ ਕਈ ਵਿਅਕਤੀ ਜ਼ਖ਼ਮੀ ਹੋਏ ਹਨ ਜਿਨ੍ਹਾਂ ਦਾ ਵੱਖ ਵੱਖ ਹਸਪਤਾਲਾਂ 'ਚ ਇਲਾਜ ਚੱਲ ਰਿਹਾ ਹੈ। ਅਧਿਕਾਰੀਆਂ ਨੇ ਮਲਬੇ ਹੇਠ ਹੋਰ ਲੋਕਾਂ ਦੇ ਦਬੇ ਹੋਣ ਦਾ ਖਦਸ਼ਾ ਜ਼ਾਹਿਰ ਕੀਤਾ ਹੈ। ਮਾਤਾ ਵੈਸ਼ਨੋ ਦੇਵੀ ਦੀ ਯਾਤਰਾ ਆਰਜ਼ੀ ਤੌਰ 'ਤੇ ਮੁਅੱਤਲ ਕਰ ਦਿੱਤੀ ਗਈ ਹੈ। ਇਸੇ ਦੌਰਾਨ ਜੰਮੂ ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਨੇ ਹਸਪਤਾਲ 'ਚ ਦਾਖਲ ਜ਼ਖ਼ਮੀਆਂ ਨਾਲ ਮੁਲਾਕਾਤ ਕੀਤੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਗੱਲ ਕਰਕੇ ਉਨ੍ਹਾਂ ਨੂੰ ਹਾਲਾਤ ਬਾਰੇ ਜਾਣਕਾਰੀ ਦਿੱਤੀ। ਮੁੱਖ ਮੰਤਰੀ ਉਮਰ ਅਬਦੁੱਲ੍ਹਾ ਨੇ ਵੀ ਪ੍ਰਧਾਨ ਮੰਤਰੀ ਮੋਦੀ ਨੂੰ ਹਾਲਾਤ ਬਾਰੇ ਜਾਣਕਾਰੀ ਦਿੱਤੀ ਹੈ। ਕਸ਼ਮੀਰ ਘਾਟੀ 'ਚ ਵੀ ਰਾਤ ਭਰ ਭਾਰੀ ਮੀਂਹ ਪੈਣ ਕਾਰਨ ਜੇਹਲਮ ਦਰਿਆ ਖਤਰੇ ਦੇ ਨਿਸ਼ਾਨ ਨੂੰ ਪਾਰ ਕਰ ਗਿਆ ਹੈ ਜਦਕਿ ਜੰਮੂ ਖਿੱਤੇ 'ਚ ਤਵੀ, ਚਨਾਬ, ਉਝ, ਰਾਵੀ ਤੇ ਬਸੰਤਰ ਦਰਿਆ ਸਮੇਤ ਤਕਰੀਬਨ ਸਾਰੇ ਦਰਿਆਵਾਂ 'ਚ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ ਤੋਂ ਕਈ ਫੁੱਟ ਉੱਪਰ ਹੈ। ਖੇਤਰ 'ਚ ਕਈ ਪੁਲਾਂ, ਘਰਾਂ ਤੇ ਕਾਰੋਬਾਰੀ ਅਦਾਰਿਆਂ ਸਮੇਤ ਜਨਤਕ ਬੁਨਿਆਦੀ ਢਾਂਚੇ ਨੂੰ ਭਾਰੀ ਨੁਕਸਾਨ ਪੁੱਜਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਜੰਮੂ ਕਸ਼ਮੀਰ ਦੇ ਹੜ੍ਹ ਦੀ ਮਾਰ ਹੇਠ ਆਏ ਇਲਾਕਿਆਂ 'ਚੋਂ 10 ਹਜ਼ਾਰ ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਕੱਢਿਆ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਜੰਮੂ ਖਿੱਤੇ 'ਚ ਸਕੂਲ ਲੰਘੇ ਸੋਮਵਾਰ ਤੋਂ ਬੰਦ ਹਨ ਜਦਕਿ ਕਸ਼ਮੀਰ ਦੇ ਛੇ ਜ਼ਿਲ੍ਹਿਆਂ 'ਚ ਸਿੱਖਿਆ ਸੰਸਥਾਵਾਂ ਵੀ ਬੰਦ ਕਰ ਦਿੱਤੀਆਂ ਗਈਆਂ ਹਨ। ਉੱਧਰ ਉੱਤਰ ਰੇਲਵੇ ਨੇ ਦੱਸਿਆ ਕਿ ਭਾਰੀ ਮੀਂਹ ਕਾਰਨ ਜੰਮੂ ਤੇ ਕਟੜਾ ਸਟੇਸ਼ਨਾਂ ਤੋਂ ਆਉਣ-ਜਾਣ ਵਾਲੀਆਂ 58 ਰੇਲ ਗੱਡੀਆਂ ਰੱਦ ਕਰ ਦਿੱਤੀਆਂ ਗਈਆਂ ਹਨ ਜਦਕਿ 64 ਰੇਲ ਗੱਡੀਆਂ ਵੱਖ ਵੱਖ ਸਟੇਸ਼ਨਾਂ 'ਤੇ ਰੋਕ ਦਿੱਤੀਆਂ ਗਈਆਂ ਹਨ।

ਇਸੇ ਦੌਰਾਨ ਮੌਸਮ ਵਿਭਾਗ ਨੇ ਦੱਸਿਆ ਕਿ ਜੰਮੂ ਕਸ਼ਮੀਰ 'ਚ ਅੱਜ ਮੀਂਹ ਦੇ ਨਵੇਂ ਰਿਕਾਰਡ ਬਣੇ ਹਨ। ਜੰਮੂ ਸਵੇਰੇ 8.30 ਵਜੇ ਤੱਕ ਪਿਛਲੇ 24 ਘੰਟਿਆਂ ਅੰਦਰ 380 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ ਜੋ 1910 ਮਗਰੋਂ 24 ਘੰਟਿਆਂ ਅੰਦਰ ਪਿਆ ਸਭ ਤੋਂ ਵੱਧ ਮੀਂਹ ਹੈ ਜਦਕਿ ਊਧਮਪੁਰ 'ਚ 629.4 ਮਿਲੀਮੀਟਰ ਮੀਂਹ ਪਿਆ ਹੈ।

## ਹਿਮਾਚਲ 'ਚ ਤਬਾਹੀ...

ਨਹੀਂ ਕਰ ਸਕਿਆ ਹੈ। ਚੰਬਾ, ਕੁੱਲੂ ਅਤੇ ਲਾਹੌਲ ਸਪਿਤੀ ਵਿੱਚ 2 ਹਜ਼ਾਰ ਤੋਂ ਵੱਧ ਸੈਲਾਨੀ ਅਤੇ ਮਨੀ ਮਹੇਸ਼ ਸ਼ਰਧਾਲੂ ਵੱਖ-ਵੱਖ ਥਾਵਾਂ 'ਤੇ ਫਸੇ ਹੋਏ ਹਨ। ਸੜਕਾਂ ਬਹਾਲ ਹੋਣ ਤੋਂ ਬਾਅਦ ਵੀ ਸੈਲਾਨੀ ਅਤੇ ਆਮ ਲੋਕ ਆਪਣੇ ਘਰਾਂ ਨੂੰ ਜਾ ਸਕਣਗੇ।

ਡਲਹੌਜ਼ੀ ਦੇ ਵਿਧਾਇਕ ਦੇ ਅਨੁਸਾਰ, ਇਕੱਲੇ ਉਨ੍ਹਾਂ ਦੇ ਹਲਕੇ ਵਿੱਚ ਬੱਦਲ ਫਟਣ ਕਾਰਨ 50 ਤੋਂ ਵੱਧ ਘਰਾਂ ਨੂੰ ਨੁਕਸਾਨ ਪਹੁੰਚਿਆ ਹੈ। ਭਰਮੌਰ ਅਤੇ ਚੰਬਾ ਵਿਧਾਨ ਸਭਾ ਹਲਕਿਆਂ ਵਿੱਚ ਭਾਰੀ ਮੀਂਹ ਨੇ ਜਨਜੀਵਨ ਪ੍ਰਭਾਵਿਤ ਕਰ ਦਿੱਤਾ ਹੈ। ਇਸ ਦੇ ਮੱਦੇਨਜ਼ਰ, ਕੁੱਲੂ ਜ਼ਿਲ੍ਹੇ ਦੇ ਬੰਜਾਰ ਅਤੇ ਮਨਾਲੀ ਉਪ-ਮੰਡਲਾਂ ਅਤੇ ਕੁੱਲੂ ਜ਼ਿਲ੍ਹੇ ਵਿੱਚ ਅੱਜ ਸਕੂਲ ਬੰਦ ਕਰ ਦਿੱਤੇ ਗਏ ਹਨ।

ਇਸ ਦੌਰਾਨ, ਮੌਸਮ ਵਿਭਾਗ ਨੇ ਅੱਜ 5 ਜ਼ਿਲ੍ਹਿਆਂ ਊਨਾ, ਹਮੀਰਪੁਰ, ਮੰਡੀ, ਸ਼ਿਮਲਾ ਅਤੇ ਸਿਰਮੌਰ ਵਿੱਚ ਮੀਂਹ ਲਈ ਯੈਲੋ ਅਲਰਟ ਜਾਰੀ ਕੀਤਾ ਹੈ। ਇਨ੍ਹਾਂ ਜ਼ਿਲ੍ਹਿਆਂ ਤੋਂ ਇਲਾਵਾ, ਕੱਲ੍ਹ ਕਾਂਗੜਾ ਅਤੇ ਬਿਲਾਸਪੁਰ ਵਿੱਚ ਵੀ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਹਿਮਾਚਲ ਪ੍ਰਦੇਸ਼ ਵਿਚ ਲਗਾਤਾਰ ਮੀਂਹ ਅਤੇ ਹੜ੍ਹਾਂ ਕਾਰਨ ਰਾਜ ਦੇ ਬੁਨਿਆਦੀ ਢਾਂਚੇ ਨੂੰ ਬਹੁਤ ਨੁਕਸਾਨ ਹੋਇਆ ਹੈ। ਲਗਭਗ 1400 ਕਰੋੜ ਰੁਪਏ ਦੀਆਂ ਸੜਕਾਂ, ਪੁਲਾਂ ਆਦਿ ਨੂੰ ਨੁਕਸਾਨ ਪਹੁੰਚਿਆ ਹੈ।

ਹੁਣ ਤੱਕ ਸੂਬੇ ਵਿੱਚ 310 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਸ ਦੇ ਨਾਲ ਹੀ 369 ਲੋਕ ਜ਼ਖ਼ਮੀ ਹਨ ਅਤੇ 38 ਲਾਪਤਾ ਹਨ। 1240 ਤੋਂ ਵੱਧ ਘਰਾਂ ਨੂੰ ਨੁਕਸਾਨ ਪਹੁੰਚਿਆ ਹੈ। ਇਨ੍ਹਾਂ ਵਿੱਚੋਂ 331 ਘਰ ਪੂਰੀ ਤਰ੍ਹਾਂ ਤਬਾਹ ਹੋ ਗਏ ਹਨ।

## ਪਾਕਿਸਤਾਨ: ਗੁਰਦੁਆਰਾ...

ਗੁਰੂ ਗ੍ਰੰਥ ਸਾਹਿਬ ਦਾ ਪਵਿੱਤਰ ਸਰੂਪ ਅਤੇ ਸੇਵਾਦਾਰ ਸੁਰੱਖਿਅਤ ਹਨ, ਜਿਨ੍ਹਾਂ ਨੂੰ ਉੱਪਰਲੀ ਮੰਜ਼ਿਲ 'ਤੇ ਰੱਖਿਆ ਗਿਆ ਹੈ। ਨਾਰੋਵਾਲ ਦੇ ਡਿਪਟੀ ਕਮਿਸ਼ਨਰ ਹਸਨ ਰਜ਼ਾ ਅਨੁਸਾਰ ਭਾਰਤ ਵੱਲੋਂ ਰਾਵੀ ਵਿੱਚ ਪਾਣੀ ਛੱਡਣ ਤੋਂ ਬਾਅਦ ਹੜ੍ਹ ਪ੍ਰਭਾਵਿਤ ਇਲਾਕਿਆਂ ਤੋਂ ਸੈਂਕੜੇ ਵਸਨੀਕਾਂ ਨੂੰ ਬਾਹਰ ਕੱਢਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ਕਰਗੜ੍ਹ ਤਹਿਸੀਲ ਦੇ ਕੋਟ ਨੈਨ ਵਿੱਚ ਰਾਵੀ 'ਚ ਪਾਣੀ ਦਾ ਪੱਧਰ 1,55,000 ਕਿਊਸਿਕ ਤੱਕ ਪਹੁੰਚ ਗਿਆ ਹੈ, ਜਦਕਿ ਇਸ ਦੀ ਸਮਰੱਥਾ 1,50,000 ਕਿਊਸਿਕ ਹੈ। ਐਤਵਾਰ ਨੂੰ ਭਾਰਤ ਨੇ ਕੂਟਨੀਤਕ ਚੈਨਲਾਂ ਰਾਹੀਂ ਪਾਕਿਸਤਾਨ ਨੂੰ ਹੜ੍ਹਾਂ ਦੀ ਚਿਤਾਵਨੀ ਦਿੱਤੀ ਸੀ। ਅਧਿਕਾਰੀਆਂ ਨੇ ਕਿਹਾ ਕਿ ਹਜ਼ਾਰਾਂ ਏਕੜ ਖੇਤੀਬਾੜੀ ਜ਼ਮੀਨ ਡੁੱਬ ਗਈ ਹੈ, ਜਿਸ ਨਾਲ ਝੋਨੇ ਦੀ ਫਸਲ ਅਤੇ ਪਸ਼ੂਆਂ ਦੇ ਚਾਰੇ ਨੂੰ ਨੁਕਸਾਨ ਪਹੁੰਚਿਆ ਹੈ। ਰਜ਼ਾ ਨੇ ਕਿਹਾ ਕਿ ਪਿਛਲੇ 24 ਘੰਟਿਆਂ ਵਿੱਚ ਭਾਰੀ ਮੀਂਹ ਨੇ ਹਾਲਾਤ ਹੋਰ ਵਿਗਾੜ ਦਿੱਤੇ ਹਨ, ਜਿਸ ਨਾਲ ਪਿੰਡ ਅਤੇ ਫਸਲਾਂ ਡੁੱਬ ਗਈਆਂ ਹਨ ਅਤੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਮਜਬੂਰ ਹੋਣਾ ਪਿਆ ਹੈ। ਮੰਗਲਵਾਰ ਤੱਕ ਲਹਿੰਦੇ ਪੰਜਾਬ ਵਿੱਚ ਲਗਪਗ ਦੋ ਲੱਖ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜਿਆ ਜਾ ਚੁੱਕਾ ਹੈ।

### ਭਾਰਤ ਵੱਲੋਂ ਪਾਕਿਸਤਾਨ ਨੂੰ ਹੜ੍ਹਾਂ ਦੇ ਖਤਰੇ ਦੀ ਨਵੀਂ ਚਿਤਾਵਨੀ ਜਾਰੀ

ਨਵੀਂ ਦਿੱਲੀ: ਭਾਰਤ ਨੇ ਤਵੀ ਦਰਿਆ ਵਿੱਚ ਹੜ੍ਹ ਦੀ 'ਕਾਫੀ ਜ਼ਿਆਦਾ ਸੰਭਾਵਨਾ' ਨੂੰ ਲੈ ਕੇ ਪਾਕਿਸਤਾਨ ਨੂੰ ਨਵੇਂ ਅਲਰਟ ਜਾਰੀ ਕੀਤੇ ਹਨ। ਉਧਰ, ਉੱਤਰੀ ਸੂਬਿਆਂ ਵਿੱਚ ਲਗਾਤਾਰ ਮੀਂਹ ਕਾਰਨ ਪ੍ਰਮੁੱਖ ਡੈਮਾਂ ਤੋਂ ਵਾਧੂ ਪਾਣੀ ਛੱਡਣਾ ਪੈ ਰਿਹਾ ਹੈ। ਸੂਤਰਾਂ ਨੇ ਦੱਸਿਆ ਕਿ ਵਿਦੇਸ਼ ਮੰਤਰਾਲੇ ਰਾਹੀਂ ਇਸਲਾਮਾਬਾਦ ਭੇਜੇ ਗਏ ਇਹ ਅਲਰਟ 'ਮਨੁੱਖੀ ਆਧਾਰ' ਉੱਤੇ ਜਾਰੀ ਕੀਤੇ ਗਏ ਹਨ। ਪਹਿਲਾ ਅਲਰਟ ਸੋਮਵਾਰ ਨੂੰ ਜਾਰੀ ਕੀਤਾ ਗਿਆ ਸੀ। ਇਕ ਸੂਤਰ ਨੇ ਦੱਸਿਆ, ''ਅਸੀਂ ਕੱਲ੍ਹ (ਮੰਗਲਵਾਰ) ਅਤੇ ਅੱਜ (ਬੁੱਧਵਾਰ) ਤਵੀ ਦਰਿਆ ਵਿੱਚ ਹੜ੍ਹ ਆਉਣ ਦੀ ਕਾਫੀ ਜ਼ਿਆਦਾ ਸੰਭਾਵਨਾ ਦੇ ਮੱਦੇਨਜ਼ਰ ਇਕ ਹੋਰ ਅਲਰਟ ਜਾਰੀ ਕੀਤਾ। ਭਾਰਤੀ ਖੇਤਰਾਂ ਵਿੱਚ ਹੋ ਰਹੀ ਕਾਫੀ ਜ਼ਿਆਦਾ ਬਾਰਿਸ਼ ਕਾਰਨ ਕੁਝ ਡੈਮਾਂ ਦੇ ਫਾਟਕ ਖੋਲ੍ਹਣੇ ਪਏ।'' ਤਵੀ ਦਰਿਆ ਹਿਮਾਲਿਆ ਤੋਂ ਨਿਕਲਦਾ ਹੈ ਅਤੇ ਪਾਕਿਸਤਾਨ ਵਿੱਚ ਚਨਾਬ ਦਰਿਆ ਵਿੱਚ ਮਿਲਣ ਤੋਂ ਪਹਿਲਾਂ ਜੰਮੂ ਡਿਵੀਜ਼ਨ ਤੋਂ ਹੋ ਕੇ ਲੰਘਦਾ ਹੈ।

## ਪਾਲਘਰ 'ਚ ਇਮਾਰਤ...

ਰਾਤ 12:05 ਵਜੇ ਵਿਰਾਰ ਇਲਾਕੇ ਦੇ ਵਿਜੇ ਨਗਰ ਵਿੱਚ ਇੱਕ ਖਾਲੀ ਪਏ ਮਕਾਨ ਉੱਤੇ ਡਿੱਗ ਗਈ। ਚਸ਼ਮਦੀਦਾਂ ਅਨੁਸਾਰ, ਚੌਥੀ ਮੰਜ਼ਿਲ ਉੱਤੇ ਇੱਕ ਸਾਲ ਦੀ ਬੱਚੀ ਦਾ ਜਨਮਦਿਨ ਮਨਾਇਆ ਜਾ ਰਿਹਾ ਸੀ, ਤਾਂ ਹੀ ਇਮਾਰਤ ਦੇ ਇੱਕ ਹਿੱਸੇ ਵਿੱਚ 12 ਫਲੈਟ ਡਿੱਗ ਗਏ, ਜਿਸ ਨਾਲ ਫਲੈਟ ਵਿੱਚ ਰਹਿਣ ਵਾਲੇ ਲੋਕ ਅਤੇ ਮਹਿਮਾਨ ਮਲਬੇ ਵਿੱਚ ਦੱਬ ਗਏ।

ਪਾਲਘਰ ਦੀ ਜ਼ਿਲ੍ਹਾ ਮੈਜਿਸਟਰੇਟ ਡਾ. ਇੰਦੂ ਰਾਣੀ ਜਾਖੜ ਨੇ ਵੀਰਵਾਰ ਸਵੇਰੇ ਪੁਸ਼ਟੀ ਕੀਤੀ ਕਿ ਇਸ ਘਟਨਾ ਵਿੱਚ ਮਰਨ ਵਾਲਿਆਂ ਦੀ ਗਿਣਤੀ 15 ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਐੱਨਡੀਆਰਐੱਫ ਅਤੇ ਹੋਰ ਬਚਾਅ ਟੀਮਾਂ ਇਹ ਯਕੀਨੀ ਬਣਾਉਣ ਲਈ ਮਲਬਾ ਹਟਾਉਣ ਦਾ ਕੰਮ ਜਾਰੀ ਰੱਖਣਗੀਆਂ ਕਿ ਮਲਬੇ ਵਿੱਚ ਕੋਈ ਹੋਰ ਵਿਅਕਤੀ ਤਾਂ ਨਹੀਂ ਫਸਿਆ ਹੈ।

## ਕੈਨੇਡਾ ਨੇ ਭਾਰਤੀ...

ਉੱਥੇ ਹੀ ਕੁੱਲ ਮਿਲਾ ਕੇ ਕੈਨੇਡਾ ਵਲੋਂ ਜਾਰੀ ਸਾਰੇ ਸਟੱਡੀ ਪਰਮਿਟਾਂ ਦੀ ਗਿਣਤੀ 245,055 ਤੋਂ ਘੱਟ ਕੇ 149,860 ਹੋ ਗਈ। ਯਾਨੀ ਲਗਪਗ ਇਕ ਲੱਖ ਦੀ ਕਮੀ। ਮਾਹਿਰਾਂ ਦੇ ਮੁਤਾਬਕ, ਇਹ ਗਿਰਾਵਟ ਕੈਨੇਡਾ ਦੀਆਂ ਸਖਤ ਨੀਤੀਆਂ ਦਾ ਨਤੀਜਾ ਹੈ।

ਕੈਨੇਡਾ ਸਰਕਾਰ ਦੀ ਨਵੀਂ ਪਾਲਿਸੀ ਦੇ 2025 'ਚ ਸਟਡੀ ਪਰਮਿਟ ਦੀ ਵੱਧ ਤੋਂ ਵੱਧ ਹੱਦ 4,37,000 ਤੈਅ ਕੀਤੀ ਗਈ ਹੈ, ਜਿਹੜੀ 2024 ਦੇ ਟੀਚੇ 4,85,000 ਤੋਂ ਘੱਟ ਹੈ। ਇਹ ਨਵੀਂ ਹੱਦ 2026 'ਤੇ ਵੀ ਲਾਗੂ ਹੋਵੇਗੀ। ਜਨਵਰੀ 2024 ਤੋਂ ਨਵੇਂ ਨਿਯਮਾਂ ਦੇ ਤਹਿਤ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਜ਼ਿਆਦਾ ਵਿੱਤੀ ਵਸੀਲਿਆਂ ਦਾ ਸਬੂਤ ਦੇਣਾ ਪਵੇਗਾ, ਜਿਸ ਨਾਲ ਅਰਜ਼ੀਆਂ ਔਖੀਆਂ ਹੋ ਗਈਆਂ ਹਨ। ਜਦਕਿ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਟਰੈਂਡ ਆਉਣ ਵਾਲੇ ਮਹੀਨਿਆਂ 'ਚ ਵੀ ਜਾਰੀ ਰਹਿ ਸਕਦਾ ਹੈ, ਜਿਸ ਨਾਲ ਕੈਨੇਡਾ 'ਚ ਭਾਰਤੀ ਵਿਦਿਆਰਥੀਆਂ ਦਾ ਦਾਖਲਾ ਹੋਰ ਪ੍ਰਭਾਵਿਤ ਹੋ ਸਕਦਾ ਹੈ।

## ਟਰੰਪ ਦਾ ਵੱਡਾ ਐਕਸ਼ਨ...

ਝੰਡਾ ਸਾੜਨਾ ਪ੍ਰਗਟਾਵੇ ਦੀ ਆਜ਼ਾਦੀ ਦੇ ਅਧੀਨ ਆਉਂਦਾ ਹੈ, ਪਰ ਟਰੰਪ ਨੇ ਅਟਾਰਨੀ ਜਨਰਲ ਪੈਮ ਬੌਂਡੀ ਨੂੰ ਇੱਕ ਅਜਿਹਾ ਕੇਸ ਲੱਭਣ ਲਈ ਕਿਹਾ ਹੈ ਜੋ ਇਸ ਫੈਸਲੇ ਨੂੰ ਚੁਣੌਤੀ ਦੇ ਸਕੇ। ਵ੍ਹਾਈਟ ਹਾਊਸ ਦੇ ਇੱਕ ਅਧਿਕਾਰੀ ਦੇ ਅਨੁਸਾਰ, 2 ਮਹੀਨੇ ਪਹਿਲਾਂ ਲਾਸ ਏਂਜਲਸ ਵਿੱਚ, ਪ੍ਰਦਰਸ਼ਨਕਾਰੀਆਂ ਨੇ ਅਮਰੀਕੀ ਝੰਡੇ ਸਾੜੇ ਸਨ ਅਤੇ ਮੈਕਸੀਕਨ ਝੰਡੇ ਲਹਿਰਾਏ ਸਨ, ਜਿਸ ਨਾਲ ਟਰੰਪ ਨਾਰਾਜ਼ ਸਨ। ਅਮਰੀਕਾ ਵਿੱਚ ਕੈਸ਼ਲੈੱਸ ਜ਼ਮਾਨਤ ਦੇ ਤਹਿਤ, ਜੱਜ ਮੁਲਜ਼ਮਾਂ ਨੂੰ ਬਿਨਾਂ ਕੋਈ ਪੈਸਾ ਜਮ੍ਹਾ ਕੀਤੇ ਰਿਹਾਅ ਕਰ ਸਕਦੇ ਹਨ। ਟਰੰਪ ਨੇ ਇਸ ਪ੍ਰਣਾਲੀ ਨੂੰ ਬਹੁਤ ਲਚਕਦਾਰ ਦੱਸਿਆ ਅਤੇ ਇਸਨੂੰ ਖਤਮ ਕਰਨ ਦਾ ਹੁਕਮ ਦਿੱਤਾ। ਉਨ੍ਹਾਂ ਨੇ ਪੈਮ ਬੌਂਡੀ ਨੂੰ ਉਨ੍ਹਾਂ ਰਾਜਾਂ ਅਤੇ ਸ਼ਹਿਰਾਂ ਦੀ ਪਛਾਣ ਕਰਨ ਲਈ ਕਿਹਾ ਹੈ ਜਿੱਥੇ ਕੈਸ਼ਲੈੱਸ ਜ਼ਮਾਨਤ ਲਾਗੂ ਹੈ। ਕੇਂਦਰੀ ਫੰਡ (ਸਰਕਾਰੀ ਪੈਸਾ) ਇਨ੍ਹਾਂ ਥਾਵਾਂ 'ਤੇ ਰੋਕਿਆ ਜਾਂ ਰੋਕਿਆ ਜਾ ਸਕਦਾ ਹੈ। ਟਰੰਪ ਦੇ ਹੁਕਮ ਨੇ ਰਾਜਧਾਨੀ ਵਾਸ਼ਿੰਗਟਨ ਡੀਸੀ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ, ਜਿੱਥੇ ਟਰੰਪ ਪ੍ਰਸ਼ਾਸਨ ਨੇ ਪਹਿਲਾਂ ਹੀ ਸਖ਼ਤ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ ਹੈ।

### ਪੁਲਿਸ ਨੂੰ ਦੋਸ਼ੀਆਂ ਨੂੰ ਰਿਹਾਅ ਨਾ ਕਰਨ ਦਾ ਹੁਕਮ

ਆਦੇਸ਼ ਵਿੱਚ, ਪੁਲਿਸ ਨੂੰ ਕਿਹਾ ਗਿਆ ਹੈ ਕਿ ਉਹ ਦੋਸ਼ੀਆਂ ਨੂੰ ਰਿਹਾਅ ਕਰਨ ਦੀ ਬਜਾਏ ਜੇਲ੍ਹ ਵਿੱਚ ਰੱਖਣ ਦੀ ਕੋਸ਼ਿਸ਼ ਕਰੇ ਅਤੇ ਜੇਕਰ ਵਾਸ਼ਿੰਗਟਨ ਦੀ ਸਥਾਨਕ ਸਰਕਾਰ ਨਕਦੀ ਰਹਿਤ ਜ਼ਮਾਨਤ ਜਾਰੀ ਰੱਖਦੀ ਹੈ, ਤਾਂ ਉੱਥੇ ਸਰਕਾਰੀ ਸੇਵਾਵਾਂ ਅਤੇ ਪੈਸਾ ਬੰਦ ਕਰ ਦਿੱਤਾ ਜਾਵੇ। ਵਾਸ਼ਿੰਗਟਨ ਵਿੱਚ ਕਈ ਦਹਾਕਿਆਂ ਤੋਂ ਨਕਦੀ ਰਹਿਤ ਜ਼ਮਾਨਤ ਲਾਗੂ ਹੈ, ਜਿੱਥੇ ਕੁਝ ਮੁਲਜ਼ਮਾਂ ਨੂੰ ਜ਼ਮਾਨਤ ਦੀ ਰਕਮ ਜਮ੍ਹਾ ਕੀਤੇ ਬਿਨਾਂ ਰਿਹਾਅ ਕਰ ਦਿੱਤਾ ਜਾਂਦਾ ਹੈ। ਇੱਕ ਰਿਪੋਰਟ ਦੇ ਅਨੁਸਾਰ, ਅਗਸਤ 2024 ਅਤੇ ਜਨਵਰੀ 2025 ਦੇ ਵਿਚਕਾਰ, ਵਾਸ਼ਿੰਗਟਨ ਵਿੱਚ ਹਿੰਸਕ ਅਪਰਾਧਾਂ ਦੇ ਦੋਸ਼ੀ ਲੋਕਾਂ ਵਿੱਚੋਂ ਸਿਰਫ਼ 3% ਨੂੰ ਜ਼ਮਾਨਤ ਦੇਣ ਤੋਂ ਬਾਅਦ ਦੁਬਾਰਾ ਗ੍ਰਿਫਤਾਰ ਕੀਤਾ ਗਿਆ ਸੀ। ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਹਿੰਸਕ ਅਪਰਾਧਾਂ ਲਈ ਦੁਬਾਰਾ ਗ੍ਰਿਫਤਾਰ ਨਹੀਂ ਕੀਤਾ ਗਿਆ। ਅਮਰੀਕਾ ਵਿੱਚ ਜ਼ਮਾਨਤ ਪ੍ਰਾਪਤ ਕਰਨ ਦੀ ਕੋਈ ਇੱਕਸਾਰ ਪ੍ਰਣਾਲੀ ਨਹੀਂ ਹੈ। ਵੱਖ-ਵੱਖ ਰਾਜਾਂ ਅਤੇ ਸਥਾਨਕ ਅਦਾਲਤਾਂ ਦੇ ਆਪਣੇ ਨਿਯਮ ਹਨ। ਸੰਵਿਧਾਨ ਦੇ ਅਨੁਸਾਰ, ਕਿਸੇ ਵੀ ਦੋਸ਼ੀ ਨੂੰ ਦੋਸ਼ੀ ਸਾਬਤ ਹੋਣ ਤੱਕ ਨਿਰਦੋਸ਼ ਮੰਨਿਆ ਜਾਂਦਾ ਹੈ। ਜੇਕਰ ਉਨ੍ਹਾਂ ਦੀ ਆਜ਼ਾਦੀ ਨੂੰ ਕੰਟਰੋਲ ਕਰਨਾ ਪਵੇ, ਤਾਂ ਇਸਦੇ ਲਈ ਵਿਸ਼ੇਸ਼ ਕਾਨੂੰਨ ਹਨ।

## ਹੜ੍ਹਾਂ ਦੀ ਲਪੇਟ 'ਚ...


ਵਧਦੇ ਪਾਣੀ ਦੇ ਪੱਧਰ ਕਾਰਨ, ਪਠਾਨਕੋਟ, ਗੁਰਦਾਸਪੁਰ, ਤਰਨਤਾਰਨ, ਹੁਸ਼ਿਆਰਪੁਰ, ਕਪੂਰਥਲਾ, ਫਿਰੋਜ਼ਪੁਰ ਅਤੇ ਫਾਜ਼ਿਲਕਾ ਜ਼ਿਲ੍ਹਿਆਂ ਦੇ 150 ਤੋਂ ਵੱਧ ਪਿੰਡ ਹੜ੍ਹਾਂ ਤੋਂ ਪ੍ਰਭਾਵਿਤ ਹਨ। ਇੱਥੇ ਬਚਾਅ ਕਾਰਜਾਂ ਲਈ ਐਨਡੀਆਰਐਫ, ਐਸਡੀਆਰਐਫ ਅਤੇ ਫੌਜ ਤਾਇਨਾਤ ਕੀਤੀ ਗਈ ਹੈ। ਕਰਤਾਰਪੁਰ ਸਾਹਿਬ ਲਾਂਘੇ ਦੇ ਨਾਲ-ਨਾਲ ਪਾਕਿਸਤਾਨ ਵਿੱਚ ਕਰਤਾਰਪੁਰ ਸਾਹਿਬ ਗੁਰਦੁਆਰਾ ਕੰਪਲੈਕਸ ਵੀ ਪਾਣੀ ਵਿੱਚ ਡੁੱਬਿਆ ਹੋਇਆ ਹੈ।

## CM ਮਾਨ ਦੀ ਦਰਿਆਦਿਲੀ...

CM ਭਗਵੰਤ ਮਾਨ ਨੇ ਕਿਹਾ ਕਿ ਮੈਨੂੰ ਇੱਥੇ ਆ ਕੇ ਪਤਾ ਲੱਗਿਆ ਕਿ ਬਹੁਤ ਸਾਰੇ ਪਿੰਡ ਅਜਿਹੇ ਨੇ ਜਿੱਥੇ ਲੋਕ ਘਰਾਂ ਤੋਂ ਬਾਹਰ ਵੀ ਨਹੀਂ ਨਿਕਲ ਪਾ ਰਹੇ। ਘਰਾਂ ਵਿੱਚ ਪਾਣੀ ਵੜਨ ਕਾਰਨ ਲੋਕ ਮਕਾਨ ਦੀ ਛੱਤ 'ਤੇ ਬੈਠੇ ਨੇ ਅਤੇ ਉਨ੍ਹਾਂ ਨੂੰ ਰਾਸ਼ਨ ਵੀ ਨਹੀਂ ਮਿਲ ਰਿਹਾ। ਜਿਨ੍ਹਾਂ ਲੋਕਾਂ ਨੇ 92 ਸੀਟਾਂ ਦੇ ਕੇ ਮੈਨੂੰ ਹੈਲੀਕਾਪਟਰ ਦਿੱਤਾ ਸੀ ਅੱਜ ਓਹੀ ਹੈਲੀਕਾਪਟਰ ਮੈਂ ਲੋਕਾਂ ਦੇ ਹਵਾਲੇ ਕਰ ਰਿਹਾ ਹਾਂ। ਉਹਨਾਂ ਕਿਹਾ ਕਿ ਮੈਂ ਹੈਲੀਕਾਪਟਰ ਨੂੰ ਇੱਥੇ ਛੱਡ ਰਿਹਾ ਹਾਂ ਤਾਂ ਜੋ ਇਸ ਰਾਹੀਂ ਲੋਕਾਂ ਤੱਕ ਦੁੱਧ, ਰਾਸ਼ਨ ਅਤੇ ਪਾਣੀ ਪਹੁੰਚਾਇਆ ਜਾ ਸਕੇ। ਮੈਂ ਇਸ ਲਈ ਡੀਸੀ ਸਾਹਿਬ ਨੂੰ ਨਿਰਦੇਸ਼ ਦੇ ਦਿੱਤੇ ਹਨ। ਮੈਂ ਖੁਦ ਕਾਰ ਰਾਹੀਂ ਵਾਪਸ ਜਾਵਾਂਗਾ। ਇਹ ਹੈਲੀਕਾਪਟਰ ਲੋਕਾਂ ਦਾ ਹੀ ਹੈ ਅਤੇ ਜਦੋਂ ਤੱਕ ਲੋਕਾਂ ਦੇ ਬਚਾਅ ਅਤੇ ਹੋਰ ਕੰਮਾਂ ਲਈ ਲੋੜ ਹੋਵੇਗੀ ਇਹ ਲੋਕਾਂ ਹਵਾਲੇ ਹੀ ਰਹੇਗਾ। ਇਸ ਮੌਕੇ ਉਹਨਾਂ ਕਿਹਾ ਕਿ ਕੁਦਰਤ 'ਤੇ ਕੋਈ ਜ਼ੋਰ ਨਹੀਂ, ਪਰ ਅਸੀਂ ਆਪਣੇ ਵੱਲੋਂ ਲੋਕਾਂ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ। ਉਨ੍ਹਾਂ ਅੱਗੇ ਕਿਹਾ ਕਿ ਇਸ ਸੰਕਟ ਦੇ ਸਮੇਂਵਿੱਚ ਕੇਂਦਰ ਪੰਜਾਬ ਨੂੰ ਰਾਹਤ ਪੈਕੇਜ ਦੇ ਰੂਪ 'ਚ ਉਸਦਾ ਬਣਦਾ ਹੱਕ ਦੇਵੇ।

# ਪੌਂਗ ਡੈਮ 'ਚ ਖ਼ਤਰੇ ਦੇ ਨਿਸ਼ਾਨ ਤੋਂ 16 ਫੁੱਟ 'ਤੇ ਪਹੁੰਚਿਆ ਪਾਣੀ ਦਾ ਲੈਵਲ, ਪ੍ਰਸ਼ਾਸਨ ਨੇ ਜਾਰੀ ਕੀਤਾ ਅਲਰਟ

ਹਿਮਾਚਲ ਪ੍ਰਦੇਸ਼ ਵਿੱਚ ਹੋ ਰਹੀ ਭਾਰੀ ਬਾਰਿਸ਼ ਤੇ ਪਿੱਛੋਂ ਲਗਾਤਾਰ ਆ ਰਹੇ ਪਾਣੀ ਕਾਰਨ ਪੌਂਗ ਡੈਮ ਵਿੱਚ ਪਾਣੀ ਦਾ ਪੱਧਰ ਵਧ ਰਿਹਾ ਹੈ। ਪੌਂਗ ਡੈਮ ਵਿਚ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ ਤੋਂ 16 ਫੁੱਟ ਉੱਤੇ ਪਹੁੰਚ ਗਿਆ ਹੈ। 1396 ਫੁੱਟ 'ਤੇ ਡੈਮ 'ਚ ਪਾਣੀ ਦਾ ਲੈਵਲ ਚਲਿਆ ਗਿਆ ਹੈ। ਡੈਮ ਦਾ ਪੱਧਰ ਵਧਣ ਕਾਰਨ ਬੀਬੀਐਮਬੀ ਪ੍ਰਸ਼ਾਸਨ ਨੇ ਡੈਮ ਤੋਂ ਹੋਰ ਪਾਣੀ ਛੱਡਣ ਦਾ ਸ਼ਡਿਊਲ ਜਾਰੀ ਕੀਤਾ ਹੈ। ਵੱਧ ਪਾਣੀ ਛੱਡੇ ਜਾਣ ਨਾਲ ਬਿਆਸ ਦਰਿਆ ਨੇੜਲੇ ਪਿੰਡਾਂ ਵਿੱਚ ਪਾਣੀ ਦੀ ਮਾਰ ਹੋਰ ਵੱਧ ਸਕਦੀ ਹੈ। ਦੱਸਣਯੋਗ ਹੈ ਕਿ ਭਭੰਬ ਵੱਲੋਂ ਅੱਜ ਦੁਪਹਿਰ 2 ਵਜੇ ਪਾਣੀ ਛੱਡਿਆ ਜਾਵੇਗਾ। ਬਿਆਸ ਦਰਿਆ 'ਚ 1 ਲੱਖ 10 ਹਜ਼ਾਰ ਕਿਊਸਿਕ ਪਾਣੀ ਛੱਡਿਆ ਜਾਵੇਗਾ। ਰਵਾਇਤੀ ਪ੍ਰੋਟੋਕਾਲ ਦੇ ਅਨੁਸਾਰ ਪਾਣੀ ਪੜਾਅਵਾਰ/ਹੌਲੀ-ਹੌਲੀ ਢੰਗ ਨਾਲ ਛੱਡਿਆ ਜਾਵੇਗਾ। ਨਾਲ ਹੀ ਹਿਮਾਚਲ ਪ੍ਰਦੇਸ਼ ਦੇ ਸਬੰਧਤ ਸਿਵਲ, ਸਿੰਚਾਈ, ਡਰੇਨੇਜ ਤੇ ਹੜ੍ਹ ਕੰਟਰੋਲ ਅਧਿਕਾਰੀਆਂ ਨੂੰ ਕ੍ਰਿਪਾ ਕਰਕੇ ਸੂਚਿਤ ਕੀਤਾ ਜਾਵੇ ਤੇ ਸਲਾਹ ਦਿੱਤੀ ਜਾਵੇ ਕਿ ਉਹ ਸਾਰੇ ਜ਼ਰੂਰੀ ਸਾਵਧਾਨੀ ਤੇ ਤਿਆਰੀ ਦੇ ਉਪਾਅ ਕਰਨ। ਜ਼ਿਕਰਯੋਗ ਹੈ ਕਿ ਬਿਆਸ ਦਰਿਆ ਵਿੱਚ ਪਹਿਲਾਂ ਹੀ ਚੱਕੀ ਅਤੇ ਪਹਾੜਾਂ ਦੇ ਆਏ ਪਾਣੀ ਕਾਰਨ ਬਿਆਸ ਦਰਿਆ ਨੇੜਲੇ ਪਿੰਡਾਂ ਨੂੰ ਹੜ੍ਹਾਂ ਦਾ ਖਤਰਾ ਸਤਾ ਰਿਹਾ ਹੈ ਅਤੇ ਮਹਿਤਾਬਪੁਰ, ਕੋਲੀਆਂ, ਸਨਿਆਲ ਸਣੇ ਕੁਝ ਥਾਵਾਂ 'ਤੇ 50 ਤੋਂ 150 ਫੁੱਟ ਤੱਕ ਪਾੜ ਪੈ ਗਏ ਹਨ। ਅਜਿਹੇ ਵਿੱਚ ਪਹਿਲਾਂ ਹੀ ਧੁੱਸੀ ਬੰਨ੍ਹਾਂ ਵਿੱਚ ਪਏ ਪਾੜਾਂ ਕਾਰਨ ਮੁਸੀਬਤ ਝੱਲ ਰਹੇ ਮਹਿਤਾਬਪੁਰ, ਹਲੇੜ ਜਨਾਰਧਨ, ਨੌਸ਼ਹਿਰਾ ਪੱਤਣ, ਸਨਿਆਲ, ਕੋਲੀਆਂ, ਮਿਆਣੀ ਆਦਿ ਪਿੰਡਾਂ ਵਿੱਚ ਸਥਿਤੀ ਹੋਰ ਵੀ ਖਰਾਬ ਹੋ ਸਕਦੀ ਹੈ।







# ਡਿਕਸੀ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਅਤੇ ਕਥਾ ਸਮਾਗਮ




ਸਟਾਰ ਨਿਊਜ਼:- ਉਨਟਾਰੀਓ ਖ਼ਾਲਸਾ ਦਰਬਾਰ, ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਕੀਰਤਨ ਅਤੇ ਕਥਾ ਸਮਾਗਮ ਦਾ ਅਯੋਜਨ ਕੀਤਾ ਗਿਆ ਹੈ ਇਹ ਸਮਾਗਮ 25 ਅਗਸਤ ਤੋਂ 31 ਅਗਸਤ ਤੱਕ ਸ਼ਾਮ 6 ਵਜੇ ਤੋਂ ਰਾਤ 9 ਵਜੇ ਤੱਕ ਹੋਣਗੇ। ਇਸ ਸਮਾਗਮ ਵਿੱਚ ਪੰਥ ਦੇ ਪ੍ਰਸਿੱਧ ਰਾਗੀ ਅਤੇ ਕਥਾ ਵਾਚਕ ਪਹੁੰਚੇ ਹੋਏ ਹਨ। ਇਨ੍ਹਾਂ ਵਿੱਚ ਭਾਈ ਹਰਪਾਲ ਸਿੰਘ ਜੀ ਹੈੱਡ ਗ੍ਰੰਥੀ ਗੁਰਦੁਆਰਾ ਫਤਿਗੜ੍ਹ ਸਾਹਿਬ, ਭਾਈ ਨਿਰਮਲ ਸਿੰਘ ਜੀ ਨਾਗਪੁਰੀ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਵਿੱਚ ਆਪਣੇ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਸਾਹਿਬ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ ਜੀ। ਇਨ੍ਹਾਂ ਸਮਾਗਮਾਂ ਸਬੰਧੀ ਵਧੇਰੇ ਜਾਣਕਾਰੀ ਤੁਸੀਂ ਉਨਟੈਰੀਓ ਖ਼ਾਲਸਾ ਦਰਬਾਰ, ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 905-670-3311 'ਤੇ ਸੰਪਰਕ ਕਰ ਕੇ ਵੀ ਲੈ ਸਕਦੇ ਹੋ।

# ਹਰਜਿੰਦਰ ਸਿੰਘ ਬਾਰੇ ਫਲੋਰੀਡਾ ਦੇ ਗਵਰਨਰ ਦਾ ਵੱਡਾ ਐਲਾਨ

* ਕੋਈ ਨਰਮੀ ਨਹੀਂ ਵਰਤੀ ਜਾਵੇਗੀ, ਕਾਨੂੰਨ ਮੁਤਾਬਕ ਸਜ਼ਾ ਮਿਲੇਗੀ

* ਕਿਹਾ, ਪਟੀਸ਼ਨ 'ਤੇ ਦਸਤਖ਼ਤ ਕਰਨ ਵਾਲਿਆਂ 'ਚੋਂ ਜ਼ਿਆਦਾਤਰ ਅਮਰੀਕੀ ਨਹੀਂ

ਫਲੋਰੀਡਾ: ਅਮਰੀਕਾ ਵਿਚ ਗ੍ਰਿਫ਼ਤਾਰ ਪੰਜਾਬੀ ਟਰੱਕ ਡਰਾਈਵਰ ਹਰਜਿੰਦਰ ਸਿੰਘ ਨਾਲ ਕੋਈ ਨਰਮੀ ਨਹੀਂ ਵਰਤੀ ਜਾਵੇਗੀ ਅਤੇ ਉਸ ਨੂੰ ਕਾਨੂੰਨ ਮੁਤਾਬਕ ਵੱਧ ਤੋਂ ਵੱਧ ਸਜ਼ਾ ਮਿਲਣ ਦੇ ਆਸਾਰ ਹਨ। ਜੀ ਹਾਂ, ਫਲੋਰੀਡਾ ਦੇ ਗਵਰਨਰ ਰੌਨ ਡਿਸੈਂਟਿਸ ਨੇ ਸਾਫ਼ ਲਫ਼ਜ਼ਾਂ ਵਿਚ ਆਖ ਦਿਤਾ ਹੈ ਕਿ ਹਰਜਿੰਦਰ ਸਿੰਘ ਚੰਗੀ ਤਰ੍ਹਾਂ ਜਾਣਦਾ ਸੀ ਕਿ ਉਹ ਟਰੱਕ ਚਲਾਉਣ ਦੇ ਕਾਬਲ ਨਹੀਂ ਪਰ ਇਸ ਦੇ ਬਾਵਜੂਦ ਸਟੀਅਰਿੰਗ ਵ੍ਹੀਲ 'ਤੇ ਬੈਠ ਗਿਆ ਅਤੇ ਵੱਡੀ ਲਾਪ੍ਰਵਾਹੀ ਵਰਤਦਿਆਂ ਯੂ-ਟਰਨ ਲੈਣ ਦਾ ਯਤਨ ਕੀਤਾ ਜੋ ਬੇਹੱਦ ਖ਼ਤਰਨਾਕ ਸਾਬਤ ਹੋਇਆ। ਡਿਸੈਂਟਿਸ ਨੇ ਅੱਗੇ ਕਿਹਾ ਕਿ ਹਰਜਿੰਦਰ ਸਿੰਘ ਦੇ ਹੱਕ ਵਿਚ ਚਲਾਈ ਮੁਹਿੰਮ ਰਾਹੀਂ ਉਸ ਨੂੰ ਬੇਕਸੂਰ ਸਾਬਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਅਤੇ ਇਥੋਂ ਤੱਕ ਕਿ ਉਸ ਨੂੰ ਪੀੜਤ ਦਰਸਾਉਣ ਦੀਆਂ ਕੋਸ਼ਿਸ਼ਾਂ ਵੀ ਹੋ ਰਹੀਆਂ ਹਨ ਪਰ ਫਲੋਰੀਡਾ ਸਰਕਾਰ ਇਨ੍ਹਾਂ ਨਾਲ ਬਿਲਕੁਲ ਵੀ ਸਹਿਮਤ ਨਹੀਂ।

ਗਵਰਨਰ ਨੇ ਦਲੀਲ ਦਿਤੀ ਕਿ ਪਟੀਸ਼ਨ 'ਤੇ ਦਸਤਖ਼ਤ ਕਰਨ ਵਾਲਿਆਂ ਵਿਚੋਂ ਜ਼ਿਆਦਾਤਰ ਵਿਦੇਸ਼ੀ ਨਾਗਰਿਕ ਹਨ ਅਤੇ ਮਾਮਲਾ ਅਮਰੀਕਾ ਨਾਲ ਸਬੰਧਤ ਹੈ। ਦੂਜੇ ਪਾਸੇ ਹਰਜਿੰਦਰ ਸਿੰਘ ਨੂੰ ਹਾਦਸੇ ਤੋਂ ਤੁਰਤ ਬਾਅਦ ਗ੍ਰਿਫ਼ਤਾਰ ਨਾ ਕੀਤੇ ਜਾਣ ਦੇ ਸਵਾਲ 'ਤੇ ਰੌਨ ਡਿਸੈਂਟਿਸ ਨੇ ਕਿਹਾ ਕਿ ਫਲੋਰੀਡਾ



ਹਾਈਵੇਅ ਪੈਟਰੋਲ ਦੇ ਅਫ਼ਸਰਾਂ ਦੀ ਮੁੱਖ ਤਰਜੀਹ ਹਾਦਸੇ ਦੇ ਸ਼ਿਕਾਰ ਲੋਕਾਂ ਨੂੰ ਹਸਪਤਾਲ ਪਹੁੰਚਾਉਣਾ ਅਤੇ ਹਾਈਵੇਅ 'ਤੇ ਆਵਾਜਾਈ ਬਹਾਲ ਕਰਨਾ ਸੀ। ਪਹਿਲੀ ਨਜ਼ਰੇ ਇਹ ਅਪਰਾਧਕ ਮਾਮਲਾ ਮਹਿਸੂਸ ਨਾ ਹੋਇਆ ਅਤੇ ਹਰਜਿੰਦਰ ਸਿੰਘ ਨੂੰ ਆਪਣੇ ਸਾਥੀ ਹਰਨੀਤ ਸਿੰਘ ਨਾਲ ਫਰਾਰ ਹੋਣ ਦਾ ਮੌਕਾ ਮਿਲ ਗਿਆ। ਹਿਲਜ਼ਬ੍ਰੋਅ ਕਾਊਂਟੀ ਐਵੇਏਸ਼ਨ ਅਥਾਰਿਟੀ ਦੇ ਇਕ ਸਮਾਗਮ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਫਲੋਰੀਡਾ ਦੇ ਗਵਰਨਰ ਨੇ ਕਿਹਾ ਕਿ ਹਾਦਸੇ ਦੇ ਚਸ਼ਮਦੀਦ ਕਾਲੇ ਰੰਗ ਦੀ ਕ੍ਰਾਈਸਲਰ ਮਿੰਨੀ ਵੈਨ ਵਿਚ ਸਵਾਰ ਤਿੰਨ ਜਣੇ ਸਨ ਪਰ ਬਦਕਿਸਮਤੀ ਨਾਲ ਤਿੰਨਾਂ ਦੀ ਮੌਤ ਹੋ ਗਈ। ਦੂਜੇ ਪਾਸੇ ਹਰਜਿੰਦਰ ਸਿੰਘ ਅਤੇ ਉਸ ਦੇ ਸਾਥੀ ਹਰਨੀਤ ਸਿੰਘ ਨੂੰ ਅੰਗਰੇਜ਼ੀ ਨਹੀਂ ਸੀ ਆਉਂਦੀ। ਹਾਲਾਤ ਦੇ ਮੱਦੇਨਜ਼ਰ ਹਾਈਵੇਅ ਪੈਟਰੋਲ ਦੇ ਅਫ਼ਸਰਾਂ ਦਾ ਪਹਿਲਾ ਕੰਮ ਹਾਦਸੇ ਦੇ ਕਾਰਨ ਸਾਹਮਣੇ ਲਿਆਉਣਾ ਬਣ ਗਿਆ ਅਤੇ ਟਰੱਕ ਦੇ ਡੈਸ਼ਕੈਮ ਵਿਚ ਰਿਕਾਰਡ ਵੀਡੀਓ ਦੀ ਘੋਖ ਕੀਤੀ ਗਈ। ਇਥੇ ਦਸਣਾ ਬਣਦਾ ਹੈ ਕਿ ਹਰਨੀਤ ਸਿੰਘ ਦੀ ਮੀਡੀਆ ਨਾਲ ਗੱਲਬਾਤ ਦੇ ਕੁਝ ਹਿੱਸੇ ਸਾਹਮਣੇ ਆ ਰਹੇ ਹਨ। ਇੰਮੀਗ੍ਰੇਸ਼ਨ ਅਤੇ ਕਸਟਮਜ਼ ਐਨਫ਼ੋਰਸਮੈਂਟ ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਤੋਂ ਪਹਿਲਾਂ ਹਰਨੀਤ ਸਿੰਘ ਨੇ ਕਿਹਾ ਕਿ ਉਹ ਮੋਬਾਈਲ 'ਤੇ ਵੀਡੀਓ ਦੇਖ ਰਿਹਾ ਸੀ ਜਦੋਂ ਹਾਦਸਾ ਵਾਪਰਿਆ ਪਰ ਟਰੱਕ ਵਿਚ ਲੱਗੇ ਜੀ.ਪੀ.ਐਸ. ਰਾਹੀਂ ਯੂ-ਟਰਨ ਨਾ ਲੈਣ ਦੀ ਚਿਤਾਵਨੀ ਉਸ ਨੇ ਸੁਣੀ ਸੀ। ਹਰਨੀਤ ਸਿੰਘ ਨੇ ਅੱਗੇ ਕਿਹਾ ਕਿ ਉਹ ਮਿਆਮੀ ਵੱਲ ਜਾਣਾ ਚਾਹੁੰਦੇ ਸਨ ਅਤੇ ਜੀ.ਪੀ.ਐਸ. ਨੇ ਨੌਰਥ ਵੱਲ ਅੱਗੇ ਵਧਦਿਆਂ ਐਗਜ਼ਿਟ ਤੱਕ ਪੁੱਜਣ ਦੀ ਹਦਾਇਤ ਦਿਤੀ ਪਰ ਇਸੇ ਦੌਰਾਨ ਹਰਜਿੰਦਰ ਸਿੰਘ ਨੇ ਯੂ-ਟਰਨ ਲੈ ਲਿਆ। ਹਰਨੀਤ ਸਿੰਘ ਮੁਤਾਬਕ ਉਹ ਦੋਵੇਂ ਜਣੇ ਆਰਾਮ ਕਰ ਕੇ ਰਵਾਨਾ ਹੋਏ ਸਨ ਅਤੇ ਥਕਾਵਟ ਜਾਂ ਨੀਂਦ ਕੋਈ ਮਸਲਾ ਨਹੀਂ ਸੀ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਫਲੋਰੀਡਾ ਹਾਈਵੇਅ ਪੈਟਰੋਲ ਦੇ ਅਫ਼ਸਰਾਂ ਨੇ ਦੁਭਾਸ਼ੀਏ ਦੀ ਮਦਦ ਨਾਲ ਹਰਜਿੰਦਰ ਸਿੰਘ ਤੋਂ ਸਵਾਲ ਕਰਨ ਦੇ ਯਤਨ ਕੀਤੇ ਪਰ ਉਸ ਨੇ ਆਪਣੇ ਵਕੀਲ ਰਾਹੀਂ ਸਵਾਲਾਂ ਦੇ ਜਵਾਬ ਦੇਣ ਦੀ ਗੱਲ ਆਖੀ ਅਤੇ ਕੈਲੇਫੋਰਨੀਆ ਰਵਾਨਾ ਹੋ ਗਿਆ।

# 'ਟੈਰਿਫ ਵਾਰ' ਤੋਂ ਬਾਅਦ ਹੁਣ H-1B ਵੀਜ਼ਾ ਅਤੇ ਗ੍ਰੀਨ ਕਾਰਡ ਪ੍ਰਣਾਲੀ ਵਿੱਚ ਵੱਡੇ ਬਦਲਾਅ ਦੀਆਂ ਤਿਆਰੀਆਂ

ਜਿੱਥੇ ਅਮਰੀਕਾ ਭਾਰਤ 'ਤੇ 50% ਟੈਰਿਫ ਲਗਾ ਕੇ ਉਸ ਦੇ ਸਬਰ ਦੀ ਪਰਖ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਉੱਥੇ ਹੀ ਅਮਰੀਕੀ ਵਣਜ ਸਕੱਤਰ ਹਾਵਰਡ ਲੁਟਨਿਕ ਨੇ ਹੁਣ H-1B ਵੀਜ਼ਾ ਅਤੇ ਗ੍ਰੀਨ ਕਾਰਡ ਪ੍ਰਣਾਲੀ ਵਿੱਚ ਵੱਡੇ ਬਦਲਾਅ ਦੀ ਗੱਲ ਕੀਤੀ ਹੈ। ਉਨ੍ਹਾਂ ਨੇ ਐੱਚ-1ਬੀ ਵੀਜ਼ਾ ਪ੍ਰੋਗਰਾਮ ਨੂੰ ਇੱਕ "ਘਪਲਾ" ਕਿਹਾ ਜੋ ਅਮਰੀਕੀ ਕਾਮਿਆਂ ਨੂੰ ਕਮਜ਼ੋਰ ਕਰਦਾ ਹੈ। ਉਨ੍ਹਾਂ ਕਿਹਾ ਕਿ ਐੱਚ-1ਬੀ ਵੀਜ਼ਾ ਪ੍ਰੋਗਰਾਮ ਭਾਰਤੀ ਪੇਸ਼ੇਵਰਾਂ ਨੂੰ ਲਾਭ ਪਹੁੰਚਾਉਂਦਾ ਹੈ, ਜੋ ਕਿ ਜ਼ਿਆਦਾਤਰ ਐੱਚ-1ਬੀ ਧਾਰਕਾਂ ਨੂੰ ਬਣਾਉਂਦੇ ਹਨ। ਲੁਟਨਿਕ ਨੇ ਕਿਹਾ ਮੌਜੂਦਾ H-1B ਵੀਜ਼ਾ ਪ੍ਰਣਾਲੀ ਇੱਕ ਘੁਟਾਲਾ ਹੈ ਜੋ ਵਿਦੇਸ਼ੀ ਕਾਮਿਆਂ ਨੂੰ ਖਾਲੀ ਅਮਰੀਕੀ ਨੌਕਰੀਆਂ ਭਰਨ ਦੀ ਆਗਿਆ ਦਿੰਦਾ ਹੈ । ਅਮਰੀਕੀ ਕਾਮਿਆਂ ਨੂੰ ਨੌਕਰੀ 'ਤੇ ਰੱਖਣਾ ਸਾਰੇ ਵੱਡੇ ਅਮਰੀਕੀ ਕਾਰੋਬਾਰਾਂ ਲਈ ਤਰਜੀਹ ਹੋਣੀ ਚਾਹੀਦੀ ਹੈ। ਲੁਟਨਿਕ ਨੇ ਮੌਜੂਦਾ ਗ੍ਰੀਨ ਕਾਰਡ ਪ੍ਰਣਾਲੀ ਦੀ ਆਲੋਚਨਾ ਕੀਤੀ, ਲਾਭਪਾਤਰੀਆਂ ਦੇ ਆਮਦਨ ਪੱਧਰ ਨੂੰ ਗਲਤ ਤਰਜੀਹਾਂ ਦਾ ਸਬੂਤ ਦੱਸਿਆ ਹੈ। ਅਸੀਂ ਗ੍ਰੀਨ ਕਾਰਡ ਦਿੰਦੇ ਹਾਂ - ਔਸਤ ਅਮਰੀਕੀ ਇੱਕ ਸਾਲ ਵਿੱਚ 75,000 ਡਾਲਰ ਕਮਾਉਂਦਾ ਹੈ ਅਤੇ ਔਸਤ ਗ੍ਰੀਨ ਕਾਰਡ ਧਾਰਕ 66,000 ਡਾਲਰ ਕਮਾਉਂਦਾ ਹੈ। ਅਸੀਂ ਅਜਿਹਾ ਕਿਉਂ ਕਰ ਰਹੇ ਹਾਂ? ਇਹ ਅਸਲੀਅਤ ਨੂੰ ਚੁਣਨ ਵਰਗਾ ਹੈ ।

ਉਸਨੇ ਦਲੀਲ ਦਿੱਤੀ ਕਿ ਡੋਨਾਲਡ ਟਰੰਪ ਦੀ ਅਗਵਾਈ ਹੇਠ, ਇਮੀਗ੍ਰੇਸ਼ਨ ਨੀਤੀ ਦੌਲਤ ਅਤੇ ਹੁਨਰਾਂ ਨੂੰ ਆਕਰਸ਼ਿਤ ਕਰਨ ਵੱਲ ਵਧੇਗੀ। "ਇਸ ਤਰ੍ਹਾਂ ਡੋਨਾਲਡ ਟਰੰਪ ਇਸਨੂੰ ਬਦਲਣ ਜਾ ਰਹੀ ਹੈ। - ਇਹ ਉਹ ਥਾਂ ਹੈ ਜਿੱਥੇ ਗੋਲਡ ਕਾਰਡ ਆ ਰਿਹਾ ਹੈ, ਅਤੇ ਇਸਦੇ ਨਾਲ ਅਸੀਂ ਸਭ ਤੋਂ ਵਧੀਆ ਲੋਕਾਂ ਦੀ ਚੋਣ ਕਰਨਾ ਸ਼ੁਰੂ ਕਰਾਂਗੇ। " ਗੋਲਡ ਕਾਰਡ ਸਕੀਮ ਵਣਜ ਸਕੱਤਰ ਨੇ ਟਰੰਪ ਪ੍ਰਸ਼ਾਸਨ ਦੁਆਰਾ ਵਿਚਾਰ ਅਧੀਨ ਪ੍ਰਸਤਾਵਿਤ 'ਗੋਲਡ ਕਾਰਡ' ਪ੍ਰੋਗਰਾਮ ਦੇ ਵੇਰਵੇ ਵੀ ਦਿੱਤੇ। ਇਸ ਪ੍ਰਸਤਾਵ ਦੇ ਤਹਿਤ, ਘੱਟੋ-ਘੱਟ 5 ਮਿਲੀਅਨ ਡਾਲਰ ਦਾ ਨਿਵੇਸ਼ ਕਰਨ ਵਾਲੇ ਵਿਦੇਸ਼ੀ ਲੋਕਾਂ ਨੂੰ ਸਥਾਈ ਅਮਰੀਕੀ ਨਿਵਾਸ ਦਿੱਤਾ ਜਾਵੇਗਾ। ਲੁਟਨਿਕ ਨੇ ਦਾਅਵਾ ਕੀਤਾ ਕਿ ਮੰਗ ਪਹਿਲਾਂ ਹੀ ਬਹੁਤ ਜ਼ਿਆਦਾ ਹੈ, 250,000 ਸੰਭਾਵੀ ਬਿਨੈਕਾਰ ਲਾਈਨ ਵਿੱਚ ਖੜ੍ਹੇ ਹਨ। ਜੇਕਰ ਯੋਜਨਾ ਸਾਕਾਰ ਹੁੰਦੀ ਹੈ, ਤਾਂ ਇਸ ਨਾਲ 1.25 ਟ੍ਰਿਲੀਅਨ ਡਾਲਰ ਤੱਕ ਦਾ ਨਿਵੇਸ਼ ਹੋ ਸਕਦਾ ਹੈ। ਲੁਟਨਿਕ ਨੇ ਕਿਹਾ ਇਹੀ ਗੋਰਡ ਕਾਰਡ ਆ ਰਿਹਾ ਹੈ ਅਤੇ ਇਹੀ ਉਹ ਥਾਂ ਹੈ ਜਿੱਥੇ ਅਸੀਂ ਇਸ ਦੇਸ਼ ਵਿੱਚ ਆਉਣ ਲਈ ਸਭ ਤੋਂ ਵਧੀਆ ਲੋਕਾਂ ਦੀ ਚੋਣ ਸ਼ੁਰੂ ਕਰਨ ਜਾ ਰਹੇ ਹਾਂ। ਇਹ ਟਿੱਪਣੀਆਂ ਅਜਿਹੇ ਸਮੇਂ ਆਈਆਂ ਹਨ ਜਦੋਂ ਰਾਸ਼ਟਰਪਤੀ ਟਰੰਪ ਨੇ H-1B ਪ੍ਰੋਗਰਾਮ ਲਈ ਆਪਣੇ ਸਮਰਥਨ ਦੀ ਪੁਸ਼ਟੀ ਕੀਤੀ ਹੈ, ਅਤੇ ਇਸਨੂੰ "ਸਮਰੱਥ" ਅਤੇ "ਮਹਾਨ" ਲੋਕਾਂ ਨੂੰ ਅਮਰੀਕਾ ਲਿਆਉਣ ਲਈ ਜ਼ਰੂਰੀ ਦੱਸਿਆ ਹੈ।

# ਟਰੰਪ ਦੀ ਟੈਰਿਫ ਨੀਤੀ: ਡਿਜੀਟਲ ਟੈਕਸ ਲਗਾਉਣ ਵਾਲਿਆਂ ਨੂੰ ਦਿੱਤੀ ਜਾਵੇਗੀ ਸਜ਼ਾ



ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕੀ ਡਿਜੀਟਲ ਸੇਵਾ ਪ੍ਰਦਾਤਾ ਕੰਪਨੀਆਂ 'ਤੇ ਟੈਕਸ ਲਗਾਉਣ ਵਾਲੇ ਦੇਸ਼ਾਂ ਵਿਰੁੱਧ ਸਖ਼ਤ ਕਾਰਵਾਈ ਦੀ ਚੇਤਾਵਨੀ ਦਿੱਤੀ ਹੈ। ਟਰੰਪ ਨੇ ਕਿਹਾ ਕਿ ਜੇਕਰ ਡਿਜੀਟਲ ਟੈਕਸ ਖਤਮ ਨਹੀਂ ਕੀਤਾ ਜਾਂਦਾ ਹੈ, ਤਾਂ ਉਨ੍ਹਾਂ ਦੇਸ਼ਾਂ ਤੋਂ ਆਉਣ ਵਾਲੇ ਸਮਾਨ 'ਤੇ ਵਾਧੂ ਟੈਰਿਫ ਲਗਾਏ ਜਾਣਗੇ।

ਡਿਜੀਟਲ ਟੈਕਸ ਲਗਾਉਣ ਵਾਲਿਆਂ ਵਿੱਚ ਕਈ ਯੂਰਪੀ ਦੇਸ਼ ਸ਼ਾਮਿਲ ਹਨ। ਟਰੰਪ ਨੇ ਇਸਨੂੰ ਅਮਰੀਕੀ ਤਕਨਾਲੋਜੀ ਵਿਰੁੱਧ ਪੱਖਪਾਤੀ ਕਦਮ ਕਿਹਾ ਹੈ। ਟਰੰਪ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਉਹ ਉਨ੍ਹਾਂ ਸਾਰੇ ਦੇਸ਼ਾਂ ਨੂੰ ਚੇਤਾਵਨੀ ਦਿੰਦੇ ਹਨ ਜੋ ਡਿਜੀਟਲ ਟੈਕਸ, ਕਾਨੂੰਨ, ਨਿਯਮ ਜਾਂ ਨਿਯਮ ਲਗਾਉਂਦੇ ਹਨ । ਜੇਕਰ ਇਹਨਾਂ ਵਿਤਕਰੇ ਵਾਲੇ ਉਪਾਵਾਂ ਨੂੰ ਨਹੀਂ ਹਟਾਇਆ ਜਾਂਦਾ, ਤਾਂ ਉਹ ਉਨ੍ਹਾਂ ਦੇ ਨਿਰਯਾਤ 'ਤੇ ਭਾਰੀ ਵਾਧੂ ਟੈਰਿਫ ਲਗਾਉਣਗੇ ਅਤੇ ਸਾਡੀ ਬਹੁਤ ਸੁਰੱਖਿਅਤ ਤਕਨਾਲੋਜੀ ਅਤੇ ਚਿਪਸ 'ਤੇ ਨਿਰਯਾਤ ਪਾਬੰਦੀਆਂ ਲਗਾਉਣਗੇ। ਟਰੰਪ ਪਹਿਲਾਂ ਵੀ ਕੈਨੇਡਾ ਅਤੇ ਫਰਾਂਸ ਵਰਗੇ ਦੇਸ਼ਾਂ ਨੂੰ ਡਿਜੀਟਲ ਟੈਕਸ ਬਾਰੇ ਚੇਤਾਵਨੀ ਦੇ ਚੁੱਕੇ ਹਨ। ਸੂਤਰਾਂ ਅਨੁਸਾਰ, ਟਰੰਪ ਪ੍ਰਸ਼ਾਸਨ ਯੂਰਪੀਅਨ ਯੂਨੀਅਨ ਜਾਂ ਇਸਦੇ ਮੈਂਬਰ ਦੇਸ਼ਾਂ ਦੇ ਅਧਿਕਾਰੀਆਂ 'ਤੇ ਪਾਬੰਦੀਆਂ ਲਗਾਉਣ 'ਤੇ ਵਿਚਾਰ ਕਰ ਰਿਹਾ ਹੈ ਜੋ ਬਲਾਕ ਦੇ ਇਤਿਹਾਸਕ ਡਿਜੀਟਲ ਸੇਵਾਵਾਂ ਐਕਟ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਹਨ। ਇਹ ਐਕਟ ਅਮਰੀਕੀ ਤਕਨੀਕੀ ਕੰਪਨੀਆਂ 'ਤੇ ਵਾਧੂ ਰੈਗੂਲੇਟਰੀ ਬੋਝ ਪਾਉਂਦਾ ਹੈ। ਯੂਰਪ ਦੇ ਕਈ ਦੇਸ਼ਾਂ ਨੇ ਡਿਜੀਟਲ ਸੇਵਾ ਪ੍ਰਦਾਤਾਵਾਂ ਦੇ ਮਾਲੀਏ 'ਤੇ ਟੈਕਸ ਲਗਾਏ ਹਨ, ਜੋ ਮੁੱਖ ਤੌਰ 'ਤੇ ਗੂਗਲ, ਫੇਸਬੁੱਕ, ਐਪਲ ਅਤੇ ਐਮਾਜ਼ਾਨ ਵਰਗੇ ਅਮਰੀਕੀ ਦਿੱਗਜਾਂ ਨੂੰ ਪ੍ਰਭਾਵਿਤ ਕਰਦੇ ਹਨ। ਭਾਰਤ ਨੇ ਟਰੰਪ ਦੇ ਟੈਰਿਫ ਤੋਂ ਬਚਣ ਦੀ ਕੋਸ਼ਿਸ਼ ਵਿੱਚ, 1 ਅਪ੍ਰੈਲ, 2025 ਤੋਂ ਔਨਲਾਈਨ ਇਸ਼ਤਿਹਾਰਾਂ 'ਤੇ 6 ਪ੍ਰਤੀਸ਼ਤ ਸਮਾਨਤਾ ਲੇਵੀ, ਜਿਸਨੂੰ ਡਿਜੀਟਲ ਟੈਕਸ ਵਜੋਂ ਜਾਣਿਆ ਜਾਂਦਾ ਹੈ, ਨੂੰ ਖਤਮ ਕਰਨ ਦਾ ਐਲਾਨ ਕੀਤਾ ਹੈ। ਡਿਜੀਟਲ ਟੈਕਸ ਹਟਾਉਣ ਨਾਲ ਗੂਗਲ, ਮੈਟਾ ਅਤੇ ਐਮਾਜ਼ਾਨ ਵਰਗੀਆਂ ਅਮਰੀਕੀ ਕੰਪਨੀਆਂ ਨੂੰ ਰਾਹਤ ਮਿਲਣ ਦੀ ਸੰਭਾਵਨਾ ਹੈ।

# ਯੂ.ਕੇ. 'ਚੋਂ 6 ਲੱਖ ਪ੍ਰਵਾਸੀ ਡਿਪੋਰਟ ਕਰਨ ਦੀ ਤਿਆਰੀ

* ਰਿਫ਼ਾਰਮ ਪਾਰਟੀ ਦੇ ਆਗੂ ਨਾਈਜਲ ਫੈਰਾਜ ਦਾ ਵੱਡਾ ਐਲਾਨ

* ਟਰੰਪ ਦੇ ਰਾਹ ਤੁਰ ਰਹੇ ਰਿਫ਼ਾਰਮ ਪਾਰਟੀ ਦੇ ਆਗੂ




ਲੰਡਨ : ਯੂ.ਕੇ. ਵਿਚੋਂ 6 ਲੱਖ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੇ ਮਨਸੂਬੇ ਘੜੇ ਜਾ ਰਹੇ ਹਨ। ਜੀ ਹਾਂ, ਰਿਫ਼ਾਰਮ ਪਾਰਟੀ ਦੇ ਆਗੂ ਨਾਈਜਲ ਫੈਰਾਜ ਨੇ ਐਲਾਨ ਕੀਤਾ ਕਿ ਉਨ੍ਹਾਂ ਦੀ ਪਾਰਟੀ ਸੱਤਾ ਵਿਚ ਆਈ ਤਾਂ ਨਾ ਸਿਰਫ਼ ਲੱਖਾਂ ਪ੍ਰਵਾਸੀਆਂ ਨੂੰ ਡਿਪੋਰਟ ਕੀਤਾ ਜਾਵੇਗਾ ਸਗੋਂ ਛੋਟੀਆਂ ਕਿਸ਼ਤੀਆਂ ਰਾਹੀਂ ਯੂ.ਕੇ. ਪੁੱਜ ਰਹੇ ਪ੍ਰਵਾਸੀ ਪੁੱਠੇ ਪੈਰੀਂ ਮੋੜ ਦਿਤੇ ਜਾਣਗੇ। ਹੂ-ਬ-ਹੂ ਟਰੰਪ ਵਰਗੀਆਂ ਨੀਤੀਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਅਫ਼ਗਾਨਿਸਤਾਨ ਵਰਗੇ ਮੁਲਕਾਂ ਤੋਂ ਆਏ ਪ੍ਰਵਾਸੀਆਂ ਦੀ ਵਾਪਸੀ ਲਈ 2 ਅਰਬ ਪਾਊਂਡ ਦੀ ਰਕਮ ਇਕ ਪਾਸੇ ਰੱਖੀ ਜਾਵੇਗੀ ਜਦਕਿ ਪ੍ਰਵਾਸੀਆਂ ਨੂੰ ਵਾਪਸ ਲੈਣ ਤੋਂ ਨਾਂਹ ਕਰਨ ਵਾਲੇ ਮੁਲਕਾਂ ਉਤੇ ਆਰਥਿਕ ਪਾਬੰਦੀਆਂ ਲਾਗੂ ਕੀਤੀਆਂ ਜਾਣਗੀਆਂ।

ਦਿਲਚਸਪ ਗੱਲ ਇਹ ਹੈ ਕਿ ਅਤੀਤ ਵਿਚ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਕਰਨ ਵਾਲੇ ਨਾਈਜਲ ਫੈਰਾਜ ਹੁਣ ਨਵੀਂ ਯੋਜਨਾ ਅਧੀਨ ਕੰਮ ਕਰਨ ਦੇ ਦਮਗਜੇ ਮਾਰ ਰਹੇ ਹਨ। ਚਲਦੀ ਪ੍ਰੈਸ ਕਾਨਫਰੰਸ ਦੌਰਾਨ ਨਾਈਜਲ ਨੇ ਰਿਫ਼ਾਰਮ ਪਾਰਟੀ ਦੇ ਚੇਅਰਪਰਸਨ ਜ਼ੀਆ ਯੂਸਫ਼ ਨੂੰ ਸਵਾਲ ਕਰ ਦਿਤਾ ਕਿ ਕਿ ਕੀ 5-6 ਲੱਖ ਪ੍ਰਵਾਸੀਆਂ ਨੂੰ ਡਿਪੋਰਟ ਕੀਤਾ ਜਾ ਸਕਦੈ ਤਾਂ ਉਨ੍ਹਾਂ ਨੇ ਉਤਸ਼ਾਹ ਭਰੇ ਅੰਦਾਜ਼ ਵਿਚ ਕਿਹਾ ਕਿ ਬਿਲਕੁਲ, ਇਹ ਟੀਚਾ ਹਾਸਲ ਕਰਨਾ ਔਖਾ ਨਹੀਂ। ਯੂਸਫ਼ ਨੇ ਦਾਅਵਾ ਕੀਤਾ ਕਿ 6 ਲੱਖ 50 ਹਜ਼ਾਰ ਪ੍ਰਵਾਸੀ ਗੈਰਕਾਨੂੰਨੀ ਤਰੀਕੇ ਨਾਲ ਯੂ.ਕੇ. ਵਿਚ ਰਹਿ ਰਹੇ ਹਨ ਜਿਨ੍ਹਾਂ ਨੂੰ ਜਲਦ ਤੋਂ ਜਲਦ ਕੱਢਣਾ ਲਾਜ਼ਮੀ ਹੈ। ਨਾਈਜਲ ਫੈਰਾਜ ਵੱਲੋਂ ਆਸਟ੍ਰੇਲੀਅਨ ਨੀਤੀਆਂ ਦੀ ਮਿਸਾਲ ਪੇਸ਼ ਕੀਤੀ ਗਈ ਜਿਨ੍ਹਾਂ ਤਹਿਤ ਵੱਡੇ ਪੱਧਰ 'ਤੇ ਡਿਪੋਰਟੇਸ਼ਨ ਕਰਨ ਮਗਰੋਂ ਨਾਜਾਇਜ਼ ਤਰੀਕੇ ਨਾਲ ਆਉਣ ਵਾਲਿਆਂ ਦੇ ਹੌਸਲੇ ਪਸਤ ਹੋ ਜਾਂਦੇ ਹਨ।

ਉਧਰ ਸੱਤਾਧਾਰੀ ਲੇਬਰ ਪਾਰਟੀ ਦਾ ਮੰਨਣਾ ਹੈ ਕਿ ਐਨੇ ਵੱਡੇ ਪੱਧਰ ਡਿਪੋਰਟੇਸ਼ਨ ਸੰਭਵ ਨਹੀਂ ਅਤੇ ਨਾਈਜਲ ਫੈਰਾਜ ਹਵਾ ਵਿਚ ਤੀਰ ਚਲਾ ਰਹੇ ਹਨ। ਇਥੇ ਦਸਣਾ ਬਣਦਾ ਹੈ ਕਿ ਪਿਛਲੇ ਇਕ ਸਾਲ ਦੌਰਾਨ ਸਵਾ ਲੱਖ ਵਿਦੇਸ਼ੀ ਨਾਗਰਿਕਾਂ ਨੇ ਯੂ.ਕੇ. ਵਿਚ ਅਸਾਇਲਮ ਮੰਗਿਆ ਅਤੇ ਯੂ.ਕੇ. ਵਿਚ ਫੜੇ ਗਏ ਭਾਰਤੀਆਂ ਦੀ ਗਿਣਤੀ ਵਿਚ 108 ਫ਼ੀ ਸਦੀ ਵਾਧਾ ਦਸਿਆ ਜਾ ਰਿਹਾ ਹੈ। ਇੰਮੀਗ੍ਰੇਸ਼ਨ ਵਿਭਾਗ ਵੱਲੋਂ ਵਰਕ ਵੀਜ਼ਾ ਅਤੇ ਸਟੱਡੀ ਵੀਜ਼ਾ ਵਰਗੀਆਂ ਸ਼੍ਰੇਣੀਆਂ ਵਿਚ 4 ਲੱਖ ਦੀ ਵੱਡੀ ਕਟੌਤੀ ਕੀਤੀ ਜਾ ਚੁੱਕੀ ਹੈ ਅਤੇ ਅਮਰੀਕਾ ਦੀ ਤਰਜ਼ 'ਤੇ ਯੂ.ਕੇ. ਵਿਚ ਵੀ ਗੈਰਕਾਨੂੰਨੀ ਪ੍ਰਵਾਸੀਆਂ ਦਾ ਮਸਲਾ ਬੇਹੱਦ ਭਖਿਆ ਹੋਇਆ ਹੈ।

# ਮਨਕੀਰਤ ਔਲਖ ਨੂੰ ਧਮਕੀ ਦੇਣ ਵਾਲਾ ਵਿਅਕਤੀ ਗ੍ਰਿਫ਼ਤਾਰ



ਚੰਡੀਗੜ੍ਹ: CIA ਪੁਲਿਸ ਨੇ ਪੰਜਾਬੀ ਗਾਇਕ ਮਨਕੀਰਤ ਔਲਖ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਵਾਲੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੋਸ਼ੀ ਹਰਜਿੰਦਰ ਸਿੰਘ ਹੈ, ਜੋ ਕਿ ਖੁੱਡਾ ਜੱਸੂ ਸਾਰੰਗਪੁਰ ਦਾ ਰਹਿਣ ਵਾਲਾ ਹੈ। ਦੋਸ਼ੀ ਨੇ ਆਪਣਾ ਨਾਮ ਰਵਿੰਦਰ ਸਿੰਘ ਦੱਸਿਆ ਹੈ। ਦੋਸ਼ੀ ਨੂੰ ਦਿੱਲੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਹ ਵਿਦੇਸ਼ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ। ਪੁੱਛਗਿੱਛ ਦੌਰਾਨ ਇਹ ਖੁਲਾਸਾ ਹੋਇਆ ਕਿ ਦੋਸ਼ੀ ਕੁਝ ਸਾਲਾਂ ਤੋਂ ਇਟਲੀ ਵਿੱਚ ਰਹਿ ਰਿਹਾ ਸੀ। ਉਸ ਵਿਰੁੱਧ ਮਟੌਰ ਪੁਲਿਸ ਸਟੇਸ਼ਨ ਵਿੱਚ ਬੀਐਨਐਸ ਦੀ ਧਾਰਾ 318 (5), 351 (2) ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਮੁਲਜ਼ਮ ਤੋਂ ਖੁਲਾਸੇ ਹੋਣ ਦੀ ਉਮੀਦ ਹੈ। ਰਵਿੰਦਰ ਨੇ ਪਹਿਲਾਂ ਮਨਕੀਰਤ ਔਲਖ ਦਾ ਨੰਬਰ ਇਟਲੀ ਤੋਂ ਇੰਸਟਾਗ੍ਰਾਮ ਅਤੇ ਸੋਸ਼ਲ ਮੀਡੀਆ ਰਾਹੀਂ ਪ੍ਰਾਪਤ ਕੀਤਾ। ਇਸ ਤੋਂ ਬਾਅਦ, ਉਸਨੇ ਫਿਰੌਤੀ ਮੰਗਣ ਦੇ ਇਰਾਦੇ ਨਾਲ ਫ਼ੋਨ ਕੀਤਾ। ਇਸ ਤੋਂ ਬਾਅਦ, ਜਦੋਂ ਉਸਨੂੰ ਪਤਾ ਲੱਗਾ ਕਿ ਪੁਲਿਸ ਸਟੇਸ਼ਨ ਵਿੱਚ ਕੇਸ ਦਰਜ ਹੋ ਗਿਆ ਹੈ, ਤਾਂ ਉਹ ਭਾਰਤ ਛੱਡ ਕੇ ਇਟਲੀ ਵਾਪਿਸ ਭੱਜਣ ਦੀ ਯੋਜਨਾ ਬਣਾ ਰਿਹਾ ਸੀ। ਪੁਲਿਸ ਨੇ ਉਸਦੇ ਮੋਬਾਈਲ ਤੋਂ ਸਾਰੀਆਂ ਚੈਟਾਂ ਬਰਾਮਦ ਕਰ ਲਈਆਂ ਹਨ। ਜਦੋਂ ਪੁਲਿਸ ਨੇ ਉਸ ਨੰਬਰ ਨੂੰ ਟਰੇਸ ਕੀਤਾ ਜਿਸ ਤੋਂ ਧਮਕੀ ਦਿੱਤੀ ਗਈ ਸੀ, ਤਾਂ ਇਹ ਚੰਡੀਗੜ੍ਹ ਵਿੱਚ ਸਰਗਰਮ ਪਾਇਆ ਗਿਆ। ਇਸ ਤੋਂ ਬਾਅਦ, ਵਿਗਿਆਨਕ ਅਤੇ ਤਕਨੀਕੀ ਖੁਫੀਆ ਜਾਣਕਾਰੀ ਦੀ ਮਦਦ ਨਾਲ, ਉਸ ਨੰਬਰ ਨੂੰ ਟਰੇਸ ਕੀਤਾ ਗਿਆ। 21 ਅਗਸਤ ਨੂੰ, ਦੋਸ਼ੀ ਨੇ ਇੱਕ ਵਿਦੇਸ਼ੀ ਨੰਬਰ ਤੋਂ ਇੱਕ ਵਟਸਐਪ ਕਾਲ ਕੀਤੀ ਅਤੇ ਮਨਕੀਰਤ ਔਲਖ ਨੂੰ ਉਸਦੇ ਅਧਿਕਾਰਤ ਨੰਬਰ 'ਤੇ ਧਮਕੀ ਭਰਿਆ ਸੁਨੇਹਾ ਭੇਜਿਆ। ਇਹ ਪੰਜਾਬੀ ਵਿੱਚ ਲਿਖਿਆ ਗਿਆ ਸੀ। ਇਸ ਤੋਂ ਬਾਅਦ ਉਸ ਨੰਬਰ 'ਤੇ ਇੱਕ ਵਟਸਐਪ ਗੱਲਬਾਤ ਵੀ ਹੋਈ ਜਿਸ ਤੋਂ ਔਲਖ ਦੇ ਮੈਨੇਜਰ ਨੂੰ ਧਮਕੀ ਦਿੱਤੀ ਸੀ। ਇਸ ਵਿੱਚ ਮਨਕੀਰਤ ਨੂੰ ਮਾਰਨ ਦਾ ਸਪੱਸ਼ਟ ਹੁਕਮ ਸੀ। ਗਾਇਕ ਵੱਲੋਂ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਹੈ। ਗਾਇਕ ਮਨਕੀਰਤ ਔਲਖ ਨੂੰ ਜਿਹੜਾ ਸੁਨੇਹਾ ਮਿਲਿਆ ਉਹ ਪੰਜਾਬੀ ਵਿੱਚ ਸੀ। ਇਸ ਵਿੱਚ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ। ਮੈਸੇਜ ਵਿੱਚ ਲਿਖਿਆ ਹੋਇਆ ਸੀ-

ਤਿਆਰੀ ਕਰ ਲੈ ਪੁੱਤ, ਤੇਰਾ ਟਾਈਮ ਆ ਗਿਆ, ਭਾਵੇਂ ਤੇਰੀ ਪਤਨੀ ਹੋਵੇ ਜਾਂ ਤੇਰਾ ਬੱਚਾ ਹੋਵੇ, ਸਾਨੂੰ ਕੋਈ ਫਰਕ ਨਹੀਂ ਪੈਂਦਾ। ਪੁੱਤਰ ਤੇਰਾ ਨੰਬਰ ਲਾਉਣਾ ਹੈ। ਇਹ ਨਾ ਸਮਝੀ ਕਿ ਤੈਨੂੰ ਕੋਈ ਧਮਕੀ ਦਾ ਮਜ਼ਾਕ ਕੀਤਾ ਗਿਆ ਹੈ, ਨੰਬਰ ਲਾਉਣਾ ਹੈ ਤੇਰਾ, ਦੇਖ ਕਿਵੇਂ ਲੱਗਦਾ ਹੈ।

# ਸ੍ਰੀ ਕਰਤਾਰਪੁਰ ਸਾਹਿਬ ਹੜ੍ਹ ਦਾ ਪਾਣੀ ਵੜਨਾ ਗਹਿਰੀ ਚਿੰਤਾ ਦਾ ਵਿਸ਼ਾ- ਜਥੇਦਾਰ ਗੜਗੱਜ



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਲਹਿੰਦੇ ਪੰਜਾਬ ਪਾਕਿਸਤਾਨ ਵਿੱਚ ਸਥਿਤ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਸ੍ਰੀ ਕਰਤਾਰਪੁਰ ਸਾਹਿਬ ਅੰਦਰ ਰਾਵੀ ਦਰਿਆ ਵਿੱਚ ਆਏ ਹੜ੍ਹ ਦਾ ਪਾਣੀ ਵੜਣ ਉੱਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪ੍ਰਾਪਤ ਜਾਣਕਾਰੀ ਅਨੁਸਾਰ ਸ੍ਰੀ ਕਰਤਾਰਪੁਰ ਸਾਹਿਬ ਦੇ ਮੁੱਖ ਦਰਬਾਰ ਸਮੇਤ ਸਮੁੱਚੇ ਸਮੂਹ ਅੰਦਰ ਕਈ-ਕਈ ਫੁੱਟ ਪਾਣੀ ਨੇ ਮਾਰ ਕੀਤੀ ਹੈ ਜਿਸ ਨਾਲ ਦੇਸ਼-ਵਿਦੇਸ਼ ਵਿੱਚ ਵੱਸਦੀ ਸਿੱਖ ਸੰਗਤ ਦੇ ਮਨਾਂ ਅੰਦਰ ਗਹਿਰੀ ਚਿੰਤਾ ਵਾਲਾ ਮਾਹੌਲ ਬਣਿਆ ਹੈ।

ਜਥੇਦਾਰ ਗੜਗੱਜ ਨੇ ਕਿਹਾ ਕਿ ਇਸ ਸਾਲ ਭਾਰੀ ਮੀਂਹ ਦੇ ਕਾਰਨ ਲਹਿੰਦੇ ਅਤੇ ਚੜ੍ਹਦੇ ਪੰਜਾਬ ਵਾਲੇ ਪਾਸੇ ਸਤਲੁਜ, ਬਿਆਸ ਅਤੇ ਰਾਵੀ ਦਰਿਆਵਾਂ ਵਿੱਚ ਬਹੁਤ ਭਾਰੀ ਮਾਤਰਾ ਵਿੱਚ ਪਾਣੀ ਦਾ ਵਹਿਣ ਹੋਇਆ ਹੈ, ਜਿਸ ਨਾਲ ਦੋਵੇਂ ਪਾਸੇ ਫਸਲਾਂ, ਪਿੰਡਾਂ ਵਿੱਚ ਲੋਕਾਂ ਦੇ ਘਰਾਂ ਅਤੇ ਮਾਲ ਡੰਗਰਾਂ ਦਾ ਭਾਰੀ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਆਫ਼ਤ ਦੇ ਅਜਿਹੇ ਸਮੇਂ ਵਿੱਚ ਸਾਨੂੰ ਇਕ ਦੂਜੇ ਦਾ ਸਹਾਰਾ ਬਣਦਿਆਂ ਮੁਸੀਬਤ ਵਿੱਚ ਫਸੇ ਲੋਕਾਂ ਦੀ ਹਰ ਸੰਭਵ ਮਦਦ ਯਕੀਨੀ ਬਣਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਭਾਵੇ ਕੁਦਰਤ ਦੇ ਅੱਗੇ ਕਿਸੇ ਦਾ ਵੱਸ ਨਹੀਂ ਲੇਕਿਨ ਸਰਕਾਰਾਂ ਨੂੰ ਆਪਣੀ ਬਣਦੀ ਭੂਮਿਕਾ ਠੀਕ ਤਰ੍ਹਾਂ ਨਿਭਾਉਣੀ ਚਾਹੀਦੀ ਹੈ ਤਾਂ ਜੋ ਲੋਕਾਂ ਨੂੰ ਅਜਿਹੀ ਆਫ਼ਤ ਤੋਂ ਬਚਾਇਆ ਜਾ ਸਕੇ। ਜਥੇਦਾਰ ਗੜਗੱਜ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਕਈ ਸਿੱਖ ਜਥੇਬੰਦੀਆਂ, ਕਾਰ ਸੇਵਾ ਵਾਲੀਆਂ ਸੰਸਥਾਵਾਂ ਅਤੇ ਹੋਰ ਪੰਜਾਬੀ ਸੰਸਥਾਵਾਂ ਵੱਲੋਂ ਇਸ ਮੁਸੀਬਤ ਦੇ ਸਮੇਂ ਕੀਤੀਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਜਾਰੀ ਕੀਤੀ ਗਈ ਅਪੀਲ ਅਨੁਸਾਰ ਹੜ੍ਹ ਨਾਲ ਜ਼ਿਆਦਾ ਪ੍ਰਭਾਵਿਤ ਹੋਏ ਪਿੰਡ ਵਾਸੀ ਗੁਰੂ ਘਰਾਂ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਸੁਰੱਖਿਅਤ ਥਾਵਾਂ ਉੱਤੇ ਪਹੁੰਚਾਉਣਾ ਯਕੀਨੀ ਬਣਾਉਣ। ਜਥੇਦਾਰ ਗੜਗੱਜ ਨੇ ਕਿਹਾ ਕਿ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਸ੍ਰੀ ਕਰਤਾਰਪੁਰ ਸਾਹਿਬ ਸਿੱਖਾਂ ਲਈ ਧਾਰਮਿਕ ਆਸਥਾ ਦਾ ਅਤਿ ਅਹਿਮ ਕੇਂਦਰ ਅਤੇ ਸਿੱਖ ਵਿਰਾਸਤ ਹੈ, ਇੱਥੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦਾ ਬਹੁਤ ਅਹਿਮ ਅਤੇ ਅੰਤਿਮ ਸਮਾਂ ਬਿਤਾਇਆ ਹੈ। ਉਨ੍ਹਾਂ ਕਿਹਾ ਕਿ ਭਾਵੇਂ ਇਸ ਸਾਲ ਗੁਰੂ ਘਰ ਦੀ ਹਦੂਦ ਅੰਦਰ ਹੜ੍ਹ ਦਾ ਪਾਣੀ ਵੜ ਗਿਆ ਹੈ ਲੇਕਿਨ ਭਵਿੱਖ ਵਾਸਤੇ ਪਾਕਿਸਤਾਨ ਅਤੇ ਲਹਿੰਦੇ ਪੰਜਾਬ ਦੀਆਂ ਸਰਕਾਰਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅਜਿਹਾ ਨਾ ਹੋਵੇ, ਇਸ ਲਈ ਲੋੜ ਅਨੁਸਾਰ ਰਾਵੀ ਦਰਿਆ ਦੇ ਵਹਿਣ ਨੂੰ ਗੁਰੂ ਘਰ ਦੀ ਹਦੂਦ ਅਤੇ ਸਮੂਹ ਅੰਦਰ ਆਉਣ ਤੋਂ ਰੋਕਣ ਲਈ ਢੁਕਵੀਂ ਥਾਵਾਂ ਉੱਤੇ ਧੁੱਸੀ ਬੰਨ੍ਹ ਜਾਂ ਹੋਰ ਪੱਕੇ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਖਿਆ ਕਿ ਉਹ ਪਾਕਿਸਤਾਨ ਓਕਾਫ਼ ਬੋਰਡ ਦਾ ਸਹਿਯੋਗ ਲੈ ਕੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਦੀ ਇਮਾਰਤ ਨੂੰ ਪੁੱਜੇ ਨੁਕਸਾਨ ਦਾ ਵੇਰਵਾ ਇਕੱਤਰ ਕਰੇ ਅਤੇ ਇਸ ਦੀ ਰਿਪੋਰਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਰਾਹੀਂ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜਣਾ ਯਕੀਨੀ ਬਣਾਏ।

ਜਥੇਦਾਰ ਗੜਗੱਜ ਨੇ ਸ਼੍ਰੋਮਣੀ ਕਮੇਟੀ ਨੂੰ ਵੀ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਓਕਾਫ਼ ਬੋਰਡ ਨਾਲ ਰਾਬਤਾ ਕਰਕੇ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਹੜ੍ਹ ਕਾਰਨ ਹੋਏ ਨੁਕਸਾਨ ਦੀ ਸਮੁੱਚੀ ਰਿਪੋਰਟ ਪ੍ਰਾਪਤ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜਣ ਲਈ ਆਖਿਆ। ਜਥੇਦਾਰ ਗੜਗੱਜ ਨੇ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਨੂੰ ਕਿਹਾ ਕਿ ਦੋਵੇਂ ਦੇਸ਼ ਸਾਂਝੇ ਯਤਨਾਂ ਅਤੇ ਆਪਸੀ ਤਾਲਮੇਲ ਨਾਲ ਇਹ ਯਕੀਨੀ ਬਣਾਉਣ ਕਿ ਭਵਿੱਖ ਵਿੱਚ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਵਿੱਚ ਇਸ ਤਰ੍ਹਾਂ ਹੜ੍ਹ ਦਾ ਪਾਣੀ ਨਾ ਆਵੇ, ਇਸ ਲਈ ਦੋਵੇਂ ਪਾਸੇ ਜੋ ਪ੍ਰਬੰਧ ਕਰਨੇ ਲੋੜੀਂਦੇ ਹਨ ਉਹ ਕੀਤੇ ਜਾਣ ਤਾਂ ਜੋ ਸਿੱਖ ਸੰਗਤਾਂ ਨੂੰ ਕਿਸੇ ਕਿਸਮ ਦੀ ਚਿੰਤਾ ਨਾ ਹੋਵੇ। ਉਨ੍ਹਾਂ ਭਾਰਤ ਸਰਕਾਰ ਨੂੰ ਇੱਕ ਵਾਰ ਫਿਰ ਅਪੀਲ ਕੀਤੀ ਕਿ ਹੜ੍ਹ ਦਾ ਪਾਣੀ ਉਤਰ ਜਾਣ ਦੇ ਤੁਰੰਤ ਬਾਅਦ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਜੋ ਬੀਤੇ ਦਿਨੀਂ ਦੋਵੇਂ ਦੇਸ਼ਾਂ ਵਿਚਕਾਰ ਕੁੜੱਤਣ ਵਾਲੇ ਮਾਹੌਲ ਕਰਕੇ ਬੰਦ ਕੀਤਾ ਗਿਆ ਸੀ ਉਸ ਨੂੰ ਜਲਦ ਹੀ ਖੋਲ੍ਹਿਆ ਜਾਵੇ ਤਾਂ ਜੋ ਆਪਸੀ ਸਾਂਝ ਤੇ ਪਿਆਰ ਵਧੇ ਤੇ ਭਾਰਤ ਵਾਲੇ ਪਾਸਿਓਂ ਸਿੱਖ ਸੰਗਤ ਸ੍ਰੀ ਕਰਤਾਰਪੁਰ ਸਾਹਿਬ ਜਾ ਕੇ ਗੁਰੂ ਘਰ ਦੀ ਮੌਜੂਦਾ ਸਥਿਤੀ ਵਾਚ ਸਕੇ ਅਤੇ ਲੋੜੀਂਦੀ ਕਾਰ ਸੇਵਾ ਅਰੰਭੀ ਜਾਵੇ।

# ਓਕੇਡੀ ਨੇ ਜਿੱਤਿਆ ਅੰਤਰਰਾਸ਼ਟਰੀ ਬਰੈਂਪਟਨ ਫੀਲਡ ਹਾਕੀ ਕੱਪ 2025




ਸਟਾਰ ਨਿਊਜ਼: ਓਨਟਾਰੀਓ ਫੀਲਡ ਹਾਕੀ ਫੈਡਰੇਸ਼ਨ ਅਤੇ ਯੁਨਾਈਟਿਡ ਬ੍ਰਦਰਜ਼ ਫੀਲਡ ਹਾਕੀ ਅਕੈਡਮੀ ਬਰੈਪਟਨ ਵਲੋਂ 23 ਅਤੇ 24 ਅਗਸਤ ਨੂੰ ਸਲਾਨਾ ਅੰਤਰਰਾਸ਼ਟਰੀ ਬਰੈਂਪਟਨ ਹਾਕੀ ਕੱਪ 2025 ਬਰੈਂਪਟਨ ਦੇ ਕੈਸੀ ਕੈਂਬਲ ਇੰਟਰਨੈਸ਼ਨ ਹਾਕੀ ਸਟੇਡੀਅਮ ਵਿਖੇ ਕਰਵਾਇਆ ਗਿਆ। ਇਸ ਕੱਪ ਵਿੱਚ ਓਪਨ ਮਰਦਾਂ ਦੀਆਂ 7 ਟੀਮਾਂ ਨੇ ਹਿੱਸਾ ਲਿਆ ਸੀ। 4 ਟੀਮਾਂ 45+ ਉਮਰ ਦੇ ਮਰਦਾਂ ਦੀਆਂ ਸਨ, 4 ਟੀਮਾਂ 12 ਤੋਂ 14 ਦੇ ਬੱਚਿਆਂ ਦੀਆਂ ਸਨ। ਇਸ ਕੱਪ ਵਿੱਚ ਮਰਦਾਂ ਦੇ ਓਪਨ ਮੁਕਾਬਲਿਆਂ ਵਿੱਚ ਉਨਟੇਰੀਓ ਖ਼ਾਲਸਾ ਦਰਬਾਰ ਫੀਲਡ ਹਾਕੀ ਦੀ ਟੀਮ ਜੇਤੂ ਰਹੀ ਅਤੇ ਪੰਜਾਬ ਹਾਕਸ ਦੀ ਟੀਮ ਦੂਜੇ ਸਥਾਨ 'ਤੇ ਰਹੀ। ਜੈਤੂ ਟੀਮ ਨੂੰ $31,00 ਦਾ ਇਨਾਮ ਅਤੇ ਦੂਜੇ ਸਥਾਨ ਵਾਲੀ ਟੀਮ ਨੂੰ $21,00 ਦਾ ਇਨਾਮ ਦਿੱਤਾ ਗਿਆ। ਇਸ ਵਿੱਚ ਓਕੇਡੀ ਦੀ ਬੱਚਿਆਂ ਦੀ ਟੀਮ ਵੀ ਜੈਤੂ ਰਹੀ, ਅਤੇ 45+ ਮਰਦਾਂ ਦੀ ਟੀਮ ਵਿੱਚ ਬਰੈਂਪਟਨ ਹਾਕੀ ਕਲੱਬ ਦੀ ਟੀਮ ਜੇਤੂ ਰਹੀ। ਸਾਰੀਆਂ ਜੇਤੂ ਟੀਮਾਂ ਨੂੰ ਪ੍ਰਬੰਧਕਾਂ ਵਲੋਂ ਬਹੁਤ ਬਹੁਤ ਵਧਾਈ ਦਿੱਤੀ ਗਈ। ਅਤੇ ਅਗਲੇ ਸਾਲ ਲਈ ਸ਼ੁੱਭਕਾਮਨਾਵਾਂ ਦਿੱਤੀਆਂ।






# ਸੁਖਬੀਰ ਬਾਦਲ ਸਣੇ ਸਮੁੱਚੀ ਅਕਾਲੀ ਲੀਡਰਸ਼ਿਪ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਰਬੱਤ ਦੇ ਭਲੇ ਦੀ ਕੀਤੀ ਅਰਦਾਸ



ਲੈਂਡ ਪੂਲਿੰਗ ਪਾਲਿਸੀ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਛੇੜੀ ਮੁਹਿੰਮ ਦੇ ਤਹਿਤ ਜਿਥੇ ਮੋਹਾਲੀ ਦੇ ਗੁਰਦੁਆਰਾ ਸਾਹਿਬ ਤੋਂ ਅਰਦਾਸ ਕੀਤੀ ਗਈ ਸੀ ਅਤੇ ਹੁਣ ਇਸ ਪਾਲਿਸੀ ਦੇ ਖਤਮ ਹੋਣ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਅੱਜ ਅਕਾਲੀ ਦਲ ਦੀ ਲੀਡਰਸ਼ਿਪ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਸਨਮੁੱਖ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਪਾਰਟੀ ਦੇ ਸੀਨੀਅਰ ਆਗੂ ਦਲਜੀਤ ਚੀਮਾ ਨੇ ਦੱਸਿਆ ਕਿ ਜਦੋਂ ਲੈਂਡ ਪੂਲਿੰਗ ਪਾਲਸੀ ਦੇ ਖਿਲਾਫ਼ ਧਰਨੇ ਸ਼ੁਰੂ ਹੋਏ ਸਨ, ਤਾਂ ਇਰਾਦਾ ਕੀਤਾ ਗਿਆ ਸੀ ਕਿ ਸੰਘਰਸ਼ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਗੁਰੂ ਸਾਹਿਬ ਦੇ ਦਰ 'ਤੇ ਨਤਮਸਤਕ ਹੋਣਾ 'ਤੇ ਅਰਦਾਸ ਕਰਨੀ ਜਰੂਰੀ ਹੈ। ਅੱਜ ਦੀ ਹਾਜ਼ਰੀ ਉਸੀ ਇਰਾਦੇ ਨੂੰ ਪੂਰਾ ਕਰਨ ਲਈ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਇਹ ਕੇਵਲ ਸਿਆਸੀ ਕਦਮ ਨਹੀਂ, ਸਗੋਂ ਰੂਹਾਨੀ ਤੌਰ 'ਤੇ ਮਜਬੂਤੀ ਲੈਣ ਲਈ ਗੁਰੂ ਸਾਹਿਬ ਅੱਗੇ ਮੱਥਾ ਟੇਕਣਾ ਅਤੇ ਕੌਮ ਦੀ ਅਗਵਾਈ ਲਈ ਅਰਦਾਸ ਕਰਨੀ ਬਹੁਤ ਜ਼ਰੂਰੀ ਸੀ।

ਇਸ ਮੌਕੇ 'ਤੇ ਅਕਾਲੀ ਦਲ ਨੇ ਪੰਜਾਬ ਵਿੱਚ ਆ ਰਹੀਆਂ ਹੜ੍ਹਾਂ ਦੀ ਭਿਆਨਕ ਸਥਿਤੀ ਉੱਤੇ ਵੀ ਗੰਭੀਰ ਚਿੰਤਾ ਜ਼ਾਹਰ ਕੀਤੀ। ਆਗੂਆਂ ਨੇ ਅਰਦਾਸ ਕੀਤੀ ਕਿ ਗੁਰੂ ਸਾਹਿਬ ਸਾਰੇ ਪੰਜਾਬ 'ਤੇ ਮਿਹਰ ਦੀ ਨਿਗਾਹ ਰੱਖਣ ਅਤੇ ਜਿਨ੍ਹਾਂ ਖੇਤਰਾਂ ਵਿੱਚ ਹੜ੍ਹਾਂ ਨੇ ਨੁਕਸਾਨ ਕੀਤਾ ਉਥੇ ਲੋਕਾਂ ਨੂੰ ਹੌਂਸਲਾ 'ਤੇ ਸਹਾਇਤਾ ਮਿਲੇ। ਪੰਜਾਬ ਦਾ ਵੱਡਾ ਹਿੱਸਾ ਪ੍ਰਭਾਵਿਤ ਹੋਣ ਕਰਕੇ ਕਿਸੇ ਵੀ ਪ੍ਰਕਾਰ ਦੇ ਨੁਕਸਾਨ ਤੋਂ ਬਚਾਅ ਲਈ ਅਰਦਾਸ ਬੇਨਤੀ ਕੀਤੀ ਗਈ।

ਇਸ ਮੌਕੇ ਸੁਖਬੀਰ ਸਿੰਘ ਬਾਦਲ ਤੋਂ ਇਲਾਵਾ ਬਲਵਿੰਦਰ ਸਿੰਘ ਭੂੰਦੜ, ਡਾ. ਦਲਜੀਤ ਸਿੰਘ ਚੀਮਾ, ਮਹੇਸ਼ਇੰਦਰ ਸਿੰਘ ਗਰੇਵਾਲ, ਜਥੇ. ਹੀਰਾ ਸਿੰਘ ਗਾਬੜੀਆ, ਅਰਸ਼ਦੀਪ ਸਿੰਘ ਕਲੇਰ, ਭਾਈ ਗੁਰਚਰਨ ਸਿੰਘ ਗਰੇਵਾਲ, ਸੁਰਜੀਤ ਸਿੰਘ ਭਿੱਟੇਵੱਡ, ਰਾਜਵਿੰਦਰ ਸਿੰਘ ਰਾਜਾਲਦੇਹ, ਸੁਰਜੀਤ ਸਿੰਘ ਸਮੇਤ ਹੋਰ ਸੀਨੀਅਰ ਅਕਾਲੀ ਆਗੂ ਹਾਜ਼ਰ ਸਨ।

# ਬਰਤਾਨੀਆ 'ਚ ਜਿਨਸੀ ਅਪਰਾਧ ਮਾਮਲਿਆਂ ਵਿਚ ਭਾਰਤੀ ਮੂਲ ਦੇ ਲੋਕਾਂ ਦੀ ਗਿਣਤੀ ਸੱਭ ਤੋਂ ਜ਼ਿਆਦਾ



ਬਰਤਾਨੀਆ ਸਰਕਾਰ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਮੁਤਾਬਕ ਪਿਛਲੇ ਚਾਰ ਸਾਲਾਂ 'ਚ ਬਰਤਾਨੀਆਂ 'ਚ ਜਿਨਸੀ ਅਪਰਾਧਾਂ ਲਈ ਸਜ਼ਾ ਸੁਣਾਏ ਗਏ ਵਿਦੇਸ਼ੀਆਂ ਦੀ ਗਿਣਤੀ 'ਚ ਕਾਫੀ ਵਾਧਾ ਹੋਇਆ ਹੈ ਅਤੇ ਭਾਰਤੀ ਨਾਗਰਿਕਾਂ ਦੀ ਗਿਣਤੀ ਸੱਭ ਤੋਂ ਵੱਧ ਹੈ। ਸਾਲ 2021 ਤੋਂ 2024 ਦਰਮਿਆਨ ਜਿਨਸੀ ਅਪਰਾਧਾਂ ਲਈ ਦੋਸ਼ੀ ਠਹਿਰਾਏ ਗਏ ਵਿਦੇਸ਼ੀਆਂ ਵਿਚੋਂ ਭਾਰਤੀਆਂ ਦੀ ਗਿਣਤੀ 'ਚ 257 ਫ਼ੀ ਸਦੀ ਦਾ ਵਾਧਾ ਹੋਇਆ ਹੈ, ਜਦਕਿ ਜਿਨਸੀ ਅਪਰਾਧਾਂ ਲਈ ਦੋਸ਼ੀ ਠਹਿਰਾਏ ਗਏ ਵਿਦੇਸ਼ੀ ਨਾਗਰਿਕਾਂ ਦੀ ਕੁਲ ਗਿਣਤੀ 'ਚ 62 ਫ਼ੀ ਸਦੀ ਦਾ ਵਾਧਾ ਹੋਇਆ ਹੈ।

ਇਹ ਅੰਕੜੇ ਬਰਤਾਨੀਆਂ ਦੇ ਨਿਆਂ ਮੰਤਰਾਲੇ ਦੇ ਪੁਲਿਸ ਨੈਸ਼ਨਲ ਕੰਪਿਊਟਰ ਤੋਂ ਪ੍ਰਾਪਤ ਅੰਕੜਿਆਂ ਉਤੇ ਅਧਾਰਤ ਹਨ। ਇਸ ਤੋਂ ਬਾਅਦ ਇਮੀਗ੍ਰੇਸ਼ਨ ਵਿਰੋਧੀ ਥਿੰਕ ਟੈਂਕ ਸੈਂਟਰ ਫਾਰ ਮਾਈਗ੍ਰੇਸ਼ਨ ਕੰਟਰੋਲ (ਸੀ.ਐੱਮ.ਸੀ.) ਨੇ ਉਨ੍ਹਾਂ ਦਾ ਵਿਸ਼ਲੇਸ਼ਣ ਕੀਤਾ। ਸੀ.ਐਮ.ਸੀ. ਨੇ ਇਸ ਹਫਤੇ ਅਪਣੇ ਵਿਸ਼ਲੇਸ਼ਣ ਵਿਚ ਕਿਹਾ, ''ਜਿਨਸੀ ਅਪਰਾਧਾਂ ਲਈ ਦੋਸ਼ੀ ਠਹਿਰਾਏ ਗਏ ਵਿਦੇਸ਼ੀ ਨਾਗਰਿਕਾਂ ਦੀ ਗਿਣਤੀ 2021 ਅਤੇ 2024 ਦੇ ਵਿਚਕਾਰ 62 ਫ਼ੀ ਸਦੀ ਵਧ ਕੇ 687 ਤੋਂ 1,114 ਹੋ ਗਈ ਹੈ। ਇਸ ਸਮੇਂ ਦੌਰਾਨ, ਇਨ੍ਹਾਂ ਅਪਰਾਧਾਂ ਲਈ ਬ੍ਰਿਟਿਸ਼ ਸਜ਼ਾ ਦੀ ਦਰ ਵਿਚ 39.31 ਫ਼ੀ ਸਦੀ ਦਾ ਵਾਧਾ ਹੋਇਆ।'' ਥਿੰਕ ਟੈਂਕ ਦੇ ਅੰਕੜਿਆਂ ਅਨੁਸਾਰ, ਭਾਰਤੀ 2021 ਤੋਂ ਸੂਚੀ ਵਿਚ ਸਿਖਰ ਉਤੇ ਬਣੇ ਹੋਏ ਹਨ, ਜਦੋਂ ਉਨ੍ਹਾਂ ਉਤੇ ਅਜਿਹੇ 28 ਅਪਰਾਧਕ ਮਾਮਲੇ ਦਰਜ ਕੀਤੇ ਗਏ ਸਨ।

ਇਸ ਤੋਂ ਬਾਅਦ 2022 'ਚ 53, 2023 'ਚ 67 ਅਤੇ ਪਿਛਲੇ ਸਾਲ 100 ਅਪਰਾਧਕ ਮਾਮਲੇ ਦਰਜ ਕੀਤੇ ਗਏ ਸਨ। 2021 ਤੋਂ 2024 ਦੇ ਵਿਚਕਾਰ, ਜਿਨਸੀ ਅਪਰਾਧ ਸੂਚੀ ਵਿਚ ਚੋਟੀ ਦੇ ਪੰਜ ਦੇਸ਼ਾਂ 'ਚ, ਨਾਈਜੀਰੀਅਨਾਂ ਦੇ ਮਾਮਲਿਆਂ ਵਿਚ 166 ਫ਼ੀ ਸਦੀ, ਇਰਾਕੀ ਲੋਕਾਂ ਦੇ ਮਾਮਲਿਆਂ ਵਿਚ 160 ਫ਼ੀ ਸਦੀ, ਸੁਡਾਨੀ ਦੇ ਮਾਮਲਿਆਂ ਵਿਚ 117 ਫ਼ੀ ਸਦੀ ਅਤੇ ਅਫਗਾਨ ਦੇ ਮਾਮਲਿਆਂ ਵਿਚ 115 ਫ਼ੀ ਸਦੀ ਦਾ ਵਾਧਾ ਹੋਇਆ ਹੈ।

ਵਿਸ਼ਲੇਸ਼ਣ ਵਿਚ ਪਛਾਣੇ ਗਏ ਹੋਰ ਦਖਣੀ ਏਸ਼ੀਆਈ ਦੇਸ਼ਾਂ ਵਿਚ ਬੰਗਲਾਦੇਸ਼ ਵੀ ਸ਼ਾਮਲ ਹੈ, ਜੋ ਚਾਰ ਸਾਲਾਂ ਦੀ ਮਿਆਦ ਵਿਚ 100 ਫ਼ੀ ਸਦੀ ਦੇ ਵਾਧੇ ਨਾਲ ਛੇਵੇਂ ਸਥਾਨ ਉਤੇ ਹੈ। ਪਾਕਿਸਤਾਨੀ 47 ਫੀ ਸਦੀ ਦੇ ਵਾਧੇ ਨਾਲ 11ਵੇਂ ਸਥਾਨ ਉਤੇ ਹਨ। ਇਸ ਮਹੀਨੇ ਦੀ ਸ਼ੁਰੂਆਤ 'ਚ ਭਾਰਤ ਨੂੰ ਬਰਤਾਨੀਆਂ ਸਰਕਾਰ ਦੀ ਵਿਦੇਸ਼ੀ ਅਪਰਾਧੀਆਂ ਦੀ ਵਿਸਥਾਰਤ ਸੂਚੀ 'ਚ ਸ਼ਾਮਲ ਕੀਤਾ ਗਿਆ ਸੀ ਤਾਂ ਜੋ ਉਨ੍ਹਾਂ ਦੀਆਂ ਅਪੀਲਾਂ ਉਤੇ ਸੁਣਵਾਈ ਤੋਂ ਪਹਿਲਾਂ ਉਨ੍ਹਾਂ ਨੂੰ ਸਜ਼ਾ ਸੁਣਾਈ ਜਾ ਸਕੇ। ਇਹ ਕਦਮ ਯੂ.ਕੇ. ਵਿਚ ਵੱਧ ਰਹੇ ਪ੍ਰਵਾਸ ਨੂੰ ਰੋਕਣ ਦੇ ਉਪਾਵਾਂ ਦੇ ਹਿੱਸੇ ਵਜੋਂ ਚੁਕਿਆ ਗਿਆ ਹੈ।

# ਮਿਨੀਪੋਲਿਸ ਦੇ ਕੈਥੋਲਿਕ ਸਕੂਲ 'ਚ ਗੋਲੀਬਾਰੀ; ਹਮਲਾਵਰ ਸਣੇ ਤਿੰਨ ਦੀ ਮੌਤ, 17 ਜ਼ਖ਼ਮੀ



ਮਿਨੀਆਪੋਲਿਸ ਦੇ ਇੱਕ ਕੈਥਲਿਕ ਸਕੂਲ ਵਿੱਚ ਕਲਾਸਾਂ ਸ਼ੁਰੂ ਹੋਣ ਦੀ ਸ਼ੁਰੂਆਤ ਦੇ ਪਹਿਲੇ ਹਫ਼ਤੇ ਵਿੱਚ ਹੀ ਅੱਜ ਗੋਲੀਬਾਰੀ ਦੀ ਇੱਕ ਘਟਨਾ 'ਚ ਦੋ ਬੱਚਿਆਂ ਦੀ ਮੌਤ ਹੋ ਗਈ ਅਤੇ 17 ਹੋਰ ਜ਼ਖਮੀ ਹੋ ਗਏ। ਅਧਿਕਾਰੀਆਂ ਅਤੇ ਹਸਪਤਾਲ ਦੇ ਪ੍ਰਤੀਨਿਧ ਨੇ ਇਹ ਜਾਣਕਾਰੀ ਦਿੱਤੀ।

ਪੁਲੀਸ ਮੁਖੀ ਅਤੇ ਮੇਅਰ ਨੇ ਦੱਸਿਆ ਕਿ ਸਕੂਲ ਵਿੱਚ ਪ੍ਰਾਰਥਨਾ ਸਮੇਂ ਹੋਈ ਗੋਲੀਬਾਰੀ ਵਿੱਚ ਦੋ ਬੱਚਿਆਂ ਦੀ ਮੌਤ ਹੋ ਗਈ ਤੇ 14 ਬੱਚਿਆਂ ਸਣੇ 17 ਜਣੇ ਜ਼ਖਮੀ ਹੋ ਗਏ। ਘਟਨਾ ਦੌਰਾਨ ਹਮਲਾਵਰ ਵੀ ਮਾਰਿਆ ਗਿਆ।

Minneapolis Police Chief Brian O'Hara ਨੇ ਕਿਹਾ ਕਿ ਹਮਲਵਰ, ਜਿਸ ਕੋਲ ਰਾਈਫਲ, ਸ਼ਾਟਗੰਨ ਤੇ ਪਿਸਤੌਲ ਸੀ, ਲੈਸਵਰ ਕਿ ਚਰਚ ਵੱਲ ਵਧਿਆ ਅਤੇ ਉਸ ਨੇ ਖਿੜਕੀਆਂ ਰਾਹੀਂ Annunciation Catholic School ਵਿਚ ਪ੍ਰਾਰਥਨਾ ਸਭਾ ਦੇ ਬੈਂਚ 'ਤੇ ਬੈਠੇ ਬੱਚਿਆਂ 'ਤੇ ਗੋਲੀਆਂ ਚਲਾ ਦਿੱਤੀਆਂ। ਉਨ੍ਹਾਂ ਕਿਹਾ ਕਿ ਗੋਲੀਬਾਰੀ ਦਾ ਸ਼ੱਕੀ ਵਿਅਕਤੀ ਵੀ ਮਾਰਿਆ ਗਿਆ, ਜਿਸ ਦੀ ਉਮਰ 20 ਸਾਲ ਹੈ ਅਤੇ ਉਸਦਾ ਕੋਈ ਵਿਆਪਕ ਅਪਰਾਧਕ ਰਿਕਾਰਡ ਨਹੀਂ ਹੈ। ਪੁਲੀਸ ਦਾ ਮੰਨਣਾ ਹੈ ਕਿ ਹਮਲਾਵਰ ਨੇ ਖ਼ੁਦ ਨੂੰ ਗੋਲੀ ਮਾਰ ਲਈ। ਉਨ੍ਹਾਂ ਦੱਸਿਆ ਕਿ ਮਾਰੇ ਗਏ ਬੱਚਿਆ ਦੀ ਉਮਰ 8 ਅਤੇ 10 ਸੀ। ਘਟਨਾ ਸਮੇਂ ਦਰਜਨਾਂ ਬੱਚੇ ਹਾਲ ਦੇ ਅੰਦਰ ਸਨ। ਪੁਲੀਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਕੈਨੇਡਾ ਵਿਚ ਪੰਜਾਬੀ ਵਕੀਲ 'ਤੇ ਧੋਖਾਧੜੀ ਦੇ ਦੋਸ਼

## 30 ਲੱਖ ਡਾਲਰ ਤੋਂ ਵੱਧ ਰਕਮ ਦੇ ਘਪਲੇ ਦੀਆਂ ਸ਼ਿਕਾਇਤਾਂ ਪੁੱਜੀਆਂ




ਬਰੈਂਪਟਨ : ਕੈਨੇਡਾ ਵਿਚ ਇਕ ਪੰਜਾਬੀ ਵਕੀਲ ਉਤੇ 30 ਲੱਖ ਡਾਲਰ ਤੋਂ ਵੱਧ ਰਕਮ ਦੀ ਧੋਖਾਧੜੀ ਕਰਨ ਦੇ ਦੋਸ਼ ਲੱਗੇ ਹਨ ਅਤੇ ਪੀਲ ਰੀਜਨਲ ਪੁਲਿਸ ਮਾਮਲੇ ਦੀ ਪੜਤਾਲ ਕਰ ਰਹੀ ਹੈ। ਪੀਲ ਪੁਲਿਸ ਦੇ ਫਰੌਡ ਬਿਊਰੋ ਕੋਲ ਜੁਲਾਈ ਅਤੇ ਅਗਸਤ ਦੌਰਾਨ ਕਈ ਸ਼ਿਕਾਇਤਾਂ ਪੁੱਜੀਆਂ ਜਿਨ੍ਹਾਂ ਵਿਚ ਬਰੈਂਪਟਨ ਦੇ ਵਕੀਲ ਪਵਨਜੀਤ ਮਾਨ ਵਿਰੁੱਧ ਆਪਣੇ ਟਰੱਸਟ ਦੇ ਖਾਤੇ ਰਾਹੀਂ ਵੱਡਾ ਘਪਲਾ ਕਰਨ ਦੇ ਦੋਸ਼ ਲਾਏ ਗਏ। ਬਰੈਂਪਟਨ ਦੇ ਬ੍ਰਿਸਡੇਲ ਡਰਾਈਵ ਵਿਖੇ ਸਥਿਤ ਪੀ.ਜੇ. ਮਾਨ ਲਾਅ ਫਰਮ ਵਿਚ ਵਕੀਲ ਪਵਨਜੀਤ ਮਾਨ ਵਿਰੁੱਧ ਸ਼ਿਕਾਇਤਾਂ ਦਰਜ ਕਰਵਾਉਣ ਵਾਲਿਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ 3 ਮਿਲੀਅਨ ਡਾਲਰ ਤੋਂ ਵੱਧ ਰਕਮ ਦਾ ਨੁਕਸਾਨ ਹੋਇਆ।

ਪਵਨਜੀਤ ਮਾਨ ਵਿਰੁੱਧ ਸ਼ਿਕਾਇਤਾਂ ਦਾ ਪੁਲੰਦਾ ਅਜਿਹੇ ਸਮੇਂ ਆਇਆ ਹੈ ਜਦੋਂ ਇਕ ਮਹੀਨਾ ਪਹਿਲਾਂ ਉਨਟਾਰੀਓ ਦੀ ਲਾਅ ਸੋਸਾਇਟੀ ਨੇ ਉਸ ਦਾ ਲਾਇਸੰਸ ਰੱਦ ਕਰ ਦਿਤਾ। ਇਕ ਟ੍ਰਿਬਿਊਨਲ ਨੇ ਜੁਲਾਈ ਵਿਚ ਫੈਸਲਾ ਸੁਣਾਉਂਦਿਆਂ ਕਿਹਾ ਸੀ ਕਿ ਪਵਨਜੀਤ ਮਾਨ ਵੱਲੋਂ ਦੋ ਪ੍ਰੋਪਰਟੀਜ਼ ਨਾਲ ਸਬੰਧਤ ਰੀਅਲ ਅਸਟੇਟ ਦੇ ਲੈਣ-ਦੇਣ ਬਾਰੇ ਜਾਣ-ਬੁੱਝ ਕੇ ਬੇਇਮਾਨੀ ਕੀਤੀ ਗਈ ਅਤੇ ਇਕ ਪੜਤਾਲ ਦੌਰਾਨ ਲਾਅ ਸੋਸਾਇਟੀ ਨੂੰ ਗੁੰਮਰਾਹ ਕਰਨ ਦਾ ਯਤਨ ਕੀਤਾ। ਸਿਟੀ ਨਿਊਜ਼ ਦੀ ਰਿਪੋਰਟ ਮੁਤਾਬਕ ਪਵਨਜੀਤ ਮਾਨ ਦਾ ਲਾਇਸੰਸ ਰੱਦ ਕਰਦਿਆਂ ਉਸ ਨੂੰ 24 ਹਜ਼ਾਰ ਡਾਲਰ ਜੁਰਮਾਨਾ ਅਦਾ ਕਰਨ ਦੇ ਹੁਕਮ ਵੀ ਦਿਤੇ ਗਏ।

### ਪੀਲ ਰੀਜਨਲ ਪੁਲਿਸ ਕਰ ਰਹੀ ਹੈ ਮਾਮਲੇ ਦੀ ਪੜਤਾਲ

ਉਧਰ ਪੀਲ ਰੀਜਨਲ ਪੁਲਿਸ ਨੇ ਸੋਮਵਾਰ ਨੂੰ ਮਾਮਲੇ ਦੀ ਤਹਿਕੀਕਾਤ ਕਰਨ ਦਾ ਐਲਾਨ ਕਰ ਦਿਤਾ ਅਤੇ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇ ਕਿਸੇ ਕੋਲ ਇਸ ਮਾਮਲੇ ਨਾਲ ਸਬੰਧਤ ਕੋਈ ਜਾਣਕਾਰੀ ਹੋਵੇ ਤਾਂ ਫਰੌਡ ਬਿਊਰੋ ਦੇ ਜਾਂਚਕਰਤਾਵਾਂ ਨਾਲ 905 453 3311 ਐਕਸਟੈਨਸ਼ਨ 3335 'ਤੇ ਸੰਪਰਕ ਕੀਤਾ ਜਾਵੇ। ਦੂਜੇ ਪਾਸੇ ਪਵਨਜੀਤ ਮਾਨ ਜਾਂ ਪੀ.ਜੇ. ਮਾਨ ਲਾਅ ਫ਼ਰਮ ਵੱਲੋਂ ਫ਼ਿਲਹਾਲ ਇਸ ਮੁੱਦੇ 'ਤੇ ਕੋਈ ਟਿੱਪਣੀ ਨਹੀਂ ਕੀਤੀ ਗਈ।

# SIT ਨੇ ਨਾਭਾ ਜੇਲ੍ਹ 'ਚ ਮਜੀਠੀਆ ਤੋਂ ਢਾਈ ਘੰਟੇ ਕੀਤੀ ਪੁੱਛਗਿੱਛ



ਚੰਡੀਗੜ੍ਹ: ਐਸਆਈਟੀ ਨੇ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਜੇਲ੍ਹ ਵਿੱਚ ਬੰਦ ਅਕਾਲੀ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਤੋਂ ਪੁੱਛਗਿੱਛ ਕੀਤੀ ਹੈ। ਐਸਐਸਪੀ ਵਰੁਣ ਸ਼ਰਮਾ ਦੀ ਅਗਵਾਈ ਵਾਲੀ ਐਸਆਈਟੀ ਨੇ ਸੋਮਵਾਰ ਨੂੰ ਨਾਭਾ ਦੀ ਨਵੀਂ ਜ਼ਿਲ੍ਹਾ ਜੇਲ੍ਹ ਵਿੱਚ ਮਜੀਠੀਆ ਤੋਂ ਪੁੱਛਗਿੱਛ ਕੀਤੀ। ਲਗਭਗ ਢਾਈ ਘੰਟੇ ਤੱਕ ਚੱਲੀ ਪੁੱਛਗਿੱਛ ਦੌਰਾਨ, ਐਸਆਈਟੀ ਨੇ ਮਜੀਠੀਆ ਤੋਂ ਗੁੰਮ ਹੋਏ ਜ਼ਮੀਨੀ ਰਿਕਾਰਡ ਬਾਰੇ ਪੁੱਛਗਿੱਛ ਕੀਤੀ।

ਐਸਆਈਟੀ ਅਧਿਕਾਰੀਆਂ ਨੇ ਕਿਹਾ ਕਿ ਇਹ ਜਾਂਚ ਅਦਾਲਤ ਦੇ ਹੁਕਮਾਂ ਤੋਂ ਬਾਅਦ ਕੀਤੀ ਗਈ ਸੀ। ਦਰਅਸਲ, ਆਮ ਆਦਮੀ ਪਾਰਟੀ ਨੇ ਸੂਤਰਾਂ ਦਾ ਹਵਾਲਾ ਦਿੰਦੇ ਹੋਏ ਦਾਅਵਾ ਕੀਤਾ ਸੀ ਕਿ ਅੰਮ੍ਰਿਤਸਰ ਵਿੱਚ ਮਜੀਠੀਆ ਦੀ ਸ਼ੱਕੀ ਜਾਇਦਾਦ ਦੇ ਕਾਗਜ਼ਾਤ ਗਾਇਬ ਕਰ ਦਿੱਤੇ ਗਏ ਸਨ। ਪਟਿਆਲਾ ਦੇ ਐਸਐਸਪੀ ਵਰੁਣ ਸ਼ਰਮਾ ਤੋਂ ਇਲਾਵਾ, ਐਸਪੀ ਗੁਰਬੰਸ ਬੈਂਸ ਵੀ ਪੁੱਛਗਿੱਛ ਟੀਮ ਦਾ ਹਿੱਸਾ ਸਨ। ਮਜੀਠੀਆ ਤੋਂ ਪੁੱਛਗਿੱਛ ਕਰਨ ਤੋਂ ਬਾਅਦ, ਐਸਆਈਟੀ ਅਧਿਕਾਰੀਆਂ ਨੇ ਮੀਡੀਆ ਨਾਲ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਆਪਣੀਆਂ ਗੱਡੀਆਂ ਵਿੱਚ ਮੌਕੇ ਤੋਂ ਚਲੇ ਗਏ।

ਨਾਭਾ ਜੇਲ੍ਹ ਵਿੱਚ ਬੰਦ ਮਜੀਠੀਆ ਦੀਆਂ ਮੁਸੀਬਤਾਂ ਲਗਾਤਾਰ ਵੱਧ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਮਜੀਠੀਆ ਵਿਰੁੱਧ ਪਹਿਲੀ ਵਾਰ ਦਸੰਬਰ 2021 ਵਿੱਚ ਤਤਕਾਲੀ ਚੰਨੀ ਸਰਕਾਰ ਦੇ ਸ਼ਾਸਨ ਦੌਰਾਨ ਐਨਡੀਪੀਐਸ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ। ਬਾਅਦ ਵਿੱਚ ਮਜੀਠੀਆ ਨੂੰ ਇਸ ਮਾਮਲੇ ਵਿੱਚ ਜੇਲ੍ਹ ਵੀ ਜਾਣਾ ਪਿਆ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਜ਼ਮਾਨਤ ਮਿਲਣ ਤੋਂ ਬਾਅਦ ਅਗਸਤ 2022 ਵਿੱਚ ਮਜੀਠੀਆ ਨੂੰ ਲਗਭਗ ਪੰਜ ਮਹੀਨਿਆਂ ਬਾਅਦ ਪਟਿਆਲਾ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਸੀ। ਇਸ ਤੋਂ ਬਾਅਦ, 25 ਜੂਨ ਨੂੰ, ਮਜੀਠੀਆ ਨੂੰ ਅੰਮ੍ਰਿਤਸਰ ਸਥਿਤ ਉਸਦੇ ਘਰ ਤੋਂ ਗ੍ਰਿਫਤਾਰ ਕਰ ਲਿਆ ਗਿਆ ਸੀ। ਆਪਣੀ ਆਮਦਨ ਤੋਂ ਵੱਧ ਜਾਇਦਾਦ ਇਕੱਠੀ ਕਰਨ ਤੋਂ ਇਲਾਵਾ, ਮਜੀਠੀਆ 'ਤੇ 540 ਕਰੋੜ ਰੁਪਏ ਦੇ ਡਰੱਗ ਮਨੀ ਨੂੰ ਲਾਂਡਰਿੰਗ ਕਰਨ ਦਾ ਵੀ ਦੋਸ਼ ਹੈ। ਪੰਜਾਬ ਵਿਜੀਲੈਂਸ ਬਿਊਰੋ ਨੇ ਹਾਲ ਹੀ ਵਿੱਚ ਮੋਹਾਲੀ ਦੀ ਇੱਕ ਅਦਾਲਤ ਵਿੱਚ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਮਜੀਠੀਆ ਵਿਰੁੱਧ 40,000 ਪੰਨਿਆਂ ਦੀ ਇੱਕ ਵਿਸਤ੍ਰਿਤ ਚਾਰਜਸ਼ੀਟ ਦਾਇਰ ਕੀਤੀ ਹੈ। 18 ਅਗਸਤ ਨੂੰ, ਮੋਹਾਲੀ ਦੀ ਇੱਕ ਅਦਾਲਤ ਨੇ ਮਜੀਠੀਆ ਦੀ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ ਅਤੇ ਉਸਦੀ ਨਿਆਂਇਕ ਹਿਰਾਸਤ 28 ਅਗਸਤ ਤੱਕ ਵਧਾ ਦਿੱਤੀ ਹੈ।

# ਸੁਖਬੀਰ ਬਾਦਲ ਦੀ ਅਕਾਲੀ ਵਰਕਰਾਂ ਤੇ ਸਮੂਹ ਲੀਡਰਸ਼ਿਪ ਨੂੰ ਅਪੀਲ

## ਕਿਹਾ- "ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਦੀ ਕਰੋ ਮਦਦ"



ਪੰਜਾਬ ਵਿੱਚ ਲਗਾਤਾਰ ਪੈ ਰਹੇ ਮੀਂਹ ਕਾਰਨ ਕਈ ਜ਼ਿਲ੍ਹਿਆਂ ਵਿੱਚ ਹੜ੍ਹ ਆਏ ਹਨ। ਹੜ੍ਹ ਦੀ ਸਥਿਤੀ ਨੂੰ ਦੇਖਦਿਆਂ ਸ਼੍ਰੋਮਣੀ ਅਕਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਅਕਾਲੀ ਵਰਕਰਾਂ ਤੇ ਸਮੂਹ ਲੀਡਰਸ਼ਿਪ ਨੂੰ ਖਾਸ ਅਪੀਲ ਕੀਤੀ ਗਈ ਹੈ। ਸੁਖਬੀਰ ਬਾਦਲ ਨੇ ਵਰਕਰਾਂ ਤੇ ਸਮੂਹ ਲੀਡਰਸ਼ਿਪ ਨੂੰ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਦੀ ਮਦਦ ਕਰਨ ਦੀ ਅਪੀਲ ਕੀਤੀ ਹੈ।

ਸੁਖਬੀਰ ਬਾਦਲ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਸਾਂਝੀ ਕਰਕੇ ਕਿਹਾ ਕਿ ਪਿਛਲੇ ਕਈ ਦਿਨਾਂ ਵਿੱਚ ਪੰਜਾਬ ਵਿੱਚ ਹੜ੍ਹ ਦੀ ਸਥਿਤੀ ਬਹੁਤ ਖ਼ਰਾਬ ਹੋ ਗਈ ਹੈ। ਮੈਂ ਫਾਜ਼ਿਲਕਾ ਤੇ ਸੁਲਤਾਨਪੁਰ ਲੋਧੀ ਸਣੇ ਕਈ ਥਾਵਾਂ ਦਾ ਦੌਰਾ ਕੀਤਾ ਹੈ। ਹੁਸ਼ਿਆਰਪੁਰ ਦੇ ਵੀ ਕਈ ਪਿੰਡਾਂ 'ਚ ਪਾਣੀ ਆਉਣ ਦੀ ਸੂਚਨਾ ਮਿਲੀ ਹੈ। ਮੈਂ ਸਮੂਹ ਅਕਾਲੀ ਵਰਕਰਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਪੰਜਾਬ ਵਿੱਚ ਆਏ ਹੜ੍ਹ ਦੀ ਸਥਿਤੀ ਨੂੰ ਦੇਖਦੇ ਹੋਏ ਆਪਣੇ ਪੰਜਾਬੀਆਂ ਦੀ ਹਰ ਤਰੀਕੇ ਨਾਲ ਮੱਦਦ ਕਰਨ। ਇਸ ਔਖੀ ਘੜੀ ਏਕਤਾ ਨਾਲ ਇੱਕ ਦੂਜੇ ਦਾ ਸਾਥ ਦਿਓ। ਇਸ ਦੇ ਨਾਲ ਹੀ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਸੀਨੀਅਰ ਆਗੂਆਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ 31 ਅਗਸਤ 2025 ਨੂੰ ਮੋਗਾ ਵਿਖੇ ਹੋਣ ਵਾਲੀ "ਫਤਿਹ ਰੈਲੀ" ਨੂੰ ਫਿਲਹਾਲ ਮੁਲਤਵੀ ਕਰਨ ਦਾ ਫੈਸਲਾ ਕੀਤਾ ਹੈ, ਤਾਂ ਜੋ ਸਮੂਹ ਅਕਾਲੀ ਵਰਕਰ ਹੜ੍ਹ ਪੀੜਤਾਂ ਦੀ ਮੱਦਦ ਕਰ ਸਕਣ। ਵਾਹਿਗੁਰੂ ਸਭ 'ਤੇ ਮਿਹਰ ਦਾ ਹੱਥ ਰੱਖਣ।

# ਸਰੀ 'ਚ ਟਰੈਵਲ ਦਫਤਰ 'ਤੇ ਚੱਲੀਆਂ ਗੋਲੀਆਂ

ਵੈਨਕੂਵਰ : ਕੈਨੇਡਾ ਵਿੱਚ ਆਏ ਦਿਨ ਅਣਪਛਾਤੇ ਵਿਅਕਤੀਆਂ ਵੱਲੋਂ ਫਿਰੌਤੀਆਂ ਲਈ ਧਮਕੀਆਂ ਦੇਣ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਦਾ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ। ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਸ਼ਹਿਰ ਸਰੀ 'ਚ ਇਸੇ ਹਫਤੇ ਇਸ ਤਰ੍ਹਾਂ ਦੀਆਂ ਦੋ ਘਟਨਾਵਾਂ ਵਾਪਰਨ ਦੀਆਂ ਸੂਚਨਾਵਾਂ ਮਿਲੀਆਂ ਹਨ। ਬੀਤੇ ਦਿਨੀ 128 ਸਟਰੀਟ ਅਤੇ 84 ਐਵਨਿਊ 'ਤੇ ਸਥਿਤ ਇੱਕ ਕਾਰ ਵਾਸ਼ ਦੀ ਦੁਕਾਨ 'ਤੇ ਗੋਲੀਬਾਰੀ ਦੀ ਘਟਨਾ ਮਗਰੋਂ ਅੱਜ ਸਵੇਰੇ ਇੱਥੋਂ ਦੇ ਯੋਰਕ ਸੈਂਟਰ 'ਚ ਸਥਿਤ ਇੱਕ ਟਰੈਵਲ ਏਜੰਟ ਦੇ ਦਫਤਰ 'ਚੇ ਗੋਲੀਬਾਰੀ ਦੀ ਘਟਨਾ ਦੀ ਸੂਚਨਾ ਮਿਲੀ ਹੈ।

ਜਾਣਕਾਰੀ ਮੁਤਾਬਿਕ, ਸਿੱਧੂ ਟਰੈਵਲ ਏਜੰਟਸ ਅਤੇ ਬੈਸਟ ਵੇਅ ਫੌਰਨ ਐਕਸਚੇਂਜ ਦੇ ਦਫਤਰ ਦੇ ਬਾਹਰ ਮੁੱਖ ਦਰਵਾਜ਼ੇ 'ਤੇ ਕਰੀਬ 7 ਗੋਲੀਆਂ ਚਲਾਈਆਂ ਗਈਆਂ। ਜਿਸ ਮਗਰੋਂ ਹਰਕਤ ਵਿੱਚ ਆਈ ਸਥਾਨਕ ਪੁਲਸ ਵੱਲੋਂ ਇਸ ਘਟਨਾ ਸਬੰਧੀ ਵੱਖ-ਵੱਖ ਐਂਗਲਾਂ ਤੋਂ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਅਜਿਹੀਆਂ ਘਟਨਾਵਾਂ ਵਾਪਰਨ ਕਾਰਨ ਆਮ ਨਾਗਰਿਕਾਂ 'ਚ ਸਹਿਮ ਦਾ ਮਾਹੌਲ ਵੇਖਿਆ ਜਾ ਰਿਹਾ ਹੈ।



# ਹੜ੍ਹਾਂ ਵਿਚਾਲੇ ਹੁਣ ਟੁੱਟ ਗਿਆ ਪੰਜਾਬ ਦੇ ਇਸ ਇਲਾਕੇ 'ਚ ਬੰਨ੍ਹ, ਅੰਦਰ ਫਸੇ ਮੁਲਾਜ਼ਮ ਤੇ CRPF ਜਵਾਨ



ਪੰਜਾਬ ਵਿਚ ਮੀਂਹ ਕਾਰਨ ਹਾਲਾਤ ਪਹਿਲਾਂ ਹੀ ਵਿਗੜੇ ਹੋਏ ਹਨ। ਡੈਮਾਂ ਤੋਂ ਛੱਡੇ ਜਾ ਰਹੇ ਪਾਣੀ ਨਾਲ ਸੂਬੇ ਦੇ 7 ਜ਼ਿਲ੍ਹੇ ਪਾਣੀ ਦੀ ਲਪੇਟ ਵਿਚ ਆਏ ਹੋਏ ਹਨ। ਇਸੇ ਵਿਚਾਲੇ ਮਾਧੋਪੁਰ ਬੰਨ੍ਹ ਟੁੱਟਣ ਦੀ ਖਬਰ ਸਾਹਮਣੇ ਆਈ ਹੈ। ਬੰਨ੍ਹ ਟੁੱਟਣ ਨਾਲ ਕਈ ਬੰਦੇ ਫਸੇ ਹੋਏ ਹਨ। ਫਸੇ ਲੋਕਾਂ ਨੂੰ ਬਚਾਉਣ ਲਈ ਫ਼ੂਫਢ ਦਾ ਹੈਲੀਕਾਪਟਰ ਆ ਚੁੱਕਾ ਹੈ। ਦੱਸਿਆ ਜਾ ਰਿਹਾ ਹੈ ਕਿ ਕੁਝ ਫ਼ੂਫਢ ਦੇ ਜਵਾਨ ਵੀ ਦੂਜੇ ਪਾਸੇ ਫਸੇ ਹੋਏ ਹਨ।

ਦੱਸ ਦੇਈਏ ਕਿ ਮਾਧੋਪੁਰ ਹੈੱਡ ਦੇ ਤਿੰਨ ਤੋਂ ਚਾਰ ਫਲੱਡ ਗੇਟ ਟੁੱਟ ਚੁੱਕੇ ਹਨ। ਜਿਹੜਾ ਰਣਜੀਤ ਸਾਗਰ ਡੈਮ ਦਾ ਪਾਣੀ ਛੱਡਿਆ ਜਾਂਦਾ ਹੈ, ਉਹ ਇਸ ਡੈਮ ਦੇ ਅੰਦਰ ਰੋਕਿਆ ਜਾਂਦਾ ਹੈ ਤੇ ਫਿਰ ਥੋੜ੍ਹਾ-ਥੋੜ੍ਹਾ ਕਰਕੇ ਪੰਜਾਬ ਅੰਦਰ ਛੱਡਿਆ ਜਾਂਦਾ ਹੈ। ਪਾਣੀ ਦਾ ਵਹਾਅ ਜ਼ਿਆਦਾ ਹੋਣ ਕਰਕੇ ਇਹ ਬੰਨ੍ਹ ਪੂਰੀ ਤਰ੍ਹਾਂ ਟੁੱਟ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਜਿਹੜਾ ਬੰਦਾ ਗੇਟ ਖੋਲ੍ਹਣ ਆਇਆ ਸੀ ਉਹ ਵੀ ਪਾਣੀ ਵਿਚ ਰੁੜ ਗਿਆ, ਹਾਲਾਂਕਿ ਇਸ ਦੀ ਅਜੇ ਪੁਸ਼ਟੀ ਨਹੀਂ ਹੋਈ।

ਦੱਸਿਆ ਜਾ ਰਿਹਾ ਹੈ ਕਿ 16 ਦੇ ਕਰੀਬ ਲੋਕ ਅੰਦਰ ਫਸੇ ਹੋਏ ਹਨ, ਜਿਨ੍ਹਾਂ ਵਿਚ ਫ਼ੂਫਢ ਦੇ ਜਵਾਨ ਤੇ ਡੈਮ ਦੇ ਮੁਲਾਜ਼ਮ ਵੀ ਸ਼ਾਮਲ ਹਨ, ਉਨ੍ਹਾਂ ਨੂੰ ਰੈਸਕਿਊ ਕਰਨ ਲਈ ਹੈਲੀਕਾਪਟਰ ਆ ਚੁੱਕਾ ਹੈ ਤੇ ਪੂਰੇ ਹਾਲਾਤ ਦਾ ਜਾਇਜ਼ਾ ਲੈ ਰਿਹਾ ਹੈ। ਦੱਸ ਦੇਈਏ ਕਿ ਮੌਸਮ ਵਿਗਿਆਨ ਕੇਂਦਰ ਚੰਡੀਗੜ੍ਹ ਨੇ ਬੁੱਧਵਾਰ ਨੂੰ ਪਠਾਨਕੋਟ, ਗੁਰਦਾਸਪੁਰ, ਬਰਨਾਲਾ, ਸੰਗਰੂਰ ਅਤੇ ਮਾਨਸਾ ਵਿੱਚ ਮੀਂਹ ਲਈ ਰੈੱਡ ਅਲਰਟ ਜਾਰੀ ਕੀਤਾ ਹੈ।

ਪਹਾੜੀ ਇਲਾਕਿਆਂ ਵਿੱਚ ਲਗਾਤਾਰ ਮੀਂਹ ਪੈਣ ਕਾਰਨ ਰਾਵੀ ਵਿੱਚ ਪਾਣੀ ਦਾ ਪੱਧਰ ਲਗਾਤਾਰ ਵੱਧ ਰਿਹਾ ਹੈ। ਇਸ ਸਮੇਂ ਲਗਭਗ 20 ਪਿੰਡ ਹੜ੍ਹ ਦੀ ਲਪੇਟ ਵਿੱਚ ਆ ਗਏ ਹਨ। ਜਦੋਂ ਕਿ ਸਬ-ਸਟੇਸ਼ਨ ਬੰਦ ਹੋਣ ਕਾਰਨ ਲਗਭਗ 50 ਪਿੰਡਾਂ ਵਿੱਚ ਬਿਜਲੀ ਸਪਲਾਈ ਵੀ ਬੰਦ ਹੋ ਗਈ ਹੈ।

# ਰਾਣਾ ਇੰਦਰਪ੍ਰਤਾਪ ਤੇ ਪ੍ਰਤਾਪ ਬਾਜਵਾ 'ਚ ਤਿੱਖੀ ਬਹਿਸ, ਛੇੜੇ ਨਵੇਂ ਸਵਾਲ



ਸੁਲਤਾਨਪੁਰ ਲੋਧੀ : ਜਿਥੇ ਇਕ ਪਾਸੇ ਪੰਜਾਬ 'ਤੇ ਹੜ੍ਹਾਂ ਦੀ ਮਾਰ ਪੈ ਰਹੀ ਹੈ ਓਥੇ ਹੀ ਇਸ ਮਾਮਲੇ 'ਤੇ ਸਿਆਸਤ ਵੀ ਪੂਰੇ ਜ਼ੋਰ 'ਤੇ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਵਲੋਂ ਜਿਥੇ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਪਾਣੀ ਕਢਣ ਵਾਲੇ ਇੰਜਣ ਦਿੱਤੇ ਗਏ। ਓਥੇ ਹੀ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵਲੋਂ ਆਪਣਾ ਹੇਲੀਕਾਪਟਰ ਪੰਜਾਬ ਦੇ ਲੋਕਾਂ ਦੇ ਬਚਾਅ ਕਾਰਜ ਲਈ ਦੇ ਦਿੱਤਾ ਗਿਆ। ਪਰ ਇਸ ਸਭ ਦੇ ਦਰਮਿਆਨ ਵੀ ਪੰਜਾਬ ਕਾਂਗਰਸ ਦਾ ਅੰਦਰੂਨੀ ਕਲੇਸ਼ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਵੀ ਆਕੇ ਰੁਕਣ ਦਾ ਨਾਮ ਨਹੀਂ ਲੈ ਰਿਹਾ।

ਦਰਅਸਲ ਅੱਜ ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਅਤੇ ਕਾਂਗਰਸ ਦੇ ਸੀਨੀਅਰ ਆਗੂ ਪ੍ਰਤਾਪ ਸਿੰਘ ਬਾਜਵਾ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਪਹੁੰਚੇ ਜਿਥੇ ਉਹ ਜਦੋ ਸੁਲਤਾਨਪੁਰ ਲੋਧੀ ਦੇ ਇਲਾਕੇ 'ਚ ਪਹੁੰਚੇ ਤਾਂ ਕਾਂਗਰਸ ਦੇ ਹੀ ਸੀਨੀਅਰ ਆਗੂ ਰਾਣਾ ਗੁਰਜੀਤ ਦੇ ਪੁੱਤਰ ਅਤੇ ਆਜ਼ਾਦ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਦੇ ਵਿਚਕਾਰ ਬਹਿੰਸ ਹੋ ਗਈ ਜਿਸ ਤੋਂ ਬਾਅਦ ਮੌਕੇ 'ਤੇ ਹਲਾਤ ਤਣਾਅ ਵਾਲੇ ਬਣ ਗਏ। ਜਿਕਰਯੋਗ ਹੈ ਕੀ ਪ੍ਰਤਾਪ ਸਿੰਘ ਬਾਜਵਾ ਸਾਬਕਾ ਕਾਂਗਰਸੀ ਵਿਧਾਇਕ ਨਵਤੇਜ ਚੀਮਾ ਨਾਲ ਇਕ ਖਾਸ ਕਿਸਮ ਦੇ ਟੈਂਕਰ ਵਰਗੀ ਗੱਡੀ 'ਤੇ ਹੜ੍ਹਾਂ ਦਾ ਜਾਇਜ਼ਾ ਲੈਣ ਜਾ ਰਹੇ ਸਨ ਤਾਂ ਇਸ ਦੌਰਾਨ ਰਾਸਤੇ 'ਚ ਆਜ਼ਾਦ ਵਿਧਾਇਕ ਰਾਣਾ ਇੰਦਰ ਪ੍ਰਤਾਪ ਆਪਣੇ ਸਮਰਥਕਾਂ ਸਮੇਤ ਖੜ੍ਹੇ ਹੋਏ ਸਨ। ਜਦੋਂ ਡਰਾਈਵਰ ਨੇ ਗੱਡੀ ਨੂੰ ਅੱਗੇ ਕੀਤਾ ਤਾਂ ਰਾਣਾ ਇੰਦਰ ਪ੍ਰਤਾਪ ਨਾਲ ਹਲਕੀ ਟੱਕਰ ਹੋ ਗਈ ਅਤੇ ਰਾਣਾ ਇੰਦਰ ਪ੍ਰਤਾਪ ਅਤੇ ਉਹਨਾਂ ਦੇ ਸਮਰਥਕ ਪ੍ਰਤਾਪ ਸਿੰਘ ਬਾਜਵਾ ਦੇ ਨਾਲ ਬਹਿਸਣ ਲੱਗ ਗਏ। ਸਥਿਤੀ ਨੂੰ ਵੇਖਦਿਆਂ ਪ੍ਰਤਾਪ ਬਾਜਵਾ ਨੇ ਰਾਣਾ ਇੰਦਰ ਪ੍ਰਤਾਪ ਨੂੰ ਰਸਤੇ ਤੋਂ ਹਟਣ ਲਈ ਕਿਹਾ ਜਿਸ ਤੋਂ ਬਾਅਦ ਮਾਮੂਲੀ ਝਗੜਾ ਹੋਇਆ ਅਤੇ ਫਿਰ ਰਾਣਾ ਇੰਦਰ ਪ੍ਰਤਾਪ ਪਿੱਛੇ ਹਟ ਗਏ।

ਜਿਥੇ ਇਕ ਪਾਸੇ ਕਾਂਗਰਸੀ ਇਸ ਸਭ ਨੂੰ ਹੜ੍ਹਾਂ ਦੇ ਨਾਲ ਜੋੜਕੇ ਦੇਖ ਰਹੇ ਨੇ ਪਰ ਓਥੇ ਹੀ ਕਾਂਗਰਸ ਦਾ ਅੰਦਰੂਨੀ ਕਲੇਸ਼ ਹੁਣ ਦਿਨ ਵ ਦਿਨ ਬਾਹਰ ਆਉਂਦਾ ਜਾ ਰਿਹਾ ਹੈ। ਕਬੀਲੇ ਗੋਰ ਹੈ ਕਿ ਬੀਤੇ ਦਿਨਾਂ 'ਚ ਦਿੱਲੀ 'ਚ ਪੰਜਾਬ ਕਾਂਗਰਸ ਦੇ ਆਗੂਆਂ ਦੀ ਆਪਣੀ ਹਾਈ ਕਮਾਂਡ ਦੇ ਮੀਟਿੰਗ ਹੁੰਦੀ ਹੈ ਜਿਥੇ ਪੂਰੇ ਪੰਜਾਬ ਦੇ ਕਾਂਗਰਸੀ ਆਗੂ ਪਹੁੰਚਦੇ ਨੇ ਪਰ ਇਸ ਮੀਟਿੰਗ 'ਚ ਸਿਰਫ ਰਾਣਾ ਗੁਰਜੀਤ ਹੀ ਗੈਰ ਹਾਜਰ ਰਹਿੰਦੇ ਨੇ। ਜਿਕਰਯੋਗ ਗੱਲ ਇਹ ਵੀ ਹੈ ਕਿ ਰਾਣਾ ਗੁਰਜੀਤ ਦੇ ਵਲੋਂ ਜਿਥੇ ਪਹਿਲਾ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਦੇ ਖਿਲਾਫ ਬਿਆਨ ਦਿੱਤਾ ਗਿਆ ਓਥੇ ਹੀ ਕੁੱਝ ਦਿਨ ਪਹਿਲਾ ਓਹਨਾ ਦੇ ਵਲੋਂ ਇਕ ਇੰਟਰਵਿਊ 'ਚ ਕਾਂਗਰਸ ਦੇ ਸਾਬਕਾ ਵਿਧਾਇਕ ਤੇ ਲੋਕ ਸਭਾ ਚੋਣਾਂ 'ਚ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਦੇ ਖਿਲਾਫ ਵੀ ਹੁਣ ਬਿਆਨ ਦਿੱਤਾ ਗਿਆ, ਇਸ ਤੋਂ ਇਲਾਵਾ ਆਪਣੀ ਹੀ ਪਾਰਟੀ ਦੇ ਆਗੂ ਸੁਖਪਾਲ ਖਹਿਰਾ ਦੇ ਇਲਾਵਾ ਹੋਰ ਵੀ ਆਗੂਆਂ ਦੇ ਨਾਲ ਰਾਣਾ ਗੁਰਜੀਤ ਦੇ ਸਿਗ ਫਸਦੇ ਰਹਿੰਦੇ ਨੇ ਜਿਸ ਕਾਰਨ ਇਹ ਕਿਆਫ਼ੇ ਲਗਾਏ ਜਾ ਰਹੇ ਨੇ ਰਾਣਾ ਗੁਰਜੀਤ ਤੋਂ ਇਸ ਸਮੇ ਹਾਈ ਕਮਾਂਡ ਖੁਸ ਨਹੀਂ ਹੈ ਓਥੇ ਹੀ ਕੁਲਬੀਰ ਸਿੰਘ ਜ਼ੀਰਾ ਦੇ ਵਲੋਂ ਵੀ ਪਿੱਛਲੇ ਦਿਨਾਂ 'ਚ ਇਹ ਇਲਜ਼ਾਮ ਲਗਾਇਆ ਗਿਆ ਕਿ ਰਾਣਾ ਗੁਰਜੀਤ ਲਗਾਤਾਰ ਭਾਜਪਾ ਦੇ ਸੰਪਰਕ ਦੇ ਵਿਚ ਨੇ ਅਤੇ ਆਪਣੇ ਕਾਰੋਬਾਰ ਨੂੰ ਵੱਡਾ ਕਰਨ ਦੇ ਲਈ ਭਾਜਪਾ ਦੇ ਸਲੀਪਰ ਸੈਲ ਵਜੋਂ ਕੰਮ ਕਰ ਰਹੇ ਨੇ।

# ਭਾਰੀ ਮੀਂਹ ਨੇ ਰੋਕੀ ਪੰਜਾਬ ਦੀ ਰਫ਼ਤਾਰ 90 ਰੇਲ ਗੱਡੀਆਂ ਪ੍ਰਭਾਵਿਤ, ਸਕੂਲ ਬੰਦ



ਚੰਡੀਗੜ੍ਹ: ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਕਾਰਨ ਪੰਜਾਬ ਦੇ 7 ਜ਼ਿਲ੍ਹੇ ਹੜ੍ਹ ਦੀ ਲਪੇਟ ਵਿੱਚ ਆ ਗਏ ਹਨ। ਰਣਜੀਤ ਸਾਗਰ ਡੈਮ ਅਤੇ ਭਾਖੜਾ ਡੈਮ ਦਾ ਪਾਣੀ ਦਾ ਪੱਧਰ ਵਧਣ ਕਾਰਨ ਲਗਾਤਾਰ ਪਾਣੀ ਛੱਡਿਆ ਜਾ ਰਿਹਾ ਹੈ। ਇਸ ਨਾਲ ਰਾਵੀ, ਸਤਲੁਜ ਅਤੇ ਬਿਆਸ ਦਾ ਪਾਣੀ ਦਾ ਪੱਧਰ ਵਧ ਰਿਹਾ ਹੈ।

ਬਿਆਸ 'ਤੇ ਬਣੇ ਚੱਕੀ ਰੇਲਵੇ ਪੁਲ ਦੇ ਹੇਠੋਂ ਮਿੱਟੀ ਧਸਣ ਕਾਰਨ ਪਠਾਨਕੋਟ-ਜਲੰਧਰ ਰੇਲਵੇ ਰੂਟ ਬੰਦ ਕਰ ਦਿੱਤਾ ਗਿਆ ਹੈ। ਇਸ ਨਾਲ 90 ਰੇਲ ਗੱਡੀਆਂ ਪ੍ਰਭਾਵਿਤ ਹੋਈਆਂ ਹਨ। ਕੁਝ ਰੇਲ ਗੱਡੀਆਂ ਨੂੰ ਪਠਾਨਕੋਟ-ਅੰਮ੍ਰਿਤਸਰ-ਜਲੰਧਰ ਰੂਟ ਰਾਹੀਂ ਰਵਾਨਾ ਕੀਤਾ ਜਾ ਰਿਹਾ ਹੈ। ਹੜ੍ਹ ਦੀ ਸਥਿਤੀ ਨੂੰ ਵੇਖਦੇ ਹੋਏ ਜਲੰਧਰ, ਕਪੂਰਥਲਾ, ਪਠਾਨਕੋਟ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਦੇ ਨਾਲ-ਨਾਲ ਅੰਮ੍ਰਿਤਸਰ ਦੇ ਅਜਨਾਲਾ ਅਤੇ ਰਈਆ ਬਲਾਕ ਦੇ ਸਕੂਲਾਂ ਵਿੱਚ ਅੱਜ ਛੁੱਟੀ ਕਰ ਦਿੱਤੀ ਗਈ ਹੈ। ਫਾਜ਼ਿਲਕਾ ਦੇ ਹੜ੍ਹ ਪ੍ਰਭਾਵਿਤ 20 ਪਿੰਡਾਂ ਦੇ ਸਕੂਲ ਅਗਲੇ ਹੁਕਮਾਂ ਤੱਕ ਬੰਦ ਹਨ। ਤਰਨਤਾਰਨ ਅਤੇ ਫਿਰੋਜ਼ਪੁਰ ਦੇ ਇਲਾਕਿਆਂ ਵਿੱਚ ਹਰੀਕੇ ਹੈਡਵਰਕਸ ਤੋਂ ਛੱਡੇ ਗਏ ਪਾਣੀ ਕਾਰਨ ਹੜ੍ਹ ਵਰਗੀ ਸਥਿਤੀ ਹੈ।

ਰਣਜੀਤ ਸਾਗਰ ਡੈਮ ਤੋਂ ਛੱਡੇ ਗਏ ਪਾਣੀ ਕਾਰਨ ਰਾਵੀ ਨਦੀ ਉਫਾਨ 'ਤੇ ਹੈ, ਜਿਸ ਨਾਲ ਪਠਾਨਕੋਟ ਵਿੱਚ ਹਾਲਾਤ ਵਿਗੜ ਗਏ ਹਨ। ਗੁਰਦਾਸਪੁਰ ਵਿੱਚ ਮਕੌੜਾ ਪੱਤਣ ਦੇ 7 ਪਿੰਡਾਂ ਦਾ ਜ਼ਿਲ੍ਹਾ ਹੈਡਕੁਆਰਟਰ ਨਾਲ ਸੰਪਰਕ ਟੁੱਟ ਗਿਆ ਹੈ। ਪ੍ਰਸ਼ਾਸਨ ਨੇ ਗੁਰਦਾਸਪੁਰ ਲਈ ਵਿਸ਼ੇਸ਼ ਹੈਲਪਲਾਈਨ ਨੰਬਰ ਜਾਰੀ ਕੀਤੇ ਹਨ। ਭਾਖੜਾ ਡੈਮ ਤੋਂ ਛੱਡੇ ਗਏ ਪਾਣੀ ਨਾਲ ਸਤਲੁਜ ਦਾ ਪਾਣੀ ਦਾ ਪੱਧਰ ਵੀ ਵਧਦਾ ਜਾ ਰਿਹਾ ਹੈ।

ਹੜ੍ਹ ਵਰਗੀ ਸਥਿਤੀ ਨੂੰ ਵੇਖਦੇ ਹੋਏ ਸ਼੍ਰੋਮਣੀ ਅਕਾਲੀ ਦਲ (SAD) ਨੇ ਮੋਗਾ ਵਿੱਚ 31 ਅਗਸਤ ਨੂੰ ਹੋਣ ਵਾਲੀ ਰੈਲੀ ਨੂੰ ਮੁਲਤਵੀ ਕਰ ਦਿੱਤਾ ਹੈ। ਮੌਸਮ ਵਿਭਾਗ ਨੇ ਅੱਜ ਪੰਜਾਬ ਦੇ 9 ਜ਼ਿਲ੍ਹਿਆਂ ਲਈ ਤੇਜ਼ ਮੀਂਹ ਦਾ ਅਲਰਟ ਜਾਰੀ ਕੀਤਾ ਹੈ।

# ਸੋਸ਼ਲ ਮੀਡੀਆ ਯੂਜ਼ਰ 'ਤੇ ਭੜਕੇ ਸਾਬਕਾ ਕ੍ਰਿਕਟਰ

## ਕਿਹਾ- ਮੈਂ ਹੜ੍ਹ ਪੀੜਤਾਂ ਨੂੰ ਮਿਲ ਕੇ ਵੀ ਆਇਆ, ਤੇਰੇ ਵਾਂਗੂ ਘਰ...



ਪੰਜਾਬ ਵਿਚ ਹੜ੍ਹਾਂ ਕਾਰਨ ਹਾਲਾਤ ਗੰਭੀਰ ਹੁੰਦੇ ਜਾ ਰਹੇ ਹਨ। ਇਸ ਦੌਰਾਨ ਇਕ ਵਿਅਕਤੀ ਨੇ ਸੋਸ਼ਲ ਮੀਡੀਆ 'ਤੇ ਟਵੀਟ ਕਰਕੇ ਸਾਬਕਾ ਕ੍ਰਿਕਟਰ ਹਰਭਜਨ ਸਿੰਘ ਅਤੇ 'ਆਪ' ਨੇਤਾ ਰਾਘਵ ਚੱਢਾ ਨੂੰ ਟ੍ਰੋਲ ਕੀਤਾ ਅਤੇ ਲਿਖਿਆ ਕਿ ਦੋਵੇਂ ਰਾਜ ਸਭਾ ਮੈਂਬਰ ਪੰਜਾਬ ਦੀ ਸਥਿਤੀ ਨੂੰ ਨਜ਼ਰਅੰਦਾਜ਼ ਕਰ ਰਹੇ ਹਨ। ਸੋਸ਼ਲ ਮੀਡੀਆ ਯੂਜ਼ਰ ਨੇ ਲਿਖਿਆ ਕਿ ਹਰਭਜਨ ਸਿੰਘ ਆਪਣੀ ਪਤਨੀ ਦੀ ਫ਼ਿਲਮ ਦੇ ਪ੍ਰਚਾਰ ਵਿੱਚ ਰੁੱਝੇ ਹੋਏ ਹਨ। ਇਸ ਟਵੀਟ ਤੋਂ ਬਾਅਦ ਹਰਭਜਨ ਸਿੰਘ ਨੇ ਸੋਸ਼ਲ ਮੀਡੀਆ ਯੂਜ਼ਰ ਨੂੰ ਜਵਾਬ ਦਿੱਤਾ। ਤੁਹਾਨੂੰ ਦੱਸ ਦੇਈਏ ਕਿ ਪੰਜਾਬ ਦੇ ਮਾਝਾ, ਮਾਲਵਾ ਅਤੇ ਦੋਆਬਾ ਦੇ 7 ਜ਼ਿਲ੍ਹੇ ਇਸ ਸਮੇਂ ਹੜ੍ਹਾਂ ਦੀ ਸਥਿਤੀ ਦਾ ਸਾਹਮਣਾ ਕਰ ਰਹੇ ਹਨ।

ਸੋਸ਼ਲ ਮੀਡੀਆ ਯੂਜ਼ਰ ਨੇ ਯ 'ਤੇ ਲਿਖਿਆ- ਪੰਜਾਬ ਹੜ੍ਹ ਵਿੱਚ ਡੁੱਬ ਗਿਆ ਹੈ। ਆਮ ਆਦਮੀ ਪਾਰਟੀ ਦੇ ਨੇਤਾ ਰਾਘਵ ਚੱਢਾ ਕਪਿਲ ਸ਼ਰਮਾ ਸ਼ੋਅ 'ਤੇ ਆਪਣੇ ਪਰਿਵਾਰ ਦੇ ਭਵਿੱਖ ਬਾਰੇ ਗੱਲ ਕਰ ਰਹੇ ਹਨ। ਇਸ ਦੇ ਨਾਲ ਹੀ, ਸਾਬਕਾ ਕ੍ਰਿਕਟਰ ਅਤੇ 'ਆਪ' ਸੰਸਦ ਮੈਂਬਰ ਹਰਭਜਨ ਸਿੰਘ ਆਪਣੀ ਪਤਨੀ ਦੇ ਫ਼ਿਲਮ ਦਾ ਪ੍ਰਚਾਰ ਕਰ ਰਹੇ ਹਨ। ਇਹ ਬਹੁਤ ਜ਼ਿਆਦਾ ਹੈ!

ਜਿਸ ਤੋਂ ਬਾਅਦ ਹਰਭਜਨ ਸਿੰਘ ਨੇ ਕੁਝ ਮਿੰਟਾਂ ਬਾਅਦ ਪੰਜਾਬੀ ਵਿਚ ਉਕਤ ਪੋਸਟ ਦਾ ਢੁਕਵਾਂ ਜਵਾਬ ਦਿੱਤਾ। ਇਸ ਪੋਸਟ 'ਤੇ ਸਾਬਕਾ ਕ੍ਰਿਕਟਰ ਹਰਭਜਨ ਸਿੰਘ ਨੂੰ ਗੁੱਸਾ ਆਇਆ ਅਤੇ ਉਸ ਨੇ ਤੁਰੰਤ ਜਵਾਬ ਦਿੱਤਾ - ਜਾ ਓਏ ਚਵਲਾ (ਪੰਜਾਬੀ ਵਿੱਚ ਕਿਸੇ ਨੂੰ ਮੂਰਖ ਕਹਿਣਾ), ਮੈਂ ਖ਼ੁਦ ਹੜ੍ਹ ਪ੍ਰਭਾਵਤ ਖੇਤਰਾਂ ਵਿਚ ਗਿਆ ਤੇ ਲੋਕਾਂ ਨੂੰ ਮਿਲਿਆ ਹਾਂ। ਮੈਂ ਮੁੱਖ ਮੰਤਰੀ ਨੂੰ ਵੀ ਦੱਸਿਆ, ਫਿਰ ਉਹ ਵੀ ਉੱਥੇ ਗਏ। ਤੁਹਾਡੇ ਵਾਂਗ ਘਰ ਬੈਠ ਕੇ ਸਿਰਫ਼ ਆਪਣੇ ਫ਼ੋਨ 'ਤੇ ਟਵੀਟ ਨਹੀਂ ਕਰਦੇ ਸਨ। ਹਰਭਜਨ ਨੇ ਅੱਗੇ ਕਿਹਾ- ਪੰਜਾਬ ਜਾਂ ਦੇਸ਼ ਲਈ ਤੁਹਾਡਾ ਕੀ ਯੋਗਦਾਨ ਹੈ..? ਸੋਸ਼ਲ ਮੀਡੀਆ 'ਤੇ ਸਿਰਫ਼ ਭਾਸ਼ਣ ਦੇਣ ਦੀ ਬਜਾਏ, ਦੂਜਿਆਂ ਨੂੰ ਨੀਵਾਂ ਦਿਖਾਉਣ ਦੀ ਬਜਾਏ, ਜ਼ਿੰਦਗੀ ਵਿੱਚ ਕੁਝ ਬਿਹਤਰ ਕਰਨਾ ਬਿਹਤਰ ਹੈ। ਹਰਭਜਨ ਸਿੰਘ ਦਾ ਇਹ ਬਿਆਨ ਹੁਣ ਸੋਸ਼ਲ ਮੀਡੀਆ 'ਤੇ ਬਹੁਤ ਵਾਇਰਲ ਹੋ ਰਿਹਾ ਹੈ।

# ਸਾਬਕਾ ਬੀ.ਐਸ.ਐਫ. ਅਧਿਕਾਰੀ ਅਮਰਦੀਪ ਨੇ ਸਰ ਕੀਤਾ ਮਾਊਂਟ ਐਲਬਰੂਸ

ਜਲੰਧਰ : ਮਹਾਨਗਰ ਦੇ ਐਨ ਨਾਲ ਲੱਗਦੇ ਪਿੰਡ ਨੂਰਪੁਰ ਵਾਸੀ ਸਾਬਕਾ ਬੀਐੱਸਐੱਫ ਅਧਿਕਾਰੀ ਅਮਰਦੀਪ ਸਿੰਘ ਨੇ 14 ਤੇ 16 ਅਗਸਤ ਨੂੰ ਲਗਾਤਾਰ ਦੋ ਵਾਰ ਰੂਸ ਦੀ ਸਭ ਤੋਂ ਉੱਚੀ 5642 ਮੀਟਰ ਦੀ ਚੋਟੀ 'ਤੇ ਚੜ੍ਹਾਈ ਚੜ੍ਹ ਕੇ ਨਵਾਂ ਰਿਕਾਰਡ ਕਾਇਮ ਕੀਤਾ ਹੈ। ਉਨ੍ਹਾਂ ਨੇ ਦੋ ਵਾਰ ਦੀ ਇਹ ਚੜ੍ਹਾਈ ਇਕ ਦਿਨ ਦੇ ਵਕਫੇ ਪਿੱਛੋਂ ਚੜ੍ਹੀ ਤੇ ਨਵੀਂ ਉਪਲੱਬਧੀ ਹਾਸਲ ਕੀਤੀ ਹੈ।

ਗੱਲਬਾਤ ਕਰਦਿਆਂ ਪਰਬਤਾਰੋਹੀ 44 ਸਾਲਾ ਅਮਰਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਜਨਮ 1980 'ਚ ਨੂਰਪੁਰ ਪਿੰਡ 'ਚ ਹੋਇਆ ਸੀ। ਉਨ੍ਹਾਂ ਨੇ ਗ੍ਰੈਜੂਏਸ਼ਨ ਡੀਏਵੀ ਕਾਲਜ ਜਲੰਧਰ ਤੋਂ ਕੀਤੀ ਅਤੇ ਐਂਨਸੀਸੀ ਕੈਡੇਟ ਰਹੇ, ਜਿਨ੍ਹਾਂ ਕੋਲ ਐਨਸੀਸੀ ਦਾ ਸਰਟੀਫਿਕੇਟ ਵੀ ਹੈ। 2004 'ਚ ਉਹ ਬੀਐੱਸਐੱਫ 'ਚ ਬਤੌਰ ਸਬ-ਇੰਸਪੈਕਟਰ ਭਰਤੀ ਹੋ ਗਏ ਅਤੇ 10 ਸਾਲ ਸੇਵਾਵਾਂ ਦੇਣ ਉਪਰੰਤ 2014 'ਚ ਉਨ੍ਹਾਂ ਨੇ ਯੂਨੀਅਨ ਬੈਂਕ ਆਫ ਇੰਡੀਆ 'ਚ ਬਤੌਰ ਸਕਿਉਰਿਟੀ ਇੰਚਾਰਜ ਦੀ ਪ੍ਰੀਖਿਆ ਪਾਸ ਕਰ ਲਈ। ਬੀਐੱਸਐੱਫ ਦੀ ਨੌਕਰੀ ਛੱਡ ਕੇ ਬੈਂਕ ਦੀ ਨੌਕਰੀ ਸ਼ੁਰੂ ਕਰ ਲਈ। ਮੌਜੂਦਾ ਸਮੇਂ ਉਹ ਗੁਜਰਾਤ ਵਿਖੇ ਖੇਤਰੀ ਸਕਿਉਰਿਟੀ ਇੰਚਾਰਜ ਵਜੋਂ ਸੇਵਾਵਾਂ ਦੇ ਰਹੇ ਹਨ। ਆਪਣੇ ਪਰਬਤਾਰੋਹਣ ਦੇ ਸਫ਼ਰ ਬਾਰੇ ਗੱਲ ਕਰਦਿਆਂ ਅਮਰਦੀਪ ਸਿੰਘ ਨੇ ਦੱਸਿਆ ਕਿ ਪਰਬਤਾਰੋਹੀ ਵਜੋਂ ਉਨ੍ਹਾਂ ਦਾ ਸਫਰ 2000 ਵਿਚ ਨਹਿਰੂ ਇੰਸਟੀਚਿਊਟ ਆਫ ਮਾਊਂਟੇਨੀਅਰਿੰਗ ਉੱਤਰਕਾਸ਼ੀ ਤੋਂ ਬੇਸਿਕ ਮਾਊਂਟੇਨੀਅਰਿੰਗ ਕੋਰਸ ਨਾਲ ਸ਼ੁਰੂ ਹੋਇਆ।

# ਪੰਜਾਬ ਦੇ ਸਾਰੇ ਜ਼ਿਲ੍ਹਿਆਂ 'ਚ ਬਣੇ ਕੰਟਰੋਲ ਰੂਮ, ਐਮਰਜੈਂਸੀ 'ਚ ਇਨ੍ਹਾਂ ਨੰਬਰਾਂ 'ਤੇ ਕਰੋ ਸੰਪਰਕ



ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਕਿਹਾ ਕਿ ਹੜ੍ਹ ਕੰਟਰੋਲ ਰੂਮ ਹੜ੍ਹਾਂ ਦੀ ਸਥਿਤੀ ਵਿੱਚ ਲੋਕਾਂ ਦੀ ਮਦਦ ਲਈ ਰਾਜ ਭਰ ਵਿੱਚ 24×7 ਕੰਮ ਕਰ ਰਹੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਤੁਰੰਤ ਇਨ੍ਹਾਂ ਨੰਬਰਾਂ 'ਤੇ ਸੰਪਰਕ ਕਰ ਸਕਦੇ ਹਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਲੁਧਿਆਣਾ ਜ਼ਿਲ੍ਹੇ ਦਾ ਹੜ੍ਹ ਕੰਟਰੋਲ ਰੂਮ ਨੰਬਰ 0161-2433100 ਹੈ, ਜਦੋਂ ਕਿ ਰੋਪੜ ਜ਼ਿਲ੍ਹੇ ਦਾ ਕੰਟਰੋਲ ਰੂਮ ਨੰਬਰ 01881-221157, ਗੁਰਦਾਸਪੁਰ ਕੰਟਰੋਲ ਰੂਮ ਨੰਬਰ 01874-266376 ਅਤੇ 18001801852, ਮਾਨਸਾ ਕੰਟਰੋਲ ਰੂਮ ਨੰਬਰ 01652-229082, ਪਠਾਨਕੋਟ ਕੰਟਰੋਲ ਰੂਮ ਨੰਬਰ 0186-2346944 ਅਤੇ 97791-02351, ਅੰਮ੍ਰਿਤਸਰ ਕੰਟਰੋਲ ਰੂਮ ਨੰਬਰ 0186-2346944, ਤਰਨਤਾਰਨ ਕੰਟਰੋਲ ਰੂਮ ਨੰਬਰ 01852-224107, ਹੁਸ਼ਿਆਰਪੁਰ ਕੰਟਰੋਲ ਰੂਮ ਨੰਬਰ 01882-220412, ਜਲੰਧਰ ਕੰਟਰੋਲ ਰੂਮ ਨੰਬਰ 0181-2224417 ਅਤੇ 94176-57802 ਹੈ।

ਇਸੇ ਤਰ੍ਹਾਂ, ਐਸ.ਬੀ.ਐਸ. ਨਗਰ ਕੰਟਰੋਲ ਰੂਮ ਨੰਬਰ 01823-220645, ਸੰਗਰੂਰ ਕੰਟਰੋਲ ਰੂਮ ਨੰਬਰ 01672-234196, ਪਟਿਆਲਾ ਕੰਟਰੋਲ ਰੂਮ ਨੰਬਰ 0175-2350550 ਅਤੇ 2358550, ਐਸ.ਏ.ਐਸ. ਨਗਰ ਕੰਟਰੋਲ ਰੂਮ ਨੰਬਰ 0172-2219506, ਸ੍ਰੀ ਮੁਕਤਸਰ ਸਾਹਿਬ ਕੰਟਰੋਲ ਰੂਮ ਨੰਬਰ 01633-260341, ਫਰੀਦਕੋਟ ਕੰਟਰੋਲ ਰੂਮ ਨੰਬਰ 01639-250338, ਫਾਜ਼ਿਲਕਾ ਕੰਟਰੋਲ ਰੂਮ ਨੰਬਰ 01638-262153, ਫਿਰੋਜ਼ਪੁਰ ਕੰਟਰੋਲ ਰੂਮ ਨੰਬਰ 01632-245366, ਬਰਨਾਲਾ ਕੰਟਰੋਲ ਰੂਮ ਨੰਬਰ 01679-233031, ਬਠਿੰਡਾ ਫਲੱਡ ਕੰਟਰੋਲ ਰੂਮ ਨੰਬਰ 0164-2862100 ਅਤੇ 0164-2862101, ਕਪੂਰਥਲਾ ਕੰਟਰੋਲ ਰੂਮ ਨੰਬਰ 01822-231990, ਫਤਿਹਗੜ੍ਹ ਸਾਹਿਬ ਫਲੱਡ ਕੰਟਰੋਲ ਰੂਮ ਨੰਬਰ 01763-232838, ਮੋਗਾ ਫਲੱਡ ਕੰਟਰੋਲ ਰੂਮ ਨੰਬਰ 01636-235206 ਹੈ ਅਤੇ ਮਲੇਰਕੋਟਲਾ ਜ਼ਿਲ੍ਹੇ ਲਈ ਕੰਟਰੋਲ ਰੂਮ ਨੰਬਰ 01675-252003 ਹੈ।

ਉਨ੍ਹਾਂ ਕਿਹਾ ਕਿ ਇਹ ਸਾਰੇ ਕੰਟਰੋਲ ਰੂਮ ਐਮਰਜੈਂਸੀ ਦੌਰਾਨ ਤੁਰੰਤ ਪ੍ਰਤੀਕਿਰਿਆ ਨੂੰ ਯਕੀਨੀ ਬਣਾਉਣ ਲਈ 24 ਘੰਟੇ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਹਰ ਸਥਿਤੀ ਨਾਲ ਨਜਿੱਠਣ ਲਈ ਮਜ਼ਬੂਤ ਹੜ੍ਹ-ਨਿਯੰਤਰਣ ਉਪਾਅ ਅਤੇ ਵਿਆਪਕ ਤਿਆਰੀ ਪ੍ਰੋਟੋਕੋਲ ਲਾਗੂ ਕੀਤੇ ਹਨ। ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਇਹ ਕੰਟਰੋਲ ਰੂਮ ਆਧੁਨਿਕ ਸੰਚਾਰ ਪ੍ਰਣਾਲੀਆਂ ਨਾਲ ਲੈਸ ਹਨ ਅਤੇ ਸਿਖਲਾਈ ਪ੍ਰਾਪਤ ਸਟਾਫ ਵੱਲੋਂ ਚਲਾਏ ਜਾਂਦੇ ਹਨ ਜੋ ਬਚਾਅ ਅਤੇ ਰਾਹਤ ਕਾਰਜਾਂ ਦਾ ਅਸਰਦਾਰ ਢੰਗ ਨਾਲ ਤਾਲਮੇਲ ਕਰ ਸਕਦੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸੁਚੇਤ ਰਹਿਣ ਅਤੇ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਤੁਰੰਤ ਕੰਟਰੋਲ ਰੂਮਾਂ ਨਾਲ ਸੰਪਰਕ ਕਰਨ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
100% NATURAL PRODUCT
PRODUCT OF CANADA
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr, Brampton
Indian Food Land, 45 Dusk Drive, Brampton
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜ਼ਮਾਓ।

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.
Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
PURCHASES
REFINANCES
RENEWALS
DEBT CONSOLIDATION
SELF-EMPLOYED
NEW TO CANADA
HOME RENOVATIONS
PRIVATE MORTGAGE
INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™ THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਅੱਥਰੂਆਂ ਭਿੱਜੀ ਅਲਵਿਦਾ –

# ਹਾਸਿਆਂ ਦੇ ਵਣਜਾਰੇ ਜਸਵਿੰਦਰ ਭੱਲਾ ਨੂੰ




ਜਸਵਿੰਦਰ ਭੱਲਾ ਇੱਕ ਬਹੁਤ ਹੀ ਮਝਿਆ ਹੋਇਆ ਹਾਸਰਸ ਕਲਾਕਾਰ ਸੀ । ਪੰਜਾਬੀ ਹਾਸਰਸ ਕਲਾ ਨੂੰ ਜਿਸ ਉਚਾਈ ਉੱਤੇ ਉਸ ਨੇ ਪਹੁੰਚਾਇਆ, ਉਹ ਕਿਸੇ ਵਿਰਲੇ ਦੇ ਹੀ ਹਿੱਸੇ ਆਉਂਦੀ ਹੈ। ਉਸ ਦੀ ਡਾਇਲਾਗ ਡਿਲੀਵਰੀ ਤੇ ਹਾਜਰ ਜਵਾਬੀ ਏਨੀ ਕਮਾਲ ਦੀ ਸੀ ਕਿ ਦਰਸ਼ਕਾਂ ਦੇ ਸਿੱਧੀ ਸੀਨੇ ਚ ਵੱਜਦੀ ਸੀ। ਏਹੀ ਕਾਰਨ ਹੈ ਕਿ ਉਹਨਾਂ ਦੁਆਰਾ ਬੋਲੇ ਗਏ ਬਹੁਤ ਸਾਰੇ ਕਮੇਡੀ ਡਾਇਲਾਗ, ਪੰਜਾਬੀ ਲੋਕਾਂ ਦੇ ਮਨਾਂ ਵਿਚ ਪੱਕੇ ਵਸ ਗਏ ਜਿਹਨਾਂ ਨੂੰ ਉਹ ਸਮੇਂ ਸਮੇਂ ਸੁਭਾਵਿਕ ਹੀ ਬੋਲਣ-ਵਰਤਣ ਦੇ ਆਦੀ ਹੋ ਗਏ ਹਨ। ਉਹਨਾਂ ਬਹੁਤ ਸਾਰੇ ਸਮਾਜਿਕ ਵਿਸ਼ਿਆਂ ਨੂੰ ਲੈ ਕੇ ਟੇਪਾਂ, ਸੀਡੀਆਂ ਤੇ ਫਿਲਮਾਂ ਬਣਾਈਆਂ, ਜੋ ਸ਼ੋਸ਼ਲ ਮੀਡੀਏ ਉੱਤੇ ਕਦੇ ਵੀ ਦੇਖੀਆਂ/ ਸੁਣੀਆਂ ਤੇ ਮਾਣੀਆਂ ਜਾ ਸਕਦੀਆਂ ਹਨ ।

ਭੱਲਾ ਸਾਹਿਬ ਆਪਣੇ ਪਿੱਛੇ ਯਾਦਾਂ ਦਾ ਬਹੁਤ ਵੱਡਾ ਪਟਾਰਾ ਛੱਡਕੇ, ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਦਰਅਸਲ ਇਹ ਉਮਰ ਅਜੇ ਉਹਨਾਂ ਦੇ ਤੁਰ ਜਾਣ ਦਾ ਨਹੀਂ ਸੀ, ਪਰ ਹੁੰਦਾ ਓਹੀ ਹੈ ਜੋ ਮਨਜ਼ੂਰ ਏ ਖੁਦਾ ਹੁੰਦਾ ਹੈ।

ਉਹਨਾਂ ਪੰਜਾਬੀ ਜਗਤ ਵਿਚ ਭਰਪੂਰ ਹਾਸੇ ਵੰਡੇ, ਫਿਲਮਾਂ ਬਣਾ ਕੇ ਭਰਪੂਰ ਮਨੋਰੰਜਨ ਕੀਤਾ, ਸਮਾਜਿਕ, ਸਿਆਸੀ ਤੇ ਪਰਿਵਾਰਕ ਸਮੱਸਿਆਵਾਂ ਉਤੇ ਤਿੱਖੇ ਨਸ਼ਤਰ ਚਲਾਏ, ਟਕੋਰਾਂ ਕੀਤੀਆਂ ਤੇ ਹੱਲ ਵੀ ਸੁਝਾਏ ।

ਉਹਨਾਂ ਆਪਣੀ ਕਲਾ ਰਾਹੀਂ ਜਿੱਨਾਂ ਮਾਣ ਜੱਸ ਖੱਟਿਆ, ਉਸ ਦਾ ਸਬੂਤ ਸ਼ੋਸ਼ਲ ਮੀਡੀਆ ਹੈ ਜੋ ਕੱਲ੍ਹ ਦਾ ਵਿਰਲਾਪ ਵਾਲੀਆਂ ਪੋਸਟਾਂ ਨਾਲ ਭਰਿਆ ਪਿਆ ਹੈ। ਹਰ ਪੰਜਾਬੀ ਦਾ ਦਿਲ ਰੋਂਦਾਂ ਤੇ ਅੱਖਾਂ ਨਮ ਹਨ। ਪੰਜਾਬੀ ਸਮਾਜ ਤੇ ਸੱਭਿਆਚਾਰ ਨੂੰ ਉਹਨਾਂ ਦੀ ਦੇਣ ਅਥਾਰ ਹੈ ਤੇ ਪੰਜਾਬੀ ਉਹਨਾਂ ਦੀ ਇਹ ਦੇਣ ਹਮੇਸ਼ਾ ਯਾਦ ਰੱਖਣਗੇ।

ਭੱਲਾ ਸਾਹਿਬ, ਸਰੀਰਕ ਤੌਰ 'ਤੇ ਬੇਸ਼ੱਕ ਸਾਥੋਂ ਸਦਾ ਲਈ ਵਿਛੜ ਗਏ ਹਨ, ਪਰ ਆਪਣੀ ਕਲਾ ਰਾਹੀਂ ਉਹ ਸਾਡੇ ਵਾਸਤੇ ਮਣਾ ਮੂੰਹੀਂ ਖਜਾਨਾ ਛੱਡ ਗਏ ਹਨ, ਜਿਸ ਨਾਲ ਉਹ ਹਮੇਸ਼ਾ ਅਮਰ ਰਹਿਣਗੇ, ਸਾਡੇ ਦਿਲਾਂ ਉੱਤੇ ਰਾਜ ਕਰਦੇ ਰਹਿਣਗੇ, ਸਾਡੀ ਯਾਦਾਂ ਦੀ ਪਟਾਰੀ ਦਾ ਬਹੁਤ ਅਹਿਮ ਹਿੱਸਾ ਬਣਕੇ, ਸਾਡੇ ਦਿਲਾਂ ਵਿਚ ਸਾਡੇ ਅੰਤਿਮ ਸਵਾਸਾਂ ਤੱਕ ਬਣੇ ਰਹਿਣਗੇ ।

ਉਹਨਾਂ ਦੇ ਅਕਾਲ ਚਲਾਣੇ ਤੋਂ ਬਾਅਦ ਕੁੱਝ ਕਲਾਕਾਰਾਂ ਵਲੋਂ ਉਹਨਾਂ ਦੀ ਸਿਹਤ ਸਬੰਧੀ, ਕਈ ਵੀਡੀਓ ਕਲਿੱਪ ਸਾਹਮਣੇ ਆਏ ਹਨ, ਜਿਹਨਾਂ ਤੋਂ ਸਾਨੂੰ ਸਭਨਾ ਨੂੰ ਆਪੋ ਆਪਣੀ ਸਿਹਤ ਬਾਰੇ ਸੁਚੇਤ ਹੋਣ ਦੀ ਨਸੀਹਤ ਮਿਲਦੀ ਹੈ। ਭਾਵੇਂ ਕਿ ਉਹਨਾਂ ਦੀ ਮੌਤ ਹਰਟ ਅਟੈਕ ਨਾਲ ਹੋਈ ਦੱਸੀ ਗਈ ਹੈ, ਪਰ ਕਈ ਵੀਡੀਓ ਕਲਿੱਪਾਂ ਵਿਚ ਦਰਸਾਇਆ ਗਿਆ ਹੈ ਕਿ, ਉਹ ਡਾਇਬੈਟਕ ਸਨ ਤੇ ਉਹਨਾਂ ਦੇ ਸਾਥੀ ਕਲਾਕਾਰ ਉਹਨਾਂ ਨੂੰ ਬਿਸਕੁਟ ਖਾਣ ਤੋਂ ਮਨ੍ਹਾ ਕਰਦੇ ਹੋਏ ਉਹਨਾਂ ਦਾ ਖਿਆਲ ਰੱਖਦੇ ਸਨ, ਬਲੱਡ ਸ਼ੂਗਰ ਕੰਟਰੋਲ ਕਰਨ ਲਈ ਉਹ ਇੰਸੁਲਿਨ ਇੰਜੈਕਸਨ ਲੈਂਦੇ ਸਨ। ਅਜਿਹਾ ਕਰਦੇ ਸਮੇਂ ਉਹ ਇੰਸੂਲਿਨ ਦਾ ਟੀਕਾ ਲਗਾ ਕੇ ਜਾਂ ਫੇਰ ਕਈ ਵਾਰ ਲਗਾਉਣਾ ਹੀ ਭੁੱਲ ਜਾਂਦੇ ਸਨ, ਇਸ ਨੂੰ ਇੰਜ ਵੀ ਕਹਿ ਸਕਦੇ ਹਾਂ ਕਿ ਉਹ ਸ਼ੂਗਰ ਦੇ ਮਰੀਜ ਹੋਣ ਦੇ ਨਾਲ ਨਾਲ ਡਿਮੇਂਸ਼ੀਆ ਜਾਂ ਭੁਲੱਕੜਪਣ ਦੇ ਵੀ ਮਰੀਜ਼ ਸਨ, ਦੱਸਦੇ ਹਨ ਕਿ ਉਹਨਾਂ ਨੂੰ ਥਾਇਰਾਡ ਤੇ ਬਲੱਡ ਪਰੈਸ਼ਰ ਦੀ ਵੀ ਆਮ ਸ਼ਿਕਾਇਤ ਸੀ । ਹੁਣ ਜੇਕਰ ਉਕਤ ਸਮੂਹ ਬਿਮਾਰੀਆਂ ਦੀ ਜੜ੍ਹ ਫੜੀ ਜਾਵੇ ਤਾਂ ਉਹ ਇਕ ਹੀ ਹੈ, ਜਿਸ ਨੂੰ ਿ"ਨਸੁਲਿਨ ਰਏਸਿਸਟਓਨਚਏ" ਕਹਿੰਦੇ ਹਨ ।

ਇੰਸੂਲਿਨ ਰਜਿਸਟੈਂਸ ਦਰਅਸਲ ਕੋਈ ਬਿਮਾਰੀ ਨਹੀਂ ਬਲਕਿ ਵਿਗੜਿਆ ਹੋਇਆ ਜੀਵਨ ਢੰਗ ਹੈ ਜੋ ਬਹੁਤ ਸਾਰੀਆਂ ਬਿਮਾਰੀਆਂ ਦਾ ਜੜ੍ਹ ਬਣਕੇ ਮਨੁੱਖੀ ਸਰੀਰ ਨੂੰ ਮੱਕੜਜਾਲ ਜਾਂ ਤੇਂਦੂਆ ਜਾਲ ਬਣਕੇ ਆਪਣੀ ਜਕੜ ਵਿਚ ਕੱਸ ਲੈਂਦਾ ਹੈ । ਇਹ ਗੱਲ ਮੈਂ ਆਪਣੇ ਤਜਰਬੇ ਤੋਂ ਕਹਿੰਦਾ ਹਾਂ ਕਿ, ਦਵਾਈਆਂ ਦੀ ਸਹੀ ਬੰਦਸ਼ ਨਾਲ ਵਰਤੋਂ ਤੇ ਜੀਵਨ ਢੱਗ ਵਿਚ ਸੁਧਾਰ ਲਿਆਉਣ ਤੋਂ ਬਿਨਾ ਇਸ ਬਿਮਾਰੀ ਉੱਤੇ ਕਾਬੂ ਪਾਉਣਾ ਬਹੁਤ ਮੁਸ਼ਕਲ ਹੁੰਦਾ ਹੈ ।

ਇਸ ਉਕਤ ਬਿਮਾਰੀ ਦੀਆਂ ਮੋਟੀਆਂ ਨਿਸ਼ਾਨੀਆਂ ਇਹ ਹਨ ਕਿ ਗਰਦਨ ਤੇ ਕੱਛਾਂ ਬਿਲਕੁਲ ਕਾਲੀਆਂ ਹੋ ਜਾਂਦੀਆਂ ਹਨ, ਸਰੀਰ 'ਤੇ ਮੋਕੇ ਹੋ ਜਾਂਦੇ ਹਨ, ਅੱਖਾਂ ਦੇ ਹੇਠਾਂ ਢਿੱਲੇ (ਪਫਦਾਰ) ਬੈਗ ਤੇ ਘੇਰੇ ਕਾਲੇ ਹੋ ਜਾਂਦੇ ਹਨ , ਲੱਤਾਂ ਪਤਲੀਆਂ ਤੇ ਪਿੰਡਲੀਆਂ ਉੱਤਲਾ ਮਾਸ ਤਿੱਤਰ ਖੰਭੀ ਹੋ ਜਾਂਦਾ ਹੈ ਜਿਸ ਦਾ ਭਾਵ ਇਹ ਹੁੰਦਾ ਹੈ ਕਿ ਲੱਤਾਂ ਵਿਚ ਖੂਨ ਦਾ ਸੰਚਾਰ ਸਹੀ ਨਹੀਂ। ਇਸ ਦੇ ਨਾਲ ਹੀ ਜੋ ਅਸੀਂ ਖਾਂਦੇ ਪੀਂਦੇ ਹਾਂ ਉਹ ਮਸਲ ਐਨਰਜੀ ਵਿਚ ਤਬਦੀਲ ਨਾ ਹੋ ਕੇ ਸਰੀਰ ਵਿਚ ਚਰਬੀ ਵਜੋਂ ਜਮਾ ਹੋਈ ਜਾਂਦਾ ਹੈ ਤੇ ਮਨੁੱਖੀ ਸਰੀਰ ਚੰਗਾ ਖਾਣ ਪੀਣ ਦੇ ਬਾਵਜੂਦ ਵੀ ਦਿਨ ਬ ਦਿਨ ਕਮਜੋਰ ਹੋਈ ਚਲਾ ਜਾਂਦਾ ਹੈ। ਇਸ ਬੀਮਾਰੀ ਨਾਲ ਪੀੜਤ ਵਿਅਕਤੀ ਦੇ ਢਿੱਡ ਉੱਤੇ ਚਰਬੀ ਦੀ ਮੋਟੀ ਤਹਿ ਜੰਮ ਜਾਂਦੀ ਹੈ ਤੇ ਢਿੱਡ ਦੀ ਸ਼ਕਲ ਜਾਂ ਤਾਂ ਸੇਬ ਵਰਗੀ ਤੇ ਜਾਂ ਫਿਰ ਘੀਆ ਕੱਦੂ ਵਰਗੀ ਬੇਢੱਬੀ ਹੋ ਜਾਂਦੀ ਹੈ , ਕਈਆਂ ਦੀਆਂ ਵੱਖੀਆਂ ਵਿਚ ਚਰਬੀ ਦੇ ਤਕੀਏ ਬਣ ਜਾਂਦੇ ਹਨ ਤੇ ਪੇਟ ਬਿਲਕੁਲ ਡੱਡੂ ਦੇ ਪੇਟ ਵਰਗਾ ਹੋ ਜਾਂਦਾ ਹੈ ।

ਇਥੇ ਇਹ ਗੱਲ ਵੀ ਸਪੱਸ਼ਟ ਕਰ ਦਿਆਂ ਕਿ ਜਿਵੇਂ ਕਿ ਆਮ ਹੀ ਇਹ ਮੰਨਿਆ ਜਾਂਦਾ ਹੈ ਕਿ ਬਲੱਡ ਸ਼ੂਗਰ ਦੀ ਬਿਮਾਰੀ, ਸ਼ੂਗਰ ਦੇ ਵਧੇਰੇ ਸੇਵਨ ਨਾਲ ਹੁੰਦੀ ਹੈ , ਦਰਅਸਲ ਇਹ ਧਾਰਨਾ ਗਲਤ ਹੈ ਕਿਉਕਿ ਅੱਤ ਖੁਦਾ ਦਾ ਵੈਰ ਵਾਲੀ ਕਹਾਵਤ ਵਾਂਗ ਕਿਸੇ ਵੀ ਚੀਜ ਦੀ ਬਹੁਤਾਤ ਚ ਵਰਤੋਂ ਹਮੇਸ਼ਾ ਹੀ ਨੁਕਸਾਨਦਾਇਕ ਹੁੰਦੀ ਹੈ। ਉਹ ਭਾਵੇਂ ਕੋਈ ਆਦਤ, ਖੁਰਾਕ ਜਾਂ ਨਸ਼ਾ ਹੋਵੇ ਦੇਰ ਸਵੇਰ ਨਤੀਜੇ ਮਾੜੇ ਹੀ ਦਿੰਦਾ ਹੈ। ਇਹ ਉਕਤ ਤਰਾਂ ਦਾ ਵਰਤਾਰਾ ਉਸ ਵੇਲੇ ਵਾਪਰਦਾ ਹੈ ਜਦੋਂ ਸਾਡੇ ਜੀਵਨ ਢੰਗ ਦਾ ਸੰਤੁਲਿਨ ਖਰਾਬ ਹੁੰਦਾ ਹੈ । ਦੂਜੇ ਸ਼ਬਦਾਂ ਵਿਚ ਇਹ ਵੀ ਕਹਿ ਸਕਦੇ ਹਾਂ ਕਿ ਸੱਚ ਏਹੀ ਹੈ ਕਿ ਸਾਡਾ ਆਪਣਾ ਵਿਗੜਿਆ ਹੋਇਆ ਜੀਵਨ ਢੰਗ , ਸਾਡੇ ਆਪਣੇ ਵਾਸਤੇ ਹੀ ਬਹੁਤ ਸਾਰੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ ।


ਚਾਲੀ ਸਾਲ ਦੀ ਉਮਰ ਤੋਂ ਬਾਅਦ ਆਪਣੀ ਸਿਹਤ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੁੰਦੀ ਹੈ ਕਿਉਂਕਿ ਇਹ ਉਹ ਉਮਰ ਹੁੰਦੀ ਹੈ ਜਦੋਂ ਮਨੁੱਖੀ ਸਰੀਰ ਵਿਚ ਚੰਗਾ ਖਾਣ ਪੀਣ ਦੇ ਬਾਵਜੂਦ ਵੀ ਕਈ ਲੋੜੀਂਦੇ ਤੱਤਾਂ ਦੀ ਕਮੀ ਆਉਣੀ ਸ਼ੁਰੂ ਹੋ ਜਾਂਦੀ ਹੈ, ਮਿਸਾਲ ਵਜੋਂ ਸਾਨੂੰ ਆਪਣੇ ਸਰੀਰ ਦੇ ਵਜਨ ਮੁਤਾਬਿਕ , ਇਕ ਕਿਲੋ ਭਾਰ ਮਗਰ ਇਕ ਗਰਾਮ ਪਰੋਟੀਨ ਪ੍ਰਤੀ ਦਿਨ ਲੋੜੀਂਦਾ ਹੈ ਤੇ ਇਹ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਇਸ ਦੀ ਪੂਰਤੀ ਆਪਣੇ ਸਰੀਰ ਦੇ ਕੁੱਲ ਵਜਨ ਮੁਤਾਬਿਕ ਕਿਵੇ ਕਰਨੀ ਹੈ । ਇਹ ਤੱਥ ਵੀ ਸਾਡੇ ਧਿਆਨ ਵਿਚ ਹੋਣਾ ਜਰੂਰੀ ਹੈ ਕਿ ਮੈਡੀਕਲ ਸਾਇੰਸ ਦੀ ਖੋਜ ਮੁਤਾਬਿਕ ਬੰਦੇ ਨੂੰ ਹਰਟ ਅਟੈਕ 65 ਸਾਲ ਦੀ ਉਮਰ ਚ ਤੇ ਔਰਤ ਨੂੰ 72 ਸਾਲ ਦੀ ਉਮਰ ਚ ਵਧੇਰੇ ਆਉਂਦਾ ਹੈ । ਸੋ ਜੇਕਰ ਅਸੀਂ ਆਪਣੀ ਸਿਹਤ ਦੀ ਸੰਭਾਲ ਕਰਦੇ ਰਹਾਂਗੇ ਤਾਂ ਇਸ ਤਰਾਂ ਦੇ ਹਾਦਸਿਆਂ ਤੋਂ ਬਚ ਕੇ ਲੰਮਾ ਸਮਾ ਨਿਰੋਗ ਜੀਵਨ ਜੀਵਿਆ ਜਾ ਸਕਦਾ ਹੈ ।

ਡਾਃ ਜਸਵਿੰਦਰ ਭੱਲਾ ਦਾ ਵਿਛੋੜਾ ਸਾਡੇ ਸਭਨਾ ਵਾਸਤੇ ਅਕਿਹ ਵੀ ਤੇ ਅਸਹਿ ਵੀ ਹੈ , ਉਹਨਾਂ ਦੀ ਘਾਟ ਕਦੇ ਵੀ ਪੂਰੀ ਨਹੀਂ ਹੋਵੇਗੀ, ਹਾਂ, ਅਸੀਂ ਉਹਨਾਂ ਨੂੰ ਪੁਰ ਜੀਵਨ ਯਾਦ ਰੱਖਾਂਗੇ ਤੇ ਇਸ ਦੇ ਨਾਲ ਹੀ ਇਹ ਅਹਿਦ ਵੀ ਲਵਾਂਗੇ ਕਿ ਆਪਣੀ ਤੰਦਰੁਸਤੀ ਦਾ ਵੱਧ ਤੋਂ ਵੱਧ ਖਿਆਲ ਵੀ ਰੱਖਾਂਗੇ ਤੇ ਉਹ ਵੀ ਇਹ ਸੋਚਣ ਤੋਂ ਬਿਨਾਂ ਕਿ ਕੱਲ੍ਹ ਕੀ ਹੋਣਾ, ਅਸੀਂ ਹੋਣਾ ਕਿ ਨਹੀਂ ਹੋਣਾ ਕਿਉਂਕਿ ਸੱਚ ਦਾ ਸਾਨੂੰ ਸਭ ਨੂੰ ਪਤਾ ਹੈ ਕਿ ਇਕ ਨ ਇਕ , ਇਸ ਸੰਸਾਰ ਤੋਂ ਆਪਾਂ ਸਭ ਨੇ ਰੁਖਸਤ ਹੋਣਾ ਹੀ ਹੈ, ਇਹ ਜਗਤ ਸਾਡਾ ਪੱਕਾ ਟਿਕਾਣਾ ਨਹੀਂ ਹੈ, ਇਥੇ ਅਸੀਂ ਸਭ ਕਿਰਾਏਦਾਰ ਹਾਂ, ਫਿਰ ਚਿੰਤਾ ਕਾਹਦੀ, ਜੋ ਪਲ ਹੱਥਾਂ ਚ ਨੇ, ਆਪਣੀ ਸਿਹਤ ਦੀ ਸੰਭਾਲ ਕਰਕੇ ਵਧੀਆ ਜੀਅ ਲਓ, ਸਦੀਵੀ ਤੁਰ ਜਾਣ ਤੋਂ ਪਹਿਲਾਂ ਇਸ ਦੁਨੀਆ ਨੂੰ ਡਾਃ ਭੱਲਾ ਵਾਂਗ ਯਾਦਾਂ ਦੀ ਪਟਾਰੀ ਭਰਕੇ ਦੇ ਜਾਓ ਤੇ ਅਮਰ ਹੋ ਜਾਓ ।

ਆਖਿਰ ਚ ਕਹਾਂਗਾ ਕਿ ਦੂਸਰਿਆਂ ਨੂੰ ਦੁੱਖ ਦੇਣੇ ਜਾਂ ਫਿਰ ਜਾਣੇ ਅਣਜਾਣੇ ਆਪਣੇ ਵਾਸਤੇ ਦੁੱਖ ਸਹੇੜਨੇ ਔਖਾ ਕੰਮ ਨਹੀਂ, ਪਰ ਦੂਜਿਆਂ ਦੇ ਚੇਹਰਿਆਂ ਨੂੰ ਮੁਸਕਰਾਹਟਾਂ ਤੇ ਹਾਸਿਆਂ ਦੇ ਠਹਾਕੇ ਵੰਡਣੇ ਬਹੁਤ ਵੱਡਾ ਤੇ ਔਖਾ ਕਾਰਜ ਹੁੰਦਾ ਹੈ । ਜਸਵਿੰਦਰ ਭੱਲਾ ਦਰਅਸਲ ਹਾਸਿਆਂ ਦਾ ਵਣਜਾਰਾ ਸੀ ਤੇ ਪੰਜਾਬੀ ਉਸ ਨੂੰ ਹਮੇਸ਼ਾ ਯਾਦ ਰੱਖਣਗੇ । ਅਲਵਿਦਾ ਜਸਵਿੰਦਰ ਭੱਲਾ ਨੂੰ !! ਨਹੀਓਂ ਲੱਭਣੇ ਲਾਲ ਗੁਆਚੇ, ਮਿੱਟੀ ਨਾ ਫਰੋਲ ਜੋਗੀਆ !!

ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋਃ)

# ਅਧੂਰਾਪਣ ਜੀਵਨ...



ਮਨੁੱਖ ਦੀ ਸਭ ਤੋਂ ਵੱਡੀ ਕਮਜ਼ੋਰੀ ਇਹ ਹੈ ਕਿ ਉਹ ਸ਼ੁਰੂ ਤਾਂ ਬਹੁਤ ਕੁਝ ਕਰਦਾ ਹੈ ਪਰ ਉਸਨੂੰ ਪੂਰਾ ਨਹੀਂ ਕਰਦਾ। ਇਹੀ ਅਧੂਰਾਪਣ ਜੀਵਨ ਵਿੱਚ ਦੁੱਖ ਦਾ ਕਾਰਨ ਬਣਦਾ ਹੈ।

ਕੋਈ ਵਿਅਕਤੀ ਪ੍ਰੇਮ ਸ਼ੁਰੂ ਕਰਦਾ ਹੈ — ਅੱਧੇ ਰਸਤੇ ਵਿੱਚ ਛੱਡ ਦਿੰਦਾ ਹੈ। ਕੋਈ ਧਿਆਨ ਸ਼ੁਰੂ ਕਰਦਾ ਹੈ — ਅੱਧ 'ਚ ਹੀ ਅੱਕ ਜਾਂਦਾ ਹੈ। ਕੋਈ ਨਵਾਂ ਰਾਹ ਫੜ੍ਹਦਾ ਹੈ — ਥੋੜ੍ਹਾ ਜਿਹਾ ਤੁਰਨ ਤੋਂ ਬਾਅਦ ਵਾਪਸ ਮੁੜ ਆਉਂਦਾ ਹੈ।

ਮੈਂ ਕਹਿੰਦਾ ਹਾਂ, ਜੇ ਜੀਵਨ ਵਿੱਚ ਸ਼ਾਂਤੀ ਚਾਹੀਦੀ ਹੈ ਤਾਂ ਜੋ ਸ਼ੁਰੂ ਕਰੋ ਉਸਨੂੰ ਪੂਰਾ ਕਰਨਾ ਸਿੱਖੋ।

ਕਿਉਂਕਿ ਅਧੂਰੀਆਂ ਚੀਜ਼ਾਂ ਮਨ 'ਤੇ ਬੋਝ ਬਣ ਜਾਂਦੀਆਂ ਹਨ। ਅਧੂਰੀਆਂ ਗੱਲਾਂ ਮਨ ਵਿੱਚ ਕੰਡੇ ਵਾਂਗ ਚੁਭਦੀਆਂ ਰਹਿੰਦੀਆਂ ਹਨ।

ਜੋ ਅਧੂਰਾ ਛੱਡ ਦਿੱਤਾ ਜਾਂਦਾ ਹੈ, ਉਹ ਵਾਰ-ਵਾਰ ਯਾਦ ਆਉਂਦਾ ਹੈ, ਤੁਹਾਨੂੰ ਪਰੇਸ਼ਾਨ ਕਰਦਾ ਹੈ। ਅਤੇ ਜੀਵਨ ਵਿੱਚ ਅਣਗਿਣਤ ਅਧੂਰੇ ਕੰਮ ਤੁਹਾਨੂੰ ਇਸ ਤਰ੍ਹਾਂ ਬੰਨ੍ਹ ਲੈਂਦੇ ਹਨ ਕਿ ਤੁਸੀਂ ਆਜ਼ਾਦ ਨਹੀਂ ਹੋ ਪਾਉਂਦੇ।

ਅਧੂਰਾਪਣ ਇੱਕ ਆਦਤ ਬਣ ਜਾਂਦਾ ਹੈ। ਅੱਜ ਇੱਕ ਚੀਜ਼ ਛੱਡੀ, ਕੱਲ੍ਹ ਦੂਜੀ ਛੱਡੋਗੇ। ਹੌਲੀ-ਹੌਲੀ ਇਹ ਸੁਭਾਅ ਵਿੱਚ ਬੈਠ ਜਾਂਦਾ ਹੈ, ਪੱਕੀ ਆਦਤ ਬਣ ਜਾਂਦਾ ਹੈ। ਜੋ ਵੀ ਕੰਮ ਹੱਥ ਵਿੱਚ ਲਓ, ਉਸਨੂੰ ਖਤਮ ਕਰਨ ਦਾ ਸੰਕਲਪ ਰੱਖੋ। ਭਾਵੇਂ ਛੋਟਾ ਹੋਵੇ ਜਾਂ ਵੱਡਾ - ਉਸਨੂੰ ਪੂਰਾ ਕਰੋ।

ਇਹ ਸਾਧਨਾ ਹੈ। ਇਹ ਤੁਹਾਡੇ ਮਨ ਨੂੰ ਇਕਾਗਰ ਬਣਾਉਂਦੀ ਹੈ, ਤੁਹਾਨੂੰ ਮਜ਼ਬੂਤ ਬਣਾਉਂਦੀ ਹੈ।

ਅਤੇ ਜਦੋਂ ਤੁਹਾਨੂੰ ਇਹ ਆਦਤ ਹੋ ਜਾਂਦੀ ਹੈ ਕਿ ਜੋ ਸ਼ੁਰੂ ਕੀਤਾ ਉਸਨੂੰ ਪੂਰਾ ਕਰਨਾ ਹੀ ਹੈ, ਤਾਂ ਤੁਹਾਡੇ ਜੀਵਨ ਵਿੱਚ ਇੱਕ ਨਵੀਂ ਸ਼ਕਤੀ ਪੈਦਾ ਹੁੰਦੀ ਹੈ।

ਫਿਰ ਤੁਸੀਂ ਜਾਣਦੇ ਹੋ ਕਿ ਕੋਈ ਵੀ ਰਾਹ ਔਖਾ ਕਿਉਂ ਨਾ ਹੋਵੇ, ਤੁਸੀਂ ਅੰਤ ਤੱਕ ਜਾਓਗੇ।

ਜੀਵਨ ਵਿੱਚ ਸਫਲਤਾ ਦਾ ਕੋਈ ਰਹੱਸ ਹੈ, ਤਾਂ ਇਹੀ ਹੈ — ਦ੍ਰਿੜਤਾ ਅਤੇ ਸੰਪੂਰਨਤਾ। ਜੋ ਤੁਸੀਂ ਸ਼ੁਰੂ ਕੀਤਾ ਹੈ ਉਸਨੂੰ ਛੱਡੋ ਨਾ — ਪੂਰਾ ਕਰੋ, ਖਤਮ ਕਰੋ। ਨੇਪਰੇ ਚਾੜ੍ਹੋ ਫਿਰ ਹੀ ਤੁਸੀਂ ਸ਼ਾਂਤੀ ਪਾਓਗੇ, ਅਨੰਦ ਪਾਓਗੇ।

ਕਿਉਂਕਿ ਅਧੂਰਾ ਪ੍ਰੇਮ, ਧਿਆਨ, ਸਫ਼ਰ ਤੇ ਜੀਵਨ ਵੀ — ਕਦੇ ਵੀ ਸੰਤੁਸ਼ਟੀ ਨਹੀਂ ਦਿੰਦੇ, ਖੁਸ਼ੀ ਨਹੀਂ ਦਿੰਦੇ।

ਓਸ਼ੋ

# ਹੁਸਨ ਦਾ ਗਰੂਰ



ਅੱਜ ਦਾ ਅਖ਼ਬਾਰ, ਕੱਲ੍ਹ ਨੂੰ ਹੋ ਜਾਏ ਰੱਦੀ,
ਇਹ ਗੱਲ ਤੂੰ ਆਪਣੇ ਹੁਸਨ ਨੂੰ ਸਮਝਾ ਛੱਡੀ।
ਚਾਰ ਦਿਨਾਂ ਦੀ ਚਾਨਣੀ, ਫਿਰ ਰਾਤ ਹਨ੍ਹੇਰੀ ਏ,
ਬਦਲਦੇ ਰੰਗਾਂ ਵਾਂਗੂੰ, ਗੱਲਬਾਤ ਵੀ ਬਥੇਰੀ ਏ।
ਸਦਾ ਨਹੀਂ ਰਹਿਣੀ ਏ ਜੋਬਨ ਰੁੱਤ ਮਸਤਾਨੀ,
ਇਹ ਗੱਲ ਆਪਣੇ ਹੁਸਨ ਨੂੰ ਸਮਝਾ ਨਿਮਾਣੀ।
ਕੀ ਮਾਣ ਮਹਿਕਾਂ ਦਾ, ਜੋ ਪਲ ਵਿੱਚ ਉੱਡ ਜਾਣੀਆਂ,
ਇਹ ਸਮਾਂ ਤੇ ਸੂਰਤਾਂ ਵੀ, ਇੱਕ ਦਿਨ ਮਿਟਾ ਜਾਣੀਆਂ।
ਅੱਜ ਬੰਨਣ ਜੋ ਤਾਰੀਫ਼ਾਂ ਦੇ ਪੁਲ਼, ਕੱਲ੍ਹ ਨੂੰ ਓਹੀ ਭੁੱਲ ਜਾਣਗੇ,
ਤੇਰੇ ਹੁਸਨ ਦੇ ਕਸੀਦੇ ਪੜ੍ਹਨ ਵਾਲੇ, ਮੁੱਖ ਮੋੜ ਲੰਘ ਜਾਣਗੇ।
ਘਟਦਾ-ਵਧਦਾ ਰਹਿੰਦਾ ਚੰਨ, ਸੂਰਜ ਵੀ ਢਲ ਜਾਂਦਾ ਏ,
ਇਹ ਗੱਲ ਆਪਣੇ ਹੁਸਨ ਨੂੰ, ਕਿਉਂ ਨਈਂ ਤੂੰ ਸਮਝਾਉਂਦਾ ਏ।
ਖਿੜਿਆ ਹੋਇਆ ਫੁੱਲ ਵੀ ਆਖ਼ਰ, ਸੁੱਕ ਕੇ ਮੁਰਝਾ ਜਾਂਦਾ ਏ,
ਸਦਾ ਤਾਂ ਸੀਰਤ ਹੀ ਰਹਿੰਦੀ, ਸੂਰਤ 'ਤੇ ਧੋਖਾ ਖਾਂਦਾ ਏ।
ਅਸਲ ਖ਼ੂਬਸੂਰਤੀ ਤਾਂ ਬੰਦੇ ਦੇ, ਚੰਗੇ ਕਿਰਦਾਰ ਵਿੱਚ ਹੈ,
ਇਹ ਗੱਲ ਆਪਣੇ ਹੁਸਨ ਨੂੰ, ਤੂੰ ਦਿਲ ਵਿੱਚ ਵਸਾ ਲੈ।
ਮਿੱਟੀ ਦੇ ਇਸ ਬੁੱਤ ਉੱਤੇ, ਐਵੇਂ ਨਾ ਇਨ੍ਹਾਂ ਇਤਰਾ ਤੂੰ,
ਸਮਾਂ ਬੜਾ ਬਲਵਾਨ, ਸਭ ਕਰ ਦਿੰਦਾ ਹੈ ਸੁਆਹ।
ਅੱਜ ਦਾ ਅਖ਼ਬਾਰ ਜਿਵੇਂ, ਕੱਲ੍ਹ ਨੂੰ ਬਣ ਜਾਂਦਾ ਰੱਦੀ,
ਇਹ ਗੱਲ ਤੂੰ ਆਪਣੇ ਹੁਸਨ ਨੂੰ, ਚੰਗੀ ਤਰ੍ਹਾਂ ਸਮਝਾ ਛੱਡੀ।

ਪ੍ਰੋ. ਪਵਨ ਖਿੱਚੀ, ਮਾਨਸਾ
ਮੋਬਾ. 9478160786

# ਕਾਲੇ ਬੱਦਲ....

ਕਾਲੇ ਬੱਦਲ ਬੱਦਲਾਂ ਨਾਲ ਟਕਰਾ ਕੇ,
ਲਗਾਤਾਰ ਮੀਂਹ ਨੂੰ ਵਰਸਾ ਰਹੇ ਨੇ।
ਆਪਣੇ ਪ੍ਰਕੋਪ ਨੂੰ ਦਿਖਾ ਰਹੇ ਨੇ ।
ਡੈਮਾਂ ਵਿੱਚ ਪਾਣੀ ਦੇ ਪੱਧਰ ਨੂੰ
ਲਗਾਤਾਰ ਉੱਚਾ ਦਿਖਾ ਰਹੇ ਨੇ ।
ਪਾਣੀ ਦਾ ਪੱਧਰ ਉੱਚਾ ਹੁੰਦਾ ਦੇਖ
ਫਲੱਡ ਗੇਟ ਖੋਲ੍ਹੇ ਜਾ ਰਹੇ ਨੇ ।
ਪਾਣੀ ਦਰਿਆ ਵੱਲ ਛੱਡ ਰਹੇ ਨੇ ।
ਜਨਜੀਵਨ ਪ੍ਰਭਾਵਿਤ ਕਰ ਰਹੇ ਨੇ।
ਦਰਿਆਵਾਂ ਦੇ ਪਾਣੀ ਰੌਦਰ ਰੂਪ ਧਾਰ
ਹੜ੍ਹਾਂ ਦੀ ਸਥਿਤੀ ਬਣਾ ਰਹੇ ਨੇ।
ਪਾਣੀ ਦੇ ਟੁੱਟੇ ਬੰਨ੍ਹ ਆਪਣੇ ਟੁੱਟੇ
ਹੋਏ ਸਬਰ ਨੂੰ ਦਰਸਾ ਟੁੱਟ ਰਹੇ ਨੇ।
ਖੇਤਾਂ ਵਿੱਚ ਪਾਣੀ ਦਾ ਵਹਾਅ ਕਿਸਾਨਾਂ
ਦੀਆਂ ਆਸਾਂ ਤੇ ਮਿਹਨਤ ਉੱਪਰ ਪਾਣੀ
ਫੇਰ ਅੱਗੇ ਵੱਲ ਵੱਧਦੇ ਵਿਖਾ ਰਹੇ ਨੇ।
ਉਸਦੀ ਅੱਖਾਂ ਵਿੱਚੋਂ ਹੰਝੂ ਕੇਰ ਰਹੇ ਨੇ।
ਲੋਕ ਘਰ ਛੱਡ ਕਿਸੇ ਹੋਰ ਥਾਂ ਤੇ ਜਾਣ ,
ਲਈ ਮਜ਼ਬੂਰ ਤੇ ਬੇਵੱਸ ਹੋ ਰਹੇ ਨੇ।
ਕੁਦਰਤ ਨਾਲ ਕੀਤੇ ਹੋਏ ਖਿਲਵਾੜ
ਦੇ ,ਨਸ਼ਰ ਨੂੰ ਹੁਣ ਦਿਖਾ ਰਹੇ ਨੇ।
ਰੁੱਖਾਂ ਦੀ ਕਟਾਈ ਤੇ ਹਵਾ ਪ੍ਰਦੂਸ਼ਣ
ਆਲੇ ਦੁਆਲੇ ਦੀ ਗੰਦਗੀ ਤੇ ,
ਕੂੜੇ ਨੂੰ ਕੂੜੇਦਾਨ ਵਿੱਚ ਨਾ ਪਾਉਣਾ ,
ਕੁਦਰਤੀ ਆਫਤਾਂ ਨੂੰ ਲੈ ਕੇ ਆਉਣਾ ,
ਹੜ੍ਹ ,ਸੋਕਾ , ਬੇਮੌਸਮੀ ਬਰਸਾਤ ਹੋਣਾ ,
ਮਨੁੱਖ ਦੀ ਬੇਪਰਵਾਹੀ ਦਿਖਾ ਰਹੇ ਨੇ।
ਕੁਦਰਤ ਨਾਲ ਕੀਤੀ ਲਾਪਰਵਾਹੀ
ਨੂੰ, ਵੀ ਚੰਗੀ ਤਰ੍ਹਾਂ ਸਮਝਾ ਰਹੇ ਨੇ।
ਈਕੋ ਫਰੈਂਡਲੀ ਬਣ ਨੂੰ ਸਮਝਾ ਰਹੇ ਨੇ।
ਆਪਣੇ ਲੜਖੜਾਏ ਹੋਏ ਪੈਰਾਂ ਨੂੰ
ਸੰਭਲਣ ਲਈ ਸਮਝਾ ਰਹੇ ਨੇ।
ਕੁਦਰਤੀ ਆਫ਼ਤਾਂ ਨੂੰ ਦਿਖਾ ਰਹੇ ਨੇ।

ਪਰਮਬੀਰ ਕੌਰ ਰਿਆੜ

CANADIAN TRUCK TRAINING CENTRE






ਹਰਪਾਲ ਸਿੰਘ ਮਾਨ

ਤਸੱਲੀਬਖਸ਼ ਸੇਵਾਵਾਂ ਲਈ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662

UNIVERSAL MORTGAGES



CALL MUNISH TEGI
Mortgage Agent Level1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

## ਸ਼ਬਦਾਂ ਵਿੱਚ ਬੱਝਣ ਵਾਲਾ ਘੋੜਾ ਨਹੀਂ

# ਬੁੱਧ ਸਿੰਘ ਨੀਲੋਂ !

ਬੁੱਧ ਸਿੰਘ ਨੀਲੋਂ ਅੱਖ਼ਰਾਂ 'ਚ ਬੰਦ ਕਰਨ ਵਾਲਾ, ਸ਼ਬਦਾਂ ਵਿਚ ਬੱਝਣ ਵਾਲਾ ਘੋੜਾ ਨਹੀਂ। ਦੌੜਾਕ ਸ਼ੈਲੀ 'ਚ ਲਿਖਦਾ, 'ਬੁੱਧ ਸਿੰਘ ਨੀਲੋਂ' ਸਮਾਜ ਵਿਚ ਵਾਪਰ ਰਹੇ ਵਿਸਮਾਦ ਨੂੰ ਬੇ-ਝਿਜਕ, ਬੇ-ਧੜਕ ਨਿਡਰ ਹੋ ਕੇ ਬੇ-ਪਰਦ ਕਰਨ ਦੀ ਜ਼ੁਰੱਅਤ ਰੱਖਦਾ ਹੈ। ▯ ਉਹ ਸਿੱਟਿਆਂ ਦੀ ਪ੍ਰਵਾਹ ਕੀਤੇ ਬਗ਼ੈਰ ਕਲਮ ਦੀ ਸਾਨ ਤੇ ਜਦੋਂ ਕਿਸੇ ਵਿਸੰਗਤੀ ਨੂੰ ਚਾੜ੍ਹਦਾ ਹੈ ਤਾਂ ਪਹਿਲਾਂ ਲੋਹੇ 'ਤੇ ਲੱਗੀ ਜੰਗਾਲ ਨੂੰ ਪਰ੍ਹਾਂ ਕਰਦਾ ਹੋਇਆ ਤੱਕਲੇ ਦੇ ਵਲ ਕੱਢਣ ਲਈ ਇੱਕ ਅੱਖ਼ ਨਾਲ ਕਾਣ ਕੱਢਦਾ ਹੈ।

ਉਹ ਜੰਗਾਲੀਆਂ ਸੋਚਾਂ, ਮਰ ਚੁੱਕੀਆਂ ਰੂਹਾਂ ਦੇ ਆਰ ਪਾਰ ਹੁੰਦਾ ਹੋਇਆ ਉਨ੍ਹਾਂ ਵਿਚ ਜਾਨ ਭਰਨ ਦੀ ਕੋਸ਼ਿਸ਼ ਕਰਦਾ ਹੈ। ਸਮਾਜ ਵਿਚ ਵਾਪਰ ਰਹੇ ਅਨਿਆਏ, ਰਾਜਨੀਤਕ ਤੌਰ 'ਤੇ ਮਜ਼ਬੂਰੀ ਵੱਸ ਵਿਕਦੇ ਅਹਿਸਾਸਾਂ ਦੀ ਪੁਣ-ਛਾਣ ਦੀ ਕਰਦਾ ਹੈ। ਉਹ ਗਰਕ ਚੁੱਕੇ ਵਿਦਿਅਕ ਢਾਂਚੇ, ਉੱਚ ਡਿਗਰੀਆਂ ਵਿਚ ਹੁੰਦੇ ਘਪਲਿਆਂ ਤੋਂ ਇਲਾਵਾ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਦੇ ਹੁੰਦੇ ਜਿਨਸੀ, ਮਾਨਸਿਕ ਸ਼ੋਸ਼ਣ ਦੀਆਂ ਪਰਤਾਂ ਫਰੋਲਦਾ, ਵਿਕਦੀਆਂ ਡਿਗਰੀਆਂ, ਨਕਲੀ ਸਕਾਲਰਾਂ ਦੇ ਬਖੀਏ ਵੀ ਉਧੇੜਦਾ ਹੈ।

ਬੁੱਧ ਸਿੰਘ ਨੀਲੋਂ ਇੱਕ ਲੇਖਕ ਹੀ ਨਹੀਂ ਉਹ ਆਪਣੇ ਆਪ ਵਿਚ ਇੱਕ ਸੰਪੂਰਨ ਸੰਸਥਾ ਬਣ ਚੁੱਕਿਆ, ਇੱਕ ਸੋਚ ਦਾ ਪ੍ਰਤੀ-ਸਿਖਰ ਹੈ। ਜੋ ਕੰਮ ਸਮਾਜਿਕ ਸੰਸਥਾਵਾਂ ਨੇ ਇਕੱਠੀਆਂ ਹੋ ਕੇ ਕਰਨਾ ਹੈ ਉਹ ਇਕੱਲਾ ਕਰਨ ਦੀ ਹਿੰਮਤ ਰੱਖਦਾ ਹੈ। ਉਸਦੀ ਬਾਜ਼ ਅੱਖ਼ ਨਿੱਤ ਗਰਕ ਰਹੇ ਰਾਜਨੀਤਕ, ਸਮਾਜਿਕ, ਧਾਰਮਿਕ, ਵਿੱਦਿਅਕ ਅਕੀਦਿਆਂ ਦੇ ਧੁਰ ਅੰਦਰ ਝਾਕਣ ਦੀ ਸਮਰੱਥਾ ਰੱਖਦੀ ਹੈ।

ਉਹ 'ਬੁੱਕਲ ਦੇ ਸੱਪਾਂ' ਦੀ ਗੱਲ ਕਰਦਾ, 'ਲੋਕਾਂ ਨੂੰ ਲੱਗੀਆਂ ਜੋਕਾਂ' ਦੀ ਤਹਿ ਤੱਕ ਜਾਂਦਾ, ਜਦੋਂ 'ਕੱਲ੍ਹ ਦੀ ਭੂਤਨੀ ਸਿਵਿਆਂ 'ਚ ਅੱਧ ਲਿਖ ਕੇ ਰਾਜਨੀਤਕ ਵਿਅੰਗ ਕਸਦਾ ਹੈ ਤਾਂ ਠੱਗਾਂ ਤੋਂ ਸੁਚੇਤ ਕਰਦਾ ਨਜ਼ਰ ਆਉਂਦਾ ਹੈ।

ਉਸ ਦੀ ਪਾਰਖੂ ਅੱਖ਼ ਛੋਟੀ ਤੋਂ ਛੋਟੀ ਤੇ ਵੱਡੀ ਤੋਂ ਵੱਡੀ ਘਟਨਾ ਨੂੰ ਬਿਆਂ ਕਰਨ ਲਈ ਤੱਤਪਰ ਤਾਂ ਰਹਿੰਦੀ ਹੀ ਹੈ ਸਗੋਂ ਚਿੰਤਾ ਵੀ ਜ਼ਾਹਰ ਕਰਦੀ ਹੈ। ਜਦੋਂ ਉਹ ਲਿਖਦਾ ਲਿਖਦਾ ਬੇਬਸ ਹੋ ਜਾਂਦਾ ਹੈ ਤਾਂ ਉਹ ਘਬਰਾਉਂਦਾ ਨਹੀਂ ਮਜਬੂਰੀਆਂ ਦਾ ਲੇਖਾ ਜੋਖਾ ਕਰਕੇ ਫੇਰ ਹੰਭਲਾ ਮਾਰਨ ਲਈ ਪ੍ਰੇਰਦਾ ਨਜ਼ਰ ਆਉਂਦਾ ਹੈ।

'ਪੰਜਾਬੀ ਸਾਹਿਤ ਦਾ ਮਾਫ਼ੀਆ' ਉਸ ਦੇ ਮੌਲਿਕ ਲੇਖਾਂ ਦੀ ਕ੍ਰਿਤ ਹੈ। ਜੋ ਜਲਦੀ ਹੀ ਤੁਹਾਡੇ ਹੱਥਾਂ ਵਿਚ ਆ ਰਹੀ ਹੈ। ਇਹ ਕਿਤਾਬ ਉਨ੍ਹਾਂ ਲੇਖਾਂ ਨਾਲ ਭਰਪੂਰ ਹੈ ਜਿਹੜੇ ਪਿਛਲੇ ਸਮੇਂ ਵਿੱਚ ਬੁੱਧ ਸਿੰਘ ਨੀਲੋਂ ਨੂੰ ਸਮਾਜ ਦਾ ਜਾਗਰੂਕ, ਝੰਡਾ ਬਰਦਾਰ, ਸੁਚੇਤ ਲੇਖਕ ਮੰਨਣ ਦੀ ਕੁੱਵਤ ਰੱਖਦੇ ਆਏ ਹਨ। ਮੈਂ ਛੋਟੇ ਵੀਰ ਦੇ ਲੇਖਾਂ ਤੋਂ ਪ੍ਰਭਾਵਤ ਹੋ ਕੇ ਕਈ ਕਵਿਤਾਵਾਂ ਲਿਖੀਆਂ।

ਬੁੱਧ ਸਿੰਘ ਨੀਲੋਂ ਦੇ ਲੇਖਾਂ ਨੂੰ ਕਵਿਤਾ ਵਿਚ ਢਾਲਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਪਰ ਫੇਰ ਵੀ ਬੁੱਧ ਸਿੰਘ ਨੀਲੋਂ ਦੀ ਕਲਮ ਦੀ ਪ੍ਰੇਰਨਾ ਸਦਕਾ ਜਦੋਂ ਮੈਂ ਕਵਿਤਾ ਵੱਲ ਮੁੜਿਆ ਤਾਂ ਖੁਸ਼ੀ ਦੇ ਨਾਲ ਮਾਣ ਵੀ ਮਹਿਸੂਸ ਹੋਇਆ।

ਕਵਿਤਾ ਦੀ ਇੱਕ ਉਦਾਹਰਣ ਪੇਸ਼ ਕਰ ਰਿਹਾ ਹਾਂ ▯ਜੋ ਬੁੱਧ ਸਿੰਘ ਨੀਲੋਂ ਦੇ ▯ਲੇਖਾਂ ਦੀ ਤਰਜ਼ਮਾਨੀ ਕਰਦੀ ਹੈ :ਬੁੱਧ ਸਿੰਘ ਨੀਲੋ ਵੀਰ ਨੂੰ ,
ਉਸਦੀ ਖ਼ੂਬਸੂਰਤ ਰਚਨਾ '



" ਘੁੰਮ ਚਰਖੜਿਆ ਵੇ, "
ਦੇ ਜੁਆਬ ਵਿਚ, ਤੁੱਛ ਸ਼ਬਦ।
**

ਮਿਹਨਤ, ਸਿਦਕ, ਸ਼ਕਤੀ,
ਚਾਅ, ਸੁਪਨੇ ਤੇ ਦ੍ਰਿੜਤਾ ਨਾਲ,
ਤੂੰ ਕੁਝ ਵੀ ਬਣ ਜਾਵੇਂ।
ਰੂਹ ਵਿਚ ਸ਼ਾਮਿਲ ਕਰ ਆਪਣੇ,
ਹੱਲ ਕਰਨ ਵਾਲੇ ਸੁਆਲਾਂ ਨੂੰ।

ਇਹ ਅਦਾ , ਵਰਤਾਰਾ ਨਹੀਂ,
ਕੁਦਰਤ ਦਾ,
ਮਿਹਨਤ ਹੈ ਤੇਰੀ,
ਆਪਣੇ ਅੰਦਰ ਕਰਮ ਦਾ,
ਅਹਿਸਾਸ ਪੈਦਾ ਕਰ ।

ਸ਼ਾਇਦ ਸਾਹਿਤਕਾਰ,
ਗਾਇਕ, ਅਦਾਕਾਰ,
ਜਾਂ ਫ਼ਨਕਾਰ ਬਣ ਜਾਵੇਂ,
ਇਸ ਤਰ੍ਹਾਂ ਕੁਝ ਬਨਣ ਦਾ,
ਅਭਿਆਸ ਪੈਦਾ ਕਰ।

ਇਹ ਅਭਿਆਸ ਦਾ ਹੀ ਕੰਮ ਹੈ,
ਬੱਚੇ, ਬੋਟ ਤੇ ਪੰਛੀ ਮਾਰਦੇ ਉਡਾਰੀਆਂ।
ਸਿੱਖਣ ਦਾ ਤੂੰ ਮਨ ਵਿਚ,
ਜਗਿਆਸ ਪੈਦਾ ਕਰ।

ਗੁਰੂ ਤਾਂ ਸ਼ਬਦ ਸੇਧ ਹੈ,
ਮੰਜ਼ਿਲ ਤੂੰ ਹੀ ਸਰ ਕਰਨੀ,
ਇਸ ਕਰਮ ਦੇ ਫ਼ਲ ਨੂੰ ਪਾਉਣ ਦਾ,
ਹੁਲਾਸ ਪੈਦਾ ਕਰ।

ਕਰ ਅਧਿਐਨ ਜ਼ਿੰਦਗੀ ਦਾ,
ਕੁਝ ਹਾਸਿਲ ਕਰਨ ਲਈ,
ਕੋਹਲੂ ਦਾ ਬੈਲ ਬਣ ਕੇ ਨਹੀਂ,
ਮੰਜ਼ਿਲਾਂ ਨਿਸ਼ਚਿਤ ਕਰ ਕੇ ਚੱਲ।

ਲਗਾਉਣੀ ਉਮਰਾਂ ਦੀ ਸੌਖੀ,
ਨਿਭਾਉਣੀ ਪਰਾ ਦੇਸ ਦੀ ਗੱਲ,
ਸੂਰਜ ਦੇ ਵਾਂਗੂੰ,ਉੱਘਣ ਦਾ,
ਇਕਰਾਰ ਪੈਦਾ ਕਰ।
ਅਖ਼ੀਰ ਵਿਚ ਇਹ ਹੀ ਕਹਾਂਗਾ
ਕਲ਼ਮ-ਇ-ਜ਼ੋਰ ਔਰ ਜ਼ਿਆਦਾ ।
ਆਮੀਨ

ਜਸਪਾਲ ਜੱਸੀ, ਬਠਿੰਡਾ

# (ਜੀਣਾ ਸਿੱਖ ਲਿਆ ਹੈ)

ਜੋ ਦੋਸਤ ਕਹਿੰਦੇ ਸੀ
ਅਸੀਂ ਤੈਨੂੰ ਬਹੁਤ ਪਿਆਰ ਕਰਦੇ ਹਾਂ
ਤੇਰੇ ਦੁੱਖ ਸੁੱਖ ਵਿੱਚ ਸਾਥ ਦਿਆਂਗੇ
ਜੋ ਅੰਦਰੋਂ ਹੋਰ ਤੇ ਬਾਹਰੋਂ ਹੋਰ ਨੇ
ਕਹਿੰਦੇ ਕੁਝ ਹੋਰ ਤੇ ਕਰਦੇ ਕੁਝ ਹੋਰ ਨੇ
ਉਹਨਾਂ ਦੀਆਂ ਰਮਜ਼ਾਂ ਸਮਝ
ਖ਼ਾਮੋਸ਼ ਹੋ ਗਈ ਹਾਂ ਤੇ ਉਹਨਾਂ ਬਿਨਾਂ
ਜੀਣਾ ਸਿੱਖ ਲਿਆ ਹੈ
ਸੱਚ ਹੁਣ ਮੈਂ ਜੀਣਾ ਸਿੱਖ ਲਿਆ ਹੈ

ਦਰਦਾਂ ਦਾ ਭਰਿਆ ਸਮੁੰਦਰ ਸਾਂ ਮੈਂ
ਉਹਨਾਂ ਦਰਦਾਂ ਦੇ ਘੁੱਟ ਪੀ
ਦਰਦਾਂ ਨੂੰ ਸੀਨੇ ਅੰਦਰ ਦਫ਼ਨ ਕਰ
ਹੰਝੂਆਂ ਨੂੰ ਪਲਕਾਂ ਪਿੱਛੇ ਛੁਪਾ
ਮੁਸਕਰਾਉਣਾ ਸਿੱਖ ਲਿਆ ਹੈ
ਜੀਣਾ ਸਿੱਖ ਲਿਆ ਹੈ
ਸੱਚ ਹੁਣ ਮੈਂ ਜੀਣਾ ਸਿੱਖ ਲਿਆ ਹੈ

ਕਿਸੇ ਦੀ ਮਦਦ ਕਰ
ਕਿਸੇ ਨੂੰ ਕੋਈ ਖ਼ੁਸ਼ੀ ਦੇ
ਉਸਨੂੰ ਖ਼ੁਸ਼ ਹੁੰਦਿਆਂ ਦੇਖ ਕੇ
ਆਪ ਵੀ ਖ਼ੁਸ਼ ਹੋਣ ਦੀ
ਕੋਸ਼ਿਸ਼ ਕਰਦੀ ਹਾਂ
ਜੀਣਾ ਸਿੱਖ ਲਿਆ ਹੈ ਮੈਂ
ਸੱਚ ਹੁਣ ਮੈਂ ਜੀਣਾ ਸਿੱਖ ਲਿਆ ਹੈ

ਜੋ ਦੇਖਦੀ ਹਾਂ, ਪੜ੍ਹਦੀ ਹਾਂ, ਸੁਣਦੀ ਹਾਂ
ਸ਼ਬਦਾਂ ਨੂੰ ਢਾਲ ਬਣਾ
ਕਲਮ ਵਿੱਚ ਪਰੋ
ਲਿੱਖ ਦਿੰਦੀ ਹਾਂ ਮੈਂ
ਜੋ ਕਿਸੇ ਨੂੰ ਮੂੰਹ ਤੇ ਨਹੀਂ ਕਹਿ ਸਕਦੇ
ਉਹ ਕਲਮ ਸੱਭ ਕੁਝ ਕਹਿ ਦਿੰਦੀ ਹੈ
ਜੀਣਾ ਸਿੱਖ ਲਿਆ ਹੈ
ਸੱਚ ਹੁਣ ਮੈਂ ਜੀਣਾ ਸਿੱਖ ਲਿਆ ਹੈ

ਬੰਦ ਕਮਰੇ ਵਿੱਚ ਇੱਕਲਿਆਂ ਬੈਠ
ਆਪੇ ਹੱਸਣਾ ਆਪੇ ਰੋਣਾ
ਆਪੇ ਲਿੱਖਣਾ ਆਪੇ ਪੜ੍ਹਣਾ
ਕਦੀ ਰੱਬ ਨਾਲ ਗੱਲਾਂ
ਕਦੀ ਆਪੇ ਨਾਲ ਗੱਲਾਂ
ਹਰ ਹਾਲ ਵਿੱਚ ਮਸਤ ਰਹਿਣਾ
ਜੀਣਾ ਸਿੱਖ ਲਿਆ ਹੈ
ਸੱਚ ਹੁਣ ਮੈਂ ਜੀਣਾ ਸਿੱਖ ਲਿਆ ਹੈ
ਜੀਣਾ ਸਿੱਖ ਲਿਆ ਹੈ
ਜੀਣਾ ਸਿੱਖ ਲਿਆ ਹੈ ।



(ਰਮਿੰਦਰ ਰੰਮੀ)

# ਪੀ.ਐੱਸ.ਬੀ. ਸੀਨੀਅਰਜ਼ ਕਲੱਬ ਨੇ ਲਗਾਇਆ ਐਲੋਰਾ ਕੰਜ਼ਰਵੇਟਿਵ ਏਰੀਏ ਦਾ ਸ਼ਾਨਦਾਰ ਯਾਦਗਾਰੀ ਟੂਰ




ਬਰੈਂਪਟਨ, - ਸੀਨੀਅਰ ਬੈਂਕਰਜ਼ ਦੀ ਵੱਕਾਰੀ ਸੰਸਥਾ ਪੀ.ਐੱਸ.ਬੀ. ਸੀਨੀਅਰਜ਼ ਕਲੱਬ ਵੱਲੋਂ ਲੰਘੇ ਸ਼ਨੀਵਾਰ ਐਲੋਰਾ ਕਨਜ਼ਰਵੇਸ਼ਨ ਏਰੀਏ ਦਾ ਸ਼ਾਨਦਾਰ ਪਿਕਨਿਕ ਟੂਰ ਆਯੋਜਿਤ ਕੀਤਾ ਗਿਆ ਜਿਸ ਵਿੱਚ ਕਲੱਬ ਦੇ 100 ਦੇ ਕਰੀਬ ਮੈਂਬਰਾਂ ਨੇ ਭਾਗ ਲਿਆ। ਓਨਟਾਰੀਓ ਖਾਲਸਾ ਦਰਬਾਰ ਦੀ ਪਾਰਕਿੰਗ ਤੋਂ ਕਲੱਬ ਦੇ ਮੈਂਬਰ ਕਾਫ਼ਲੇ ਦੇ ਰੂਪ ਵਿੱਚ ਬੱਸਾਂ ਤੇ ਕਾਰਾਂ ਵਿੱਚ ਸਵਾਰ ਹੋ ਕੇ ਸਵਾ ਦਸ ਵਜੇ ਐਲੋਰਾ ਕਨਜ਼ਰਵੇਸ਼ਨ ਏਰੀਏ ਵਿੱਚ ਪਹੁੰਚ ਗਏ। ਬੱਦਲਵਾਈ ਹੋਣ ਕਰਕੇ ਇਸ ਦਿਨ ਮੌਸਮ ਬੜਾ ਸੁਹਾਵਣਾ ਤੇ ਖ਼ੁਸ਼ਗਵਾਰ ਸੀ ਜਿਸ ਨਾਲ ਮੈਂਬਰਾਂ ਵਿੱਚ ਇਸ ਪਿਕਨਿਕ ਲਈ ਹੋਰ ਵੀ ਵਧੇਰੇ ਉਤਸ਼ਾਹ ਦਿਖਾਈ ਦੇ ਰਿਹਾ ਸੀ। ਪਿਕਨਿਕ ਸਥਾਨ 'ਤੇ ਪਹੁੰਚਦਿਆਂ ਹੀ ਪ੍ਰਬੰਧਕਾਂ ਵੱਲੋਂ ਮੈਂਬਰਾਂ ਨੂੰ ਸੁਅਦਲੇ ਸਨੈਕਸ ਤੇ ਗਰਮ-ਗਰਮ ਚਾਹ ਨਾਲ ਬਰੇਕ-ਫ਼ਾਸਟ ਕਰਵਾਇਆ ਗਿਆ। ਉਪਰੰਤ, ਗਿਆਰਾਂ ਕੁ ਵਜੇ ਸਾਰੇ ਮੈਂਬਰ ਵੱਖ-ਵੱਖ ਗਰੁੱਪਾਂ ਵਿੱਚ ਇਸ ਖ਼ੂਬਸੂਰਤ ਸਥਾਨ 'ਤੇ ਬਣੀ ਟਰੇਲ ਵੱਲ ਘੁੰਮਣ-ਫਿਰਨ ਲਈ ਚੱਲ ਪਏ। ਕਾਫ਼ੀ ਪੌੜੀਆਂ ਉੱਤਰਨ ਬਾਅਦ ਉਹ ਟਰੇਲ ਤੱਕ ਪਹੁੰਚੇ ਅਤੇ ਇਸ ਦੇ ਵੱਖ-ਵੱਖ ਕੋਨਿਆਂ ਵਿੱਚ ਖੜੇ ਹੋ ਕੇ ਉਨ੍ਹਾਂ ਇਸ ਦੇ ਮਨਮੋਹਕ ਦ੍ਰਿਸ਼ਾਂ ਦੀ ਫ਼ੋਟੋਗ੍ਰਾਫ਼ੀ ਕੀਤੀ। ਇਸ ਦੌਰਾਨ ਹਲਕੀ ਜਿਹੀ ਬੂੰਦਾ-ਬਾਂਦੀ ਵੀ ਸ਼ੁਰੂ ਹੋ ਗਈ ਜਿਸ ਨੇ ਉਨ੍ਹਾਂ ਦੇ ਉਤਸ਼ਾਹ ਵਿੱਚ ਹੋਰ ਵੀ ਵਾਧਾ ਕੀਤਾ। ਡੇਢ-ਦੋ ਘੰਟੇ ਘੁੰਮਣ ਤੋਂ ਬਾਅਦ ਸਾਰੇ ਮੈਂਬਰ ਕੇਂਦਰੀ-ਸਥਾਨ ਦੇ ਸ਼ੈੱਡ ਹੇਠ ਪਹੁੰਚ ਗਏ ਅਤੇ ਇਸ ਦੇ ਨਾਲ ਹੀ ਕਲਚਰਲ ਪ੍ਰੋਗਰਾਮ ਆਰੰਭ ਹੋ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਕਲੱਬ ਦੇ ਚੇਅਰਮੈਨ ਗੁਰਚਰਨ ਸਿੰਘ ਖੱਖ ਨੇ ਸੱਭ ਤੋਂ ਪਹਿਲਾਂ ਨਵੇਂ ਮੈਂਬਰਾਂ ਨਾਲ ਜਾਣ-ਪਹਿਚਾਣ ਕਰਵਾਉਂਦਿਆਂ ਉਨ੍ਹਾਂ ਨੂੰ ਜੀ-ਆਇਆਂ ਕਿਹਾ। ਉਪਰੰਤ, ਪ੍ਰਬੰਧਕੀ ਮੈਂਬਰ ਦਿਲਬੀਰ ਸਿੰਘ ਕਾਲੜਾ, ਸੁਖਦੇਵ ਸਿੰਘ ਬੇਦੀ, ਤਰਲੋਕ ਸਿੰਘ ਸੋਢੀ, ਸੁਖਵਿੰਦਰ ਸਿੰਘ ਗਾਂਧੀ ਨੇ ਹਿੰਦੀ ਫ਼ਿਲਮੀ ਗੀਤ ਗਾ ਕੇ ਮੈਂਬਰਾਂ ਦਾ ਮਨੋਰੰਜਨ ਕੀਤਾ। ਸਤਪਾਲ ਸਿੰਘ ਕੋਮਲ ਨੇ ਮਾਂ-ਬੋਲੀ ਪੰਜਾਬੀ ਬਾਰੇ ਭਾਵਪੂਰਤ ਕਵਿਤਾ ਸੁਣਾਈ ਜਿਸ ਨੂੰ ਸਰੋਤਿਆਂ ਵੱਲੋਂ ਬੇਹੱਦ ਪਸੰਦ ਕੀਤਾ ਗਿਆ। ਸ਼੍ਰੀਮਤੀ ਜੋਗਿੰਦਰ ਕੌਰ ਮਰਵਾਹਾ, ਬਲਜਿੰਦਰ ਕੌਰ ਮਰਵਾਹਾ, ਸੁਖਵਿੰਦਰ ਕੌਰ ਤੇ ਰਵਿੰਦਰ ਕੌਰ ਜਸਾਨੀ ਨੇ ਪੰਜਾਬੀ ਗੀਤ ਤੇ ਲੋਕ-ਗੀਤ ਗਾ ਕੇ ਮੈਂਬਰਾਂ ਨੂੰ ਪੈਰ ਥਿਰਕਾਉਣ ਲਈ ਮਜਬੂਰ ਕਰ ਦਿੱਤਾ ਜਿਸ ਦੇ ਦੇਖਦੇ ਹੀ ਗਿੱਧਾ ਸ਼ੁਰੂ ਹੋ ਗਿਆ। ਬੀਬੀਆਂ ਨੇ ਇਸ ਦੌਰਾਨ ਇੱਕ-ਦੂਸਰੀ ਤੋਂ ਵੱਧ-ਚੜ੍ਹ ਕੇ ਬੋਲੀਆਂ ਪਾਈਆਂ ਤੇ ਇਹ ਸਿਲਸਿਲਾ ਕੋਈ ਦੋ ਵਜੇ ਤੱਕ ਨਿਰੰਤਰ ਚੱਲਦਾ ਰਿਹਾ। ਏਨੇ ਚਿਰ ਨੂੰ ਪ੍ਰਬੰਧਕਾਂ ਵੱਲੋਂ ਆਰਡਰ ਕੀਤਾ ਗਿਆ ਵੱਖ-ਵੱਖ ਤਰ੍ਹਾਂ ਦਾ ਪੀਜ਼ਾ ਵੀ ਪਹੁੰਚ ਗਿਆ ਅਤੇ ਸਾਰਿਆਂ ਨੇ ਇਸ ਸੁਆਦਲੇ ਪੀਜ਼ੇ ਦਾ ਖ਼ੂਬ ਅਨੰਦ ਮਾਣਿਆਂ। ਸੱਭਨਾਂ ਵੱਲੋਂ ਇਸ ਲਜ਼ੀਜ਼ ਪੀਜ਼ੇ ਦੀ ਭਰਪੂਰ ਸਰਾਹਨਾ ਕੀਤੀ ਗਈ। ਇਸ ਦੌਰਾਨ ਕੋਲਡ-ਡਰਿੰਕਸ ਦੀ ਸੇਵਾ ਮਰਵਾਹਾ ਪਰਿਵਾਰ ਵੱਲੋਂ ਕੀਤੀ ਗਈ ਜਿਸ ਦੇ ਲਈ ਉਨ੍ਹਾਂ ਦਾ ਸਾਰਿਆਂ ਵੱਲੋਂ ਧੰਨਵਾਦ ਕੀਤਾ ਗਿਆ। ਲੰਚ ਕਰਨ ਉਪਰੰਤ ਸਾਰੇ ਮੈਂਬਰ ਆਰਟ ਗੈਲਰੀ, ਡਾਊਨ-ਟਾਊਨ ਬਰਿੱਜ, ਵਾਟਰ ਫ਼ਾਲਜ਼ ਤੇ ਫਾਰਮਰਜ਼ ਮਾਰਕੀਟ ਵੇਖਣ ਲਈ ਚੱਲ ਪਏ। ਕਈਆਂ ਨੇ ਆਰਟ ਗੈਲਰੀ ਵਿੱਚ ਜਿਊਲਰੀ, ਸ਼ਹਿਦ ਤੇ ਕਲਾ-ਕਿਰਤਾਂ ਮੈਂਬਰਾਂ ਦੀ ਵਿਸ਼ੇਸ਼ ਖਿੱਚ ਦੇ ਕਾਰਨ ਬਣੇ, ਜਦਕਿ ਕਈਆਂ ਨੇ ਕਿਸਾਨਾਂ ਦੀ ਮੰਡੀ ਵਿੱਚੋਂ ਲੋੜੀਂਦੀਆਂ ਸਬਜ਼ੀਆਂ ਤੇ ਫ਼ਲ ਵੀ ਖ਼ਰੀਦ ਲਏ।

ਇਸ ਸ਼ਾਨਦਾਰ ਪਿਕਨਿਕ ਟੂਰ ਦੇ ਆਯੋਜਨ ਲਈ ਮੈਂਬਰਾਂ ਵੱਲੋਂ ਪ੍ਰਬੰਧਕੀ ਟੀਮ ਗੁਰਚਰਨ ਸਿੰਘ ਖੱਖ, ਹਰਚਰਨ ਸਿੰਘ, ਗਿਆਨ ਪਾਲ, ਰਾਮ ਸਿੰਘ, ਮਨਜੀਤ ਸਿੰਘ ਗਿੱਲ, ਦਲਬੀਰ ਸਿੰਘ ਕਾਲੜਾ, ਸੁਖਦੇਵ ਸਿੰਘ ਬੇਦੀ, ਬਰਜਿੰਦਰ ਸਿੰਘ ਮਰਵਾਹਾ ਤੇ ਜੋਗਿੰਦਰ ਕੌਰ ਮਰਵਾਹਾ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਕਲੱਬ ਦੇ ਚੇਅਰਮੈਨ ਗੁਰਚਰਨ ਸਿੰਘ ਖੱਖ ਤੇ ਪ੍ਰਧਾਨ ਹਰਚਰਨ ਸਿੰਘ ਨੇ ਇਸ ਟੂਰ ਲਈ ਭਰਪੂਰਵ ਸਹਿਯੋਗ ਦੇਣ ਲਈ ਸਮੂਹ ਮੈਂਬਰਾਂ ਦਾ ਸ਼ੁਕਰਾਨਾ ਕੀਤਾ ਅਤੇ ਆਉਂਦੇ 4 ਅਕਤੂਬਰ ਨੂੰ ਮੁੜ ਮਿਲਣ ਦਾ ਵਾਅਦਾ ਕਰਕੇ ਸ਼ਾਮ ਦੇ ਸਾਢੇ ਚਾਰ ਵਜੇ ਸਾਰਿਆਂ ਨੂੰ ਵਾਪਸੀ ਲਈ ਵਿਦਾ ਕੀਤਾ ਗਿਆ।

# ਪੈਨਾਹਿਲ ਸੀਨੀਅਰਜ਼ ਕਲੱਬ ਦੇ ਸ਼ਾਨਦਾਰ ਮੇਲੇ ਦੀ ਰੌਣਕ ਨੇ ਸਿਖਰ ਛੋਹੀ




(ਬਰੈਂਪਟਨ/ਬਾਸੀ ਹਰਚੰਦ) : ਜੁਲਾਈ ਅਗੱਸਤ ਮਹੀਨਾ ਲੋਕਾਂ ਦੇ ਲਈ ਰੌਣਕ ਅਤੇ ਅਨੰਦ ਮਾਨਣ ਵਾਲਾ ਹੁੰਦਾ ਹੈ। ਪੈਨਾਹਿਲ ਸੀਨੀਅਰਜ਼ ਕਲੱਬ ਬਰੈਂਪਟਨ ਵੱਲੋਂ ਕਨੇਡਾ ਡੇ ਅਤੇ ਭਾਰਤ ਦੇ ਅਜ਼ਾਦੀ ਦਿਵਸ ਨੂੰ ਸਮਰਪਿਤ ਫੰਨ ਫੇਅਰ ਕਰਵਾਇਆ ਗਿਆ। ਬਾਰਾਂ ਵਜੇ ਦੇ ਕਰੀਬ ਦੋਹਾਂ ਦੇਸਾਂ ਦੇ ਕੌਮੀ ਝੰਡੇ ਭਰੇ ਇਕੱਠ ਦੀ ਸਮੂਲੀਅਤ ਵਿੱਚ ਪੈਟ ਫਰਟੀਨੀ ਰਿਜਨਲ ਕੌਂਸਲਰ, ਅਤੇ ਸਮੁੱਚੀ ਕਾਰਜ ਕਰਨੀ ਨੇ ਲਹਿਰਾਏ ਅਤੇ ਦੋਹਾਂ ਝੰਡਿਆਂ ਨੂੰ ਸਲਾਮੀ ਦਿਤੀ। ਕਲੱਬ ਦੇ ਸਕੱਤਰ ਕੁਲਵੰਤ ਸਿੰਘ ਜੰਜੂਆ ਨੇ ਪੈਨਾਹਿਲ ਸੀਨੀ" ਕਲੱਬ ਦੇ ਪਰਧਾਂਨ ਅਵਤਾਰ ਸਿੰਘ ਪੁਰੇਵਾਲ, ਜੰਗੀਰ ਸਿੰਘ ਸੈਂਭੀ ਪ੍ਰਧਾਨ ਅਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬ, ਜਸਵਿੰਦਰ ਸਿੰਘ ਰੱਖੜਾ ਸੀਨੀਅਰ ਵਾਈਸ ਪ੍ਰੈਜੀਡੈਂਟ, ਪੈਟ ਫਰਟੀਨੀ ਰਿਜਨਲ ਕੌਂਸਲਰ, ਸੱਤਪਾਲ ਸਿੰਘ ਜੌਹਲ ਵਾਈਸ ਚੇਅਰਮੈਨ ਪੀਲ ਸਕੂਲ ਬੋਰਡ ਨੂੰ ਸਮਾਗਮ ਦੀ ਪ੍ਰਧਾਂਨਗੀ ਕਰਨ ਲਈ ਸਨਮਾਨ ਪੂਰਵਕ ਪ੍ਰਧਾਨਗੀ ਮੰਡਲ ਵਿੱਚ ਸੁਸ਼ੋਬਤ ਹੋਣ ਲਈ ਬੇਨਤੀ ਕੀਤੀ ਅਤੇ ਆਈਆਂ ਸੰਗਤਾਂ ਦਾ ਸ਼ਾਨਦਾਰ ਲਫਜ਼ਾਂ ਵਿੱਚ ਸੁਆਗਤ ਕੀਤਾ। ਇਸ ਉਪਰੰਤ ਸਟੇਜ ਦੀ ਅਗਲੀ ਕਾਰਵਾਈ ਚਲਾਉਣ ਲਈ ਮਾਈਕ ਹਰਚੰਦ ਸਿੰਘ ਬਾਸੀ ਦੇ ਹਵਾਲੇ ਕਰ ਦਿੱਤਾ। ਜਿਸ ਨੇ ਪਹਿਲਾਂ ਸੰਗਤਾਂ ਦੇ ਇਕੱਠ ਨੂੰ ਸਮਾਗਮ ਵਿੱਚ ਪਹੁੰਚਣ ਲਈ ਨਿੱਘਾ ਸੁਆਗਤ ਅਤੇ ਜੀ ਆਇਆਂ ਕਿਹਾ। ਇਸ ਦੇ ਨਾਲ ਹੀ ਬਰੈਂਪਟਨ ਸਿਟੀ ਦੇ ਨੁਮਾਇੰਦੇ ਹਰਕੀਰਤ ਸਿੰਘ ਡਿਪਟੀ ਮੇਅਰ, ਰੌਡ ਪਾਵਰ ਕੌਂਸਲਰ ਵਾਰਡ 7-8, ਸੱਤਪਾਲ ਸਿੰਘ ਜੌਹਲ ਵਾਈਸ ਪ੍ਰੈਜੀਡੈਂਟ ਪੀਲ ਸਕੌਲ ਬੋਰਡ, ਗੁਰਪਰਤਾਪ ਸਿੰਘ ਤੂਰ ਰਿਜਨਲ ਕੌਂਸਲਰ ਵਾਰਡ 9-10 ਅੱਗੇ ਪਿੱਛੇ ਪਹੁੰਚਦੇ ਗਏ ਅਤੇ ਉਹਨਾਂ ਨੇ ਸੰਗਤਾਂ ਦੇ ਇਕੱਠ ਨੂੰ ਸੰਬੋਧਨ ਕੀਤਾ। ਮਨਿੰਦਰ ਸਿੰਘ ਸਿੱਧੂ ਫੈਡਰਲ ਟਰੇਡ ਮਨਿਸਟਰ ਦੇ ਦਫਤਰ ਤੋਂ ਅਸ਼ੋਕ ਕੁਮਾਰ ਅਤੇ ਹਰਦੀਪ ਸਿੰਘ ਗਰੇਵਾਲ ਐਮ ਪੀ ਪੀ ਦੇ ਦਫਤਰ ਤੋਂ ਸਾਜਨਦੀਪ ਸਿੰਘ ਨੇ ਕਲੱਬ ਨੂੰ ਸਨਮਾਨ ਸਰਟੀਫਿਕੇਟ ਭੇਟ ਕੀਤੇ। ਮੌਸਮ ਖੁਸ਼ਗਵਾਰ ਹੋ ਗਿਆ ਮੇਲਾ ਖਚਾ ਖਚ ਭਰ ਗਿਆ ਮਹਿਮਾਨਾਂ ਲਈ ਪਹਿਲਾਂ ਸੁਆਦਲੇ ਸਨੈਕਸ ਚਾਹ, ਸਨੈਕਸ, ਰੂਹ ਅਫਜ਼ਾ ਪਰੋਸਿਆ ਗਿਆ ਜੋ ਸਾਰਾ ਦਿਨ ਚਲਦਾ ਰਿਹਾ। ਉਪਰੰਤ ਛੋਲੇ, ਪੂਰੀਆਂ ਅਤੇ ਚੌਲ ਪਰੋਸੇ ਗਏ। ਗੋਲ ਗੱਪਿਆਂ ਦੀ ਸੇਵਾ ਨਿਰਮਲ ਸਿੰਘ ਖੰਘੂੜਾ ਅਤੇ ਜਸਵੰਤ ਸਿੰਘ ਗਿਲ ਦੇ ਪ੍ਰੀਵਾਰ ਨੇ ਕੀਤੀ। ਸ਼ਾਮ ਨੂੰ ਮਨਪਰੀਤ ਸਿੰਘ ਫਰਵਾਹਾ ਨੇ ਆਪਣੇ ਪਿਤਾ ਸੁਖਦੇਵ ਸਿੰਘ ਫਰਵਾਹਾ, ਕਲੱਬ ਦੇ ਪਹਿਲੇ ਪ੍ਰਧਾਂਨ ਦੀ ਯਾਂਦ ਵਿੱਚ ਬੇਅੰਤ ਮਾਇਆ ਤੋਂ ਇਲਾਵਾ ਪੀਜਾ, ਪੂਰੀਆਂ ਅਤੇ ਆਈਸ ਕਰਮ ਦੀ ਸੇਵਾ ਕੀਤੀ ਅਤੇ ਕਿਹਾ ਜੋ ਕੁੱਝ ਹੋਰ ਚਾਹੀਦਾ ਹੈ ਤਾਂ ਹਾਜਰ ਹਾਂ। ਛੋਟੇ ਬੱਚੇ ਬੱਚੀਆਂ ਨੇ ਭੰਗੜਾ ਅਤੇ ਡਾਨਸ ਦੇ ਜੌਹਰ ਵਿਖਾਏ । ਬੱਚਿਆਂ, ਔਰਤਾਂ ਅਤੇ ਪੁਰਸ਼ਾਂ ਦੀਆਂ ਦੌੜਾਂ, ਸਪੂਨ ਰੇਸ, ਮਿਉਜ਼ੀਕਲ ਚੇਅਰ ਰੇਸ ਦੇ ਮੁਕਾਬਲੇ ਕਰਾਏ ਗਏ। ਜੇਤੂਆਂ ਨੂੰ ਟਰੌਫੀਆਂ ਦੇ ਕੇ ਸਨਮਾਨਤ ਕੀਤਾ ਗਿਆ । ਸਾਢੇ ਕੁ ਪੰਜ ਵਜੇ ਬੀਬੀਆਂ ਨੇ ਤੀਆਂ ਸ਼ੁਰੂ ਕਰ ਲਈਆਂ ।

ਜਿਸ ਵਿੱਚ ਹਰ ਉਮਰ ਦੀਆਂ ਔਰਤਾਂ ਨੇ ਖ਼ੂਬ ਨੱਚ ਕੇ ਆਪਣੇ ਵਲਵਲੇ ਪੂਰੇ ਕੀਤੇ । ਬੀਬੀ ਰੁਬੀ ਦੀਆਂ ਬੋਲੀਆਂ ਨਾਲ ਗਿੱਧੇ ਦੀ ਧਮਾਲ ਨਾਲ ਦਿਲ ਧੜਕਣ ਲਾ ਦਿਤੇ । ਵਧੀਆ ਨੱਚਣ ਵਾਲੀਆਂ ਤਿੰਨ ਨੌਜਵਾਨ ਅਤੇ ਤਿੰਨ ਸੀਨੀਅਰ ਔਰਤਾਂ ਨੂੰ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਗਿਧਿਆਂ ਦੀ ਰਾਣੀ ਬੀਬੀ ਰਜਨੀ ਨੂੰ ਕਲੱਬ ਵੱਲੋਂ ਸਨਮਾਨਿਤ ਕੀਤਾ ਗਿਆ। ਸੱਭ ਤੋਂ ਵੱਡੀ ਉਮਰ ਦੇ ਇੱਕ ਆਦਮੀ ਅਤੇ ਇੱਕ ਔਰਤ ਨੂੰ ਕੰਬਲ ਦੇ ਕੇ ਸਨਮਾਨਿਤ ਕੀਤਾ । ਕਲੱਬ ਦੀ ਬੇਅੰਤ ਮਾਇਕ ਸਹਾਇਤਾ ਕਰਨ ਵਾਲੇ ਵਿਅੱਕਤੀਆਂ ਮਨਪੀਤ ਸਿੰਘ ਫਰਵਾਹਾ ,ਅਮਰਪ੍ਰੀਤ ਸਿੰਘ ਧੁੱਗਾ, ਰਾਜਬੀਰ ਸਿੰਘ ਪੁਰੇਵਾਲ, ਗੁਰਮੇਲ ਸਿੰਘ ਪੁਰੇਵਾਲ, ਦੋਆਬਾ ਟੂਰ ਐਂਡ ਟਰੈਵਲ, ਹਰਮਿੰਦਰ ਸਿੰਘ ਜੌਹਲ ਬੈਡ,ਬਾਥ ਐਂਡ ਡੈਕੋਰ, ਬਲਜੀਤ ਸਿੰਘ ਧਾਲੀਵਾਲ, ਬਿੱਕਰ ਸਿੰਘ, ਜੰਗੀਰ ਸਿੰਘ ਸੈਂਭੀ ਪਰਧਾਨ ਅਸੋਸੀਏਸਨ- ਆਫ ਸੀਂਨੀਅਰਜ;ਕਲੱਬ ਬਰੈਂਪਟਨ ਨੂੰ ਕਲੱਬ ਵੱਲੋਂ ਪਲੈਕਸ ਦੇ ਸਨਮਾਨਿਤ ਕੀਤਾ ਗਿਆ ।

ਪ੍ਰਿੰਸੀਪਲ ਗਿਆਨ ਸਿੰਘ ਘਈ ਨੇ ਖ਼ੂਬਸੂਰਤ ਕਵਿਤਾ ਪੜ੍ਹੀ । ਅਜਾਇਬ ਸਿੰਘ ਤੇਜੀ, ਕਮਲ ਬਾਜਵਾ ਨੇ ਗੀਤ ਗਾ ਕੇ ਮੇਲੇ ਦੀ ਰੌਣਕ ਵਧਾਂ ਦਿਤੀ । ਲਾਲ ਜੀ ਅਤੇ ਰੁਬੀ ਕੌਰ ਦੇ ਸੰਗੀਤ ਗਰੁਪ ਨੇ ਤਾਂ ਮੇਲੇ ਦੇ ਮਹੌਲ ਨੂੰ ਹੋਰ ਅਨੰਦਾਇਕ ਬਣਾ ਦਿਤਾ । ਲੋਕਾਂ ਗਾਉਣ ਵਾਲਿਆਂ ਨੂੰ ਖ਼ੂਬ ਪੈਸੇ ਦਿਤੇ। ਇਸ ਮੇਲੇ ਦੀ ਕਾਮਯਾਬੀ ਲਈ ਕਲੱਬ ਦੇ ਹਰ ਮੈਂਬਰ ਦਾ ਯੋਗਦਾਨ ਰਿਹਾ ਪਰ ਕਮੇਟੀ ਮੈਬਰਾਂ ਅਵਤਾਰ ਸਿੰਘ ਪੁਰੇਵਾਲ, ਜਸਵਿੰਦਰ ਸਿੰਘ ਰੱਖੜਾ, ਸੁਖਦੇਵ ਸਿੰਘ ਮਾਨ, ਕੁਲਵੰਤ ਸਿੰਘ ਜੰਜੂਆ, ਜਗਤਾਰ ਸਿੰਘ ਮੋਰਾਂ ਵਾਲੀ, ਸਿੰਦਰਪਾਲ ਸਿੰਘ ਸੰਧੂ, ਮਹਿੰਦਰ ਸਿੰਘ ਧੁੱਗਾ, ਸੁਖਦੇਵ ਸਿੰਘ ਮੂਕਰ, ਨਿਰਮਲ ਸਿੰਘ ਖੰਘੂੜਾਂ, ਰਣਜੀਤ ਸਿੰਘ ਜੌਹਲ, ਜਸਵੰਤ ਸਿੰਘ ਕੋਕਰੀ, ਬੀਬੀ ਨਵਜੋਤ ਕੌਰ , ਬੀਬੀ ਸਰਬਜੀਤ ਕੌਰ ਦੇ ਪ੍ਰਬੰਧ ਅਤੇ ਭੱਜ ਨੱਠ ਦੀ ਸ਼ਲਾਘਾ ਹਰ ਪਾਸੇ ਹੋਈ। ਜਿੰਨਾਂ ਭੋਜਨ ਵਰਤਾਉਣ ਵਾਲੇ ਮੈਂਬਰਾਂ ਦਰਸ਼ਨ ਸਿੰਘ ਧਾਲੀਵਾਲ, ਸ਼ਿੰਗਾਰਾ ਸਿੰਘ,ਹਰਭਜਨ ਸਿੰਘ, ਦਵਿੰਦਰ ਸੇਠੀ, ਦਰਸ਼ਨ ਬਰਨਾਲਾ ਕੁਲਦੀਪ ਸਮਰਾ , ਮੱਖਣ ਰੁੜਕਾ ਆਦਿ ਨੇ ਸਾਰਾ ਦਿਨ ਖ਼ੂਬ ਡਿਉਟੀ ਨਿਭਾਈ ਸਾੱਢੇ ਸੱਤ ਤੱਕ ਖ਼ੂਬ ਰੌਣਕਾਂ ਲੱਗੀਆਂ ਲੋਕ ਖੁਸ਼ੀ ਖੁਸ਼ੀ ਮੇਲੇ ਦੀਆਂ ਗੱਲਾਂ ਕਰਦੇ ਘਰਾਂ ਨੂੰ ਪਰਤ ਗਏ । ਅੰਤ ਵਿੱਚ ਸਮੁੱਚੀ ਕਲੱਬ ਵੱਲੋਂ ਸਟੇਜ ਸੈਕਟਰੀ ਹਰਚੰਦ ਸਿੰਘ ਬਾਸੀ ਨੇ ਆਏ ਸਾਰੇ ਮਹਿਮਾਨਾਦਾ ਸਮੁੱਚੀ ਕਾਰਜਕਰਨੀ ਵੱਲੋਂ ਧੰਨਵਾਦ ਕੀਤਾ ।

# ਮੁੱਖ ਮੰਤਰੀ ਨਾਸ਼ਤਾ ਯੋਜਨਾ ਪੰਜਾਬ 'ਚ ਲਾਗੂ ਕਰਾਂਗੇ: ਭਗਵੰਤ ਮਾਨ



ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਤਾਮਿਲਨਾਡੂ ਸਰਕਾਰ ਵੱਲੋਂ ਸ਼ੁਰੂ ਕੀਤੀ 'ਮੁੱਖ ਮੰਤਰੀ ਬਰੇਕਫਾਸਟ ਸਕੀਮ' ਦਾ ਚੇਨਈ ਤੋਂ ਆਗਾਜ਼ ਕੀਤਾ ਹੈ। ਇਸ ਦੇ ਨਾਲ ਹੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਤਾਮਿਲਨਾਡੂ ਦੀ 'ਮੁੱਖ ਮੰਤਰੀ ਬਰੇਕਫਾਸਟ ਸਕੀਮ' ਨੂੰ ਪੰਜਾਬ ਵਿੱਚ ਲਾਗੂ ਕਰਨ ਦੀਆਂ ਸੰਭਾਵਨਾਵਾਂ ਤਲਾਸ਼ੀਆਂ ਜਾਣਗੀਆਂ। ਇਸ ਸਕੀਮ ਨੂੰ ਉਨ੍ਹਾਂ ਵੱਲੋਂ ਪੰਜਾਬ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਵੀ ਵਿਚਾਰਿਆ ਜਾਵੇਗਾ ਅਤੇ ਸੂਬੇ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਵੀ ਗੱਲਬਾਤ ਕਰ ਕੇ ਰਣਨੀਤੀ ਤਿਆਰ ਕੀਤੀ ਜਾਵੇਗੀ। ਇਸ ਮੌਕੇ ਮੁੱਖ ਮੰਤਰੀ ਨੇ ਤਾਮਿਲਨਾਡੂ ਦੇ ਸਾਬਕਾ ਮੁੱਖ ਮੰਤਰੀ ਐਮ. ਕਰੁਨਾਨਿਧੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਆਪਣੇ ਪਿਤਾ ਦੀ ਵਿਰਾਸਤ ਨੂੰ ਅੱਗੇ ਲੈ ਕੇ ਜਾ ਰਹੇ ਹਨ। ਭਗਵੰਤ ਮਾਨ ਨੇ ਕਿਹਾ ਕਿ ਤਾਮਿਲਨਾਡੂ ਦੇ ਸ਼ਹਿਰੀ ਖ਼ੇਤਰਾਂ ਦੇ ਸਾਰੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਵਿਦਿਆਰਥੀਆਂ ਨੂੰ ਹੁਣ ਤੋਂ ਸਵੇਰ ਦਾ ਖਾਣਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਯੋਜਨਾ ਸਤੰਬਰ 2022 ਵਿੱਚ ਪੇਂਡੂ ਪ੍ਰਾਇਮਰੀ ਸਕੂਲਾਂ ਵਿੱਚ ਸ਼ੁਰੂ ਕੀਤੀ ਗਈ ਸੀ, ਜਿਸ ਨਾਲ 34,987 ਸਕੂਲਾਂ ਦੇ 17 ਲੱਖ ਤੋਂ ਵੱਧ ਵਿਦਿਆਰਥੀਆਂ ਨੂੰ ਲਾਭ ਮਿਲਿਆ। ਅੱਜ ਤੋਂ ਸ਼ਹਿਰੀ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੀ ਇਸ ਸਕੀਮ ਦਾ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਯੋਜਨਾ ਨੇ ਤਾਮਿਲਨਾਡੂ ਵਿੱਚ ਸ਼ਾਨਦਾਰ ਨਤੀਜੇ ਦਿੱਤੇ ਹਨ, ਜਿਸ ਨਾਲ ਵਿਦਿਆਰਥੀਆਂ ਦੀ ਹਾਜ਼ਰੀ ਵਿੱਚ ਸੁਧਾਰ, ਸਿੱਖਣ ਵਿੱਚ ਸੁਧਾਰ, ਕੁਪੋਸ਼ਣ ਵਿੱਚ ਕਮੀ ਅਤੇ ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਵਿੱਚ ਬਿਮਾਰੀ ਦਰ ਵਿੱਚ ਕਮੀ ਆਈ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਲੋਕ ਭਲਾਈ ਪਹਿਲਕਦਮੀਆਂ ਸਮੇਂ ਦੀ ਲੋੜ ਹਨ, ਖ਼ਾਸ ਕਰ ਕੇ ਦੱਬੇ-ਕੁਚਲੇ ਅਤੇ ਹਾਸ਼ੀਏ ਉੱਤੇ ਧੱਕੇ ਲੋਕਾਂ ਲਈ ਅਜਿਹੀਆਂ ਸਕੀਮਾਂ ਦੀ ਜ਼ਰੂਰਤ ਹੈ।

GTA Plumbling & Electrical Supplies
GTA Plumbing & Electrical Supplies



ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ
ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ






ਨਸ਼ਾ ਛੁਡਾਓ
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ

ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।

ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫਲ ਇਲਾਜ



ਚਮੜੀ ਦੇ ਰੋਗਾਂ ਦਾ ਸਫਲ ਇਲਾਜ
ਚੰਬਲ, ਦਦਰੀ, ਸ਼ਪਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜ੍ਹੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

ASK Mortgage Ltd.
Business Loan
Credit Line
Truck/Taxi Loan
New Immigrant Package
416-366-1234



Jaswinder Khosa
416-894-9400
1332 Khalsa Drive Unit 12

# ਮਾਇਆ ਮੋਹਣੀ

ਅਸੀਂ ਆਪਣੇ ਆਪ ਨੂੰ ਸਰਵ ਉਤਮ ਪੁਰਸ਼ ਸ੍ਰਰੇਣੀ ਦੇ ਮੰਨਦੇ ਹਾਂ {Muper Human Being} ਉੱਚੀ ਸੂਰਤੀ ਉਹ ਰੱਖਦਾ ਹੈ ਜੋ ਸੱਚ ਨੂੰ ਪਛਾਣ ਸਕਦਾ ਹੋਵੇ, ਕਰਤਾ ਪੁਰਖ ਨੇ ਜੀਵ ਨੂੰ ਧਰਤੀ ਪਰ ਉਤਾਰਣ ਤੋਂ ਪਹਿਲਾਂ ਗਿਆਨ ਇੰਦਰੀਆਂ ਬਖਸ਼ੀਆਂ ਹਨ। ਇਹਨਾਂ ਦੀ ਮਦਦ ਨਾਲ ਉਸਦਾ ਜੀਵਨ ਸੌਖਾ ਬਤੀਤ ਹੋ ਸਕਦਾ ਹੈ। ਜੀਵ ਦੇ ਜੀਂਨਸਾਂ ਅੰਦਰ ਲਿਖਦ ਅਤੇ ਸਮਝਾਕੇ ਤੋਰਿਆ ਹੈ ਕਿ ਤੇਰੇ ਇਹ ਕਰਮ ਹਨ ਇੰਨਾਂ ਵਿਚਲੀਆਂ ਅਸੂਧੀਆਂ ਨੂੰ ਸ਼ੁੱਧ ਕਰਣਾ ਹੈ। ਤਾਹੀ ਤੇਰਾ ਅੱਗੇ ਦੀ ਦੁਨੀਆਂ ਦਾ ਸੱਫਰ ਹੋ ਸਕੇਗਾ।

ਧਰਤੀ ਧਰਮਸਾਲ ਤੇ ਆਕੇ ਵੰਨ ਸੁਵੱਨੀ ਕੁਦਰਤ ਦੀ ਖੇਡ ਦੇਖ ਜੀਵ ਅਚੰਭਤ ਰਹਿ ਜਾਂਦਾ ਹੈ। ਪਰਮਾਤਮਾ ਦਾ ਸਮਝਾਇਆ ਸਭ ਵਿਸਰ ਜਾਂਦਾ ਹੈ।

"ਸਤਿ ਅਸਤਿ ਦਾ ਭੇਦ ਨਹੀਂ ਸਮਝ ਆਉਂਦਾ।" ਭੁਲੇਖਿਆਂ ਦੇ ਮਾਹਰ ਮਨ ਮਗਰ ਲੱਗ ਤੁਰ ਪੈਂਦਾ ਹੈ। ਅਸੀਂ "ਸੱਭ ਕੁਝ ਸਰੀਰ ਨੂੰ ਹੀ ਸਮਝ ਲੈਂਦੇ ਹਾਂ।" ਖਾਓ ਪੀਓ ਐਸ਼ ਕਰੋ, ਗਰੀਬਾਂ ਦਾ ਖ਼ੂਨ ਚੂਸ ਚੂਸ ਆਪਣੇ ਮਹਿਲ ਮੁਨਾਰੇ ਉਸਰਦੇ ਗਏ, ਧਰਤੀ ਭਰਿਛਟਾ ਦੇ ਬੀਜ ਬੀਜੀ ਗਏ। ਸੋਚ, ਸੀਰਤ {Line of thinking} ਬੁਧੀ ਸੱਭ ਹਨੇਰੇ ਅੰਦਰ ਗੁੰਮ ਹੋ ਗਏ। ਕਰਤਾ ਪੁਰਖ ਦੀ ਸਾਜੀ "ਮਾਇਆ ਮਪਹਨੀ" ਕੀ ਹੈ? ਜਿਸਨੇ ਸਮੂਹ ਜੀਵ ਜਗਤ ਨੂੰ ਆਪਣੀ ਜਾਲ ਅੰਦਰ ਲਪੇਟਕੇ ਰੱਖਿਆ ਹੈ। ਪਾਣੀ ਸਾਨੂੰ ਦਿਖਾਈ ਜਰੂਰ ਦਿੰਦਾ ਹੈ, ਇਹ ਪੂਰਨ ਸਚਾਈ ਨਹੀਂ ਹੈ। ਇਹ ਦੋ ਗੈਸਾਂ ਹਾਈਡਰੋਜਨ ਅਤੇ ਆਕਸੀਜਨ ਦੇ ਸੁਮੇਲ ਤੋਂ ਪੈਦਾ ਹੋਇਆਂ ਹੈ। ਇਹ ਦੋਵੇਂ ਗੈਸਾਂ ਸਾਨੂੰ ਨਹੀਂ ਦਿਸਦੀਆਂ ਹਨ। ਹਾਈਡਰੋਜਨ ਤਤ ਕਾਮ, ਜੀਵ ਉਤਪਤੀ, ਅਕਸੀਜਨ ਕਰੋਧ,ਜੀਵ ਬਚਾਅ, ਨਾਈਟਰੋਜਨ ਲੋਭ, ਪਾਲਣਾ ਦੇ ਤਤ ਹਨ। ਅਸੀਂ ਸਾਰੀ ਉਮਰ ਨਾਹ ਕਿਸੇ ਗੈਸ ਨਾਹੀ ਉਹਨਾਂ ਦੇ ਕੀਤੇ ਕਾਮ ਕਰੋਧ ਲੋਭ, ਮੋਹ ਆਦਿ ਨੂੰ ਦੇਖ ਪਾਉਂਦੇ ਹਾਂ। ਸਾਥੋਂ ਇਹ ਸੱਭ ਖੇਲ ਹੀ ਬਣਿਆਂ ਰਹਿੰਦਾ ਹੈ, ਕਾਰਬਨ ਜੀਵ ਨੂੰ ਅੱਗੇ ਤੋਰਦੀ ਹੈ, ਇੰਨਾ ਵੱਡਾ ਕਾਰਜ ਕਰਦੀ ਹੈ ਫਿਰ ਵੀ ਨਜਰੋਂ ਉਹਲੇ ਹੀ ਰਹਿੰਦੀ ਹੈ। ਅਸੀਂ ਸਾਰੀ ਉਮਰ "ਮਾਇਆ ਦੀ ਭੁਲ ਭਲੱਈਆ ਅੰਦਰ ਹੀ ਵਿਚਰਦੇ ਰਹਿੰਦੇ ਹਾਂ।

ਮਾਇਆ ਇੰਨੀ ਸ਼ਕਤੀਸ਼ਾਲੀ ਹੈ ਕਿ ਬਿਣਾਂ ਦੰਦਾਂ ਦੇ ਹੀ ਜੀਵਾਂ ਨੂੰ ਖਾਈ ਜਾਂਦੀ ਹੈ, ਸਾਨੂੰ ਇਸਦਾ ਅਹਿਸਾਸ ਵੀ ਨਹੀਂ ਹੋਣ ਦਿੰਦੀ ਹੈ।

ਮਾਇਆ ਮੋਹਿ ਸਗਲ ਜਗੁ ਛਾਇਆ॥
ਕਾਮਣਿ ਦੇਖਿ ਕਾਮਿ ਲੋਭਾਇਆ॥
ਸੁਤ ਕੰਚਨ ਸਿਉ ਹੇਤੁ ਵਧਾਇਆ ॥
ਸਭੁ ਕਿਛੁ ਆਪਨਾ ਇਕੁ ਰਾਮੁ ਪਰਾਇਆ॥ਅੰਗ 1342॥

ਮਾਇਆ ਨੇ ਜਾਲ ਪੂਰੇ ਵਿਸ਼ਵ ਅੰਦਰ ਵਿਛਾਇਆ ਹੈ, ਸੁੰਦਰ ਇਸਤਰੀ ਵੇਖ ਕਾਮ ਜਾਗ ਪੈਂਦਾ ਹੈ। ਪੁੱਤਰ ਧੀਆਂ, ਧਨ, ਦੌਲਤ ਦੀ ਲਾਲਸਾ ਵੱਧ ਜਾਂਦੀ ਹੈ, ਭੁਖ ਇੰਨੀ ਵੱਧ ਜਾਂਦੀ ਹੈ ਕਿ ਸਾਰਾ ਕੁਝ ਹੀ ਮੇਰਾ ਹੈ, ਇਕ ਪਰਮਾਤਮਾਂ ਤੋਂ ਸਿਵਾਏ। ਵਿਸ਼ਵ ਅੰਦਰ ਜੋ ਵੀ ਨਜਰੀ ਆ ਰਿਹਾ ਹੈ ਸੱਭ ਨਾਸ਼ਵਾਨ ਹੈ, ਅਸਤਿ ਹਮੇਛਾਂ ਬਦਲਦਾ ਰਹਿੰਦਾ ਹੈ। ਜਦੋਂ ਕਿ ਸਤਿ ਜੁਗਾਂ ਜੁਗਾਂਤਰਾਂ ਤੱਕ ਅਬਦਲ, "ਇਕਸਾਰ ਹੀ ਰਹਿੰਦਾ ਹੈ।" ਕਿਰਨ ਸਤਿ ਹੈ, ਇਹ ਸਾਨੂੰ ਨਜਰੀ ਨਹੀਂ ਆਉਂਦੀ, ਰੋਸ਼ਨੀ ਕਿਰਨਾਂ ਦਾ ਸਮੂਹ ਹੈ ਜੋ ਅਸੀਂ ਦੇਖ ਸਕਦੇ ਹਾਂ, ਕਿਉਂਕਿ ਇਹ ਭੁਲੇਖਾਂ ਹੈ, ਸੱਚ ਨਹੀਂ। ਕਿੰਨਾਂ ਗਹਿਰਾ ਜਾਲ ਮਾਇਆ ਦਾ ਹੈ, ਜੋ ਮੂਲ, ਅਸਲ ਹੈ ਉਹ ਛਿਪਾਇਆ ਗਿਆ ਹੈ।

ਮਾਇਆ ਨੇ ਪੇੜ ਪੌਦਿਆਂ ਨੂੰ ਵੀ ਨਹੀਂ ਬੱਖਸਿਆਂ, ਇਹਨਾਂ ਪਰ ਸੂਰਜ ਦੇ ਸੱਤੇ ਰੰਗ ਆਉਂਦੇ ਹਨ। ਹੱਰ ਇਕ ਪੌਦਾ ਆਪਣੇ ਲੋੜੀਂਦੇ ਰੰਗ, ਜੜਾਂ ਤਣਾਂ ਟਾਹਣੀਆਂ ਪਤਿਆਂ ਫੁਲਾਂ ਫੱਲਾਂ ਬੀਜਾਂ ਵਾਸਤੇ ਸੱਤੇ ਰੰਗ ਲੋੜੀਂਦੇ ਹਨ। ਪੌਦੇ ਦਾ ਹੱਰ ਅੰਗ ਆਪਣਾਂ ਲੋੜੀਦਾ ਰੰਗ ਜਜ਼ਬ ਕਰ ਬਾਕੀ ਵਾਪਸ ਪਰਵਿਰਤ ਕਰ ਦਿੰਦਾ ਹੈ । "ਜੋ ਰੰਗ ਜਿਸ ਅੰਗ ਤੋਂ ਵਾਪਸ ਜਾ ਰਿਹਾ ਹੁੰਦਾ ਹੈ, ਉਹ ਰੰਗ ਰੰਗ ਸਾਨੂੰ ਦਿਖਾਈ ਦਿੰਦਾ ਹੈ ਨਾ ਕਿ ਜੋ ਉਸ ਜਜਬ ਕੀਤਾ ਹੁੰਦਾ ਹੈ।

ਸਾਡਾ ਸਰੀਰ ਵੀ ਇਸ ਜਾਲ ਵਿਚ ਫਸਾਇਆ



ਹੋਇਆ ਹੈ, ਸਾਨੂੰ ਇਸਦੀ ਭਿਣਕ ਤੱਕ ਨਹੀਂ ਪੈਂਦੀ ਹੈ। ਇਸ ਅੰਦਰੋਂ ਹੱਰ ਪਲ ਕੁਝ ਨਾਹ ਕੁਝ ਬਦਲਦਾ ਰਹਿੰਦਾ ਹੈ। ਬਰਾਹਿਮੰਡ ਅੰਦਰ ਅਰਬਾਂ { ਬਿਲੀਅਨ } ਮੀਲ ਦੂਰ ਜੋ "ਤਾਰਾ ਅਸਾਂ 8 {ਅੱਠ} ਮਿੰਟ ਪਹਿਲਾਂ ਦੇਖਿਆਂ ਸੀ, ਹੁਣ ਆਹ ਬਦਲ ਚੁਕਾ ਹੈ।" ਸਾਡਾ ਸੂਰਜ ਹੱਰ ਪਲ ਛਿਣ ਬਦਲਦਾ ਰਹਿੰਦਾ ਹੈ। ਇਹ 70 ਲੱਖ ਟੱਨ ਹਾਈਡਰੋਜਨ ਨੂੰ ਹੀਲੀਅਮ ਵਿਚ ਤਬਦੀਲ ਕਰ ਸਾਡੇ ਇਸ ਖੰਡ ਨੂੰ ਜੀਵਨ ਦਾਨ ਦਿੰਦਾ ਹੈ। ਮਾਇਆ ਨੇ ਆਪਣੇ ਭੰਵਰ ਅੰਦਰ ਪੂਰੇ ਵਿਸ਼ਵ ਨੂੰ ਫਸਾਇਆ ਹੋਇਆ ਹੈ। ਕਿਸੇ ਨੂੰ ਵੀ ਆਪਣੀ ਘੱਟ ਰਹੀ ਉਮਰ ਦਾ ਗਿਆਨ ਨਹੀਂ ਹੈ। ਨਿਸਚਿੰਤ ਰਹਿ ਸਾਰੇ ਆਪਣੇ ਕਰਮ ਕਰੀ ਜਾਂਦੇ ਹਨ।

ਮਾਇਆ ਸੰਚਿ ਰਾਜੇ ਅਹਿਕਾਰੀ ॥
ਮਾਇਆ ਸਾਥਿ ਨ ਚਲੈ ਪਿਆਰੀ ॥
ਮਾਇਆ ਮਮਤਾ ਹੈ ਬਹੁ ਰੰਗੀ ॥
ਬਿਨੁ ਨਾਵੈ ਕੋ ਸਾਥਿ ਨ ਸੰਗੀ॥ ਅੰਗ 1342॥

ਮਾਇਆ, ਹੰਕਾਰੀ ਪੁਰਸ਼ ਧਨ ਦੌਲਤ ਇਕੱਠੀ ਕਰਦੇ ਰਹਿੰਦੇ ਹਨ, ਭੁਲ ਜਾਂਦੇ ਹਨ ਕਿ ਇਹ ਪਿਆਰੀ ਲੱਗਣ ਵਾਲੀ ਅੰਤਮ ਸਮੇਂ ਕਿਸੇ ਦੇ ਸਾਥ ਨਹੀਂ ਜਾਂਦੀ ਹੈ। ਬਿਣਾਂ ਪਰਮਾਤਮਾ ਦੇ ਨਾਮ ਦੇ ਹੋਰ ਕੁਝ ਵੀ ਸਾਥ ਨਹੀਂ ਜਾਂਦਾ ਹੈ। ਸਤਿ ਦੀ ਪਹਿਚਾਣ ਸੱਚੇ ਗੁਰੂ ਦੀ ਕਿਰਪਾ ਨਾਲ ਹੀ ਹੋ ਸਕਦੀ ਹੈ, ਕਿਸੇ ਪਾਖੰਡੀ ਜਾਂ ਆਪੂੰ ਬਣੇ ਐਰੇ ਗੈਰੇ ਸਾਧ ਤੋਂ ਨਹੀਂ।

ਸੁਰਤਿ ਹੋਵੈ ਪਤਿ ਉਗਵੈ
ਗੁਰਬਚਨੀ ਭਉ ਖਾਇ ॥
ਨਾਨਕ ਸਚਾ ਪਾਤਿਸਾਹ
ਆਪੇ ਲਏ ਮਿਲਾਇ ॥ ਅੰਗ 18 ॥

ਜਿਸ ਮਨੁਖ ਦੀ ਸੁਰਤੀ ਪਵਿਤਰਤਾ ਦੇ ਰੰਗ ਵਿਚ ਰੰਗੀ ਜਾਂਦੀ ਹੈ,ਫਿਰ ਉਸ ਦੀ ਸੋਝੀ ਸਤਿ ਦੇ ਰਾਹ ਚਲਣ ਲੱਗਦੀ ਹੈ। ਪਰਮਾਤਮਾਂ ਆਪ ਹੀ ਇਹੋ ਜਿਹੇ ਜੀਵਾਂ ਨੂੰ ਆਪਣੀ ਬੁਕਲ ਅੰਦਰ ਲਏ ਲੈਂਦਾ ਹੈ।

To the enlightened man --- whose consciousness embraces the universe to him the universe becomes his body, while his physical body becomes a manifestation of the universal mind his inner vision an expression of the highest realty, and his speech an expression of eternal truth and mantric power. { Foundation of Tibetan Mysticism. Page 225, Lama Angarika Govinda}.

ਉਚੀ ਸੁਰਤੀ ਵਾਲੇ ਇਨਸਾਨ ਦੀ ਜੋਤਿ ਪਰਜਵੱਲਤ ਹੋ ਚੁਕੀ ਹੁੰਦੀ---

ਉਸਦੀ ਚੇਤਣਾ ਨੇ ਪੂਰੇ ਵਿਸ਼ਵ ਨੂੰ ਆਪਣੇ ਕਲਾਵੇ ਵਿਚ ਲਏ ਲਿਆ ਹੁੰਦਾ ਹੈ। "ਉਸਦਾ ਸਰੀਰ ਹੀ ਵਿਸ਼ਵ ਦਾ ਰੂਪ ਹੋ ਜਾਂਦਾ ਹੈ", ਜਦੋਂ ਕਿ ਉਸਦਾ ਮਾਦਾ ਰੂਪੀ ਸਰੀਰ ਦੇ ਮਨ ਦੀ ਸੋਚ ਵਿਸ਼ਵ ਦੇ ਗੁਣਾ ਵਾਲੀ ਹੋ ਜਾਂਦੀ ਹੈ। ਹੁਣ ਅੰਤਰੀਵ ਸੋਚ ਦੀਆਂ ਗੱਲਾਂ ਪੂਰਣ ਰੂਪ ਸਚਾਈਆਂ ਹੁੰਦੀਆਂ ਹਨ। "ਉਸਦੇ ਉਚਾਰੇ ਸ਼ਬਦ ਅੰਦਰੂਨੀ ਸੱਚ ਅਤੇ ਪਵਿਤਰ ਮੰਤਰਾਂ ਵਾਲੀ ਸ਼ਕਤੀ" ਦਾ ਰੂਪ ਹੁੰਦੇ ਹਨ।

ਬ੍ਰਹਮ ਗਿਆਨੀ ਕਾ ਸਗਲ ਅਕਾਰ॥
ਬ੍ਰਹਮ ਗਿਆਨੀ ਆਪਿ ਨਿਰੰਕਾਰ॥ ਅੰਗ 273 ॥

ਉਚੀ ਸੁਚੀ ਸੁਰਤਿ ਵਾਲੇ ਪੁਰਸ ਦਾ ਸਰੀਰ, ਪਰਮਾਤਮਾ ਦੇ ਰੰਗਾਂ ਅੰਦਰ ਰਸੀਲਾ ਆਪ ਹੀ ਕਰਤਾ ਦਾ ਸਰੂਪ ਹੋ ਜਾਂਦਾ ਹੈ। ਵਿਧਵਾਨ ਸਜਨੋ ਥੋੜਾ ਜਿਹਾ ਸਮਾਂ ਆਪਣੇ ਵਾਸਤੇ ਵੀ ਰੱਖੋਂ, ਸਰੀਰ ਨੂੰ ਮਸ਼ੀਨ ਨਾ ਬਣਾਉ। ਕਿਉਂ ਅਤੇ ਕਿਸ ਸ਼ਕਤੀ ਨੇ ਸਰੀਰ ਦਿਤਾ ਹੈ?

ਜਿਵੇਂ, ਜਿਵੇਂ ਅਸੀਂ ਆਪਣੇ ਅੰਦਰ ਗਹਿਰੇ ਉਤਰਦੇ ਜਾਵਾਂਗੇ, ਸੱਚ ਦਾ ਰਾਹ ਹੋਰ ਸਾਫ ਸਪੱਛਟ ਹੁੰਦਾ ਜਾਂਦਾ ਹੈ। ਸਾਡੇ ਸਰੀਰ ਅੰਦਰਲੇ "ਪਰੋਟੀਨ ਨੇ ਸਤਿ ਦਾ ਪਾਠ" ਚੰਗੀ ਤਰਾਂ ਸਮਝਿਆ ਹੈ। ਜਦੋਂ ਇਹਨਾਂ ਨੂੰ ਹੁਕਮ ਹੁੰਦਾ ਹੈ,ਕਿਸ ਜੀਨਸ ਨੂੰ ਚਲਤ ਜਾਂ ਬੰਧ ਕਰਣ ਦਾ {ਹੁਕਮ ਕੌਣ ਕਰਦਾ ਹੈ।} ਪਰੋਟੀਨ ਹੁਕਮ ਦੀ ਪਾਲਣਾ,99।999 ਪਰੱਤੀਸ਼ਤ ਸਹੀ ਕਰਦੇ ਹਨ। ਪਰਮਾਤਮਾ ਰਾਤ ਦਿਨ ਸਾਡੇ ਅੰਗ ਸੰਗ ਰਹਿੰਦਾ ਹੈ। "ਉਹ ਸੱਭ ਕੁਝ ਹੁੰਦਾ ਹੈ, ਅਸਾਂ ਉਸ ਨੂੰ ਕੁਝ ਵੀ ਨਹੀਂ ਸਮਝਿਆ ਹੈ।" ਸਾਇੰਸ ਵੀ ਉਸ ਨੂੰ {Momething called nothing} ਜੋ ਕੁਝ ਹੈ, ਉਹ ਕੁਝ ਵੀ ਨਹੀਂ ਹੈ।

ਹੁਕਮਿ ਰਜਾਈ ਚਲਣਾ
ਨਾਨਕ ਲਿਖਿਆ ਨਾਲਿ॥
-- ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮੁ ਨ ਕੋਇ ॥ ਜਪੁ ਜੀ ਪੌੜੀ 20}

ਸਾਨੂੰ ਕਰਤਾ ਦੇ ਹੁਕਮ ਅਨੁਸਾਰ ਹੀ ਆਪਣੇ ਕਰਮ ਕਮਾਉਂਣੇ ਚਾਹੀਦੇ ਹਨ, ਕਿਉਕਿ ਸਾਡੇ ਪਾਪ ਪੁੰਨ ਲਿਖਕੇ ਨਾਲ ਹੀ ਜਾਣੇ ਹਨ। ਸਚੇ ਦੇ ਦਰਬਾਰ ਕੇਵਲ ਸਚ ਹੀ ਚਲਦਾ ਹੈ। ਪੂਰਾ ਵਿਸ਼ਵ ਨਿਯਮਾਂ {ਹੁਕਮ} ਅਨੁਸਾਰ ਹੀ ਚਲਦਾ ਹੈ, ਹੁਕਮ ਤੋਂ ਬਾਹਰਾ ਕੁਝ ਵੀ ਨਹੀਂ ਹੈ ਅਤੇ ਨਾਹੀ ਕਦੀ ਹੁੰਦਾ ਹੈ।

ਮਰਣੈ ਕੀ ਚਿੰਤਾ ਨਹੀ
ਜੀਵਣ ਕੀ ਨਹੀ ਆਸ ॥
ਤੂ ਸਰਬ ਜੀਅ ਪ੍ਰਤਿਪਾਲਹੀ
ਲੇਖੈ ਸਾਸ ਗਰਾਸ ॥ ਅੰਗ 20 ॥

ਚਿੰਤਾ ਮੁਕਤ ਜਵਿਨ ਜਿਉਂਦਿਆ ਮਰਨ ਜਿਉਂਣ ਦਾ ਫਿਕਰ ਨਹੀਂ ਸਤਾਉਂਦਾ ਹੈ।, ਅਸੀ ਆਪਣੇ ਕਰਮ ਸ਼ਾਂਤ ਚਿਤ ਰਹਿ ਕਰ, ਆਪਣਾ ਜੀਵਨ ਸੱਫਰ ਤੈਹ ਕਰ ਸਕਦੇ ਹਾਂ। ਕਰਤਾ ਪੁਰਖ ਨੇ ਆਪ ਸਾਨੂੰ ਇਸ ਧਰਤੀ ਪਰ ਉਤਾਿਆ ਹੈ, ਉਹ ਆਪ ਹੀ ਪਾਲਣਾ ਅਤੇ ਅੱਗੇ ਵਾਲੇ ਰਾਹ ਭੇਜਨ ਦੀ ਪਰਕਿਰਿਆ ਦਾ ਸੰਚਾਲਿਤ ਹੈ।

ਨਾਨਕ ਹੁਕਮੈ ਜੇ ਬੁਝੈ
ਤ ਹਉਮੈ ਕਹੈ ਨ ਕੋਇ ॥ ਜਪੁ ਜੀ ਪੌੜੀ 2॥

ਜਿੰਨਾਂ ਜੀਵਾਂ ਨੇ ਹੁਕਮ {sc} ਪਹਿਚਾਨ ਉਸ ਦੀ ਪਾਲਣਾ ਕੀਤੀ ਹੈ, ਉਸ ਦਾ ਹੰਕਾਰ {How+Me } ਖਤਮ ਹੋ ਗਿਆ ਹੁੰਦਾ ਹੈ। ਮੈਂ ਮੈਂ ਵਾਲੀ ਘੱੜੀ ਦੀ ਚਾਬੀ ਟੁਟ ਚੁਕੀ ਹੁੰਦੀ ਹੈ।

ਸੋਚੈ ਸੋਚਿ ਨ ਹੋਵਹੀ
ਜੇ ਸੋਚੀ ਲਖ ਵਾਰ ॥
--- ਸਹਸ ਸਿਆਣਪਾ ਲਖ ਹੋਇ ॥
ਤ ਇਕ ਨ ਚਲੈ ਨਾਲਿ ॥ ਜਪੁ ਜੀ ॥


ਸਾਡੇ ਸਰੀਰ ਦੀ ਸੁਧੀ {ਸੋਚਿ} {ਆਪਣੇ ਬਜ਼ੁਰਗਾਂ ਦੇ ਸਮੇਂ ਹੱਥ ਧਵੌਣ ਸਮੇਂ ਕਿਹਾ ਜਾਂਦਾ ਸੀ "ਹੱਥ ਸੁਚੇ ਕਰਲੋ"} ਸੁਚੇ ਹੋਏ ਬਿਣਾਂ।

ਇਸ ਮਾਇਆ ਮੋਹਨੀ ਦੇ ਭੱਵਰ ਤੋਂ ਬਾਹਰ ਨਿਕਲੇ ਬਿਣਾਂ ਕੋਈ ਵੀ ਸੋਚ ਕਾਰਗਰ ਨਹੀਂ ਹੁੰਦੀ ਭਾਵੇਂ ਕਿੰਨੀਆਂ ਵੀ ਯੁਗਤਾਂ ਕਿਉ ਨਾਹ ਲਾ ਲਵੇ।

ਗੁਪਤੁ ਪ੍ਰਗਟ ਸਭ ਜਾਣੀਐ
ਜੇ ਮਨੁ ਰਾਖੈ ਠਾਇ ॥
ਐਸਾ ਸਤਿਗੁਰੁ ਜੇ ਮਿਲੈ
ਤਾ ਸਹਿਜੇ ਲਏ ਮਿਲਾਇ ॥ ਅੰਗ 57 ॥

ਜੇਕਰ ਸੱਚੇ ਗੁਰੂ ਦਾ ਪੱਲ ਫੜ, ਉਸ ਦੇ ਉਪਦੇਸ ਮੰਨ, ਸਾਡਾ ਮਨ ਭਟਕਣਾ ਦਾ ਰਾਹ ਛੱਡ ਸਥਿਰ {ਠਾਇ} ਹੋ ਜਾਵੇ। ਮਾਇਆ ਜਾਲ {ਗੁਪਤੁ} ਤੋਂ ਬਚਕੇ "ਦਿਖ {ਪ੍ਰਗਟ} ਹੋ, ਸਹਿਜ ਅਵੱਸਥਾ ਨਾਲ ਹੀ ਪਰਮਾਤਮਾ ਆਪ ਹੀ ਜੀਵ ਨੂੰ ਆਪੇ ਵਿਚ ਮਿਲਾ ਲੈਂਦਾ ਹੈ।

# ਕਬਜ਼ - ਹੈ 100 ਰੋਗਾਂ ਦੀ ਜੜ







ਹੈਲਥ ਮੀਡੀਆ ਕੈਨੇਡਾ: (ਡਾ. ਅਨਿਲ ਧੀਰ) ਵਿਸ਼ਵ ਭਰ 'ਚ ਹਰ ਤੀਜਾ ਵਿਅਕਤੀ ਲਾਈਫ ਸਟਾਈਲ ਨਾਲ ਜੁੜੀ ਆਮ ਸ਼ਿਕਾਇਤ ਕਬਜ਼ ਦਾ ਸ਼ਿਕਾਰ ਹੋ ਚੁੱਕਾ ਹੈ। ਗੰਭੀਰ ਕਬਜ਼ ਦ ੇਸਮੱਸਿਆ ਨੇ ਅਮਰੀਕਾ 'ਚ ਕਰੀਬਨ 64.5 ਮਿਲੀਅਨ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੈ।


ਇਨਾਂ 'ਚ ਛੋਟੇ ਬੱਚੇ, ਨੌਜਵਾਨ, ਗਰਭਵਤੀ ਔਰਤਾਂ ਅਤੇ ਸਨਿਅਰਜ਼ ਸ਼ਾਮਿਲ ਹਨ। ਕਬਜ਼ ਦੀ ਹਾਲਤ 'ਚ ਮੱਲ ਯਾਨਿ ਸਟੂਲ ਮੁਸ਼ਕਲ ਨਾਲ ਪਾਸ ਹੁੰਦਾ ਹੈ। ਲਗਾਤਾਰ ਕਬਜ਼ ਦੀ ਹਾਲਤ 'ਚ ਰੋਗੀ ਵਾਸ਼ਰੂਮ 'ਚ 40 ਤੋਂ 50 ਮਿਨਟ ਲਗਾ ਕੇ ਵੀ, ਬਿਨਾ ਕੁਝ ਕੀਤੇ ਬਾਹਰ ਆ ਜਾਂਦਾ ਹੈ। ਕਦੇ-ਕਦੇ ਮੱਲ ਸਖਤ ਅਤੇ ਥੋੜਾ-ਥੋੜਾ ਬਾਹਰ ਅਉਂਦਾ ਹੈ। ਪੇਟ-ਦਰਦ ਦੇ ਨਾਲ ਪੇਟ ਅੰਦਰ ਹਵਾ ਭਰੀ ਮਹਿਸੂਸ ਹੁੰਦੀ ਹੈ। ਪੇਟ ਸ਼ਾਫ ਨਾ ਹੋਣ ਕਰਕੇ ਪੂਰਾ ਦਿਨ ਥਕਾਵਟ 'ਤੇ ਘਬਰਾਹਟ ਰਹਿੰਦੀ ਹੈ। ਅੰਤੜੀਆਂ ਸਖਤ ਹੋ ਜਾਂਦੀਆਂ ਹਨ। ਸ਼ੁਰੂ 'ਚ ਧਿਆਣ ਨਾ ਦੇਣ ਨਾਲ ਕਈ ਬਿਮਾਰੀਆਂ ਹੋਰ ਲੱਗ ਜਾਂਦੀਆਂ ਹਨ। ਕਬਜ਼ ਪੁਰਾਣੀ ਹੋ ਜਾਣ ਕਰਕੇ ਬਵਾਸੀਰ, ਗੁਦਾ ਤੰਗ ਫੇਲ ਹੋਣ ਦਾ ਅਸਰ ਦੇਖਿਆ ਜਾਂਦਾ ਹੈ। ਕਈ ਬਾਰ ਤਾਂ ਵੀਕ 'ਚ 1-2 ਬਾਰ ਹੀ ਪੇਟ ਸਾਫ ਹੁੰਦਾ ਹੈ। ਅੰਤੜੀਆਂ 'ਚ ਰੁਕਿਆ ਹੋਇਆ ਮੱਲ ਗੁੰਝਲਦਾਰ 'ਤੇ ਸਖਤ, ਰੁੱਕ-ਰੁੱਕ ਕੇ ਬਾਹਰ ਆਉਂਦਾ ਹੈ।

ਪੁਰਾਣੇ ਰੋਗੀ ਆਪਣੀ ਗੁਦਾ ਵਿੱਚੋਂ ਮੱਲ ਉਂਗਲ ਨਾਲ ਬਾਹਰ ਕੱਢਨ ਦਾ ਯਤਨ ਵੀ ਕਰਦੇ ਹਨ।

ਜੰਕ ਫੂਡ, ਮੈਦਾ, ਮਿਰਚ-ਮਸਾਲੇਦਾਰ, ਦੇਰ ਨਾਲ ਪਚਣ ਵਾਲੇ ਪਦਾਰਥ, ਯਾਨਿ ਮਾੜੀ ਖ਼ੁਰਾਕ ਦਾ ਲਗਾਤਾਰ ਇਸਤੇਮਾਲ ਚੰਗੇ-ਭਲੇ ਨੂੰ ਕਬਜ਼ ਦਾ ਰੋਗੀ ਬਣਾ ਦਿੰਦਾ ਹੈ। ਰੂਟੀਨ 'ਚ ਜਦੋਂ ਪਾਣੀ ਵਗੈਰਾ ਤਰਲ ਪਦਾਰਥ ਘੱਟ ਪੀਣ ਕਰਕੇ ਕਬਜ਼ ਵਾਲੀ ਹਾਲਤ ਪੈਦਾ ਹੋ ਜਾਂਦੀ ਹੈ। ਪਾਚਕ ਟ੍ਰੈਕਟ 'ਚ ਜਮਾਂ ਹੋਇਆ ਮੱਲ ਹੋਲੀ-ਹੋਲੀ ਪਾਸ ਹੋ ਕੇ ਅੰਤੜੀਆਂ, ਗੁਦਾ 'ਚ ਰੁਕਾਵਟ ਪੈਦਾ ਕਰ ਦਿੰਦਾ ਹੈ। ਗੁਦਾ ਅੰਦਰ ਅਤੇ ਆਸਪਾਸ ਦੀਆਂ 'ਚ ਸੋਜ਼ ਹੋ ਸਕਦੀ ਹੈ। ਕੋਲਨ 'ਤੇ ਗੁਦਾ ਦੇ ਕੈਂਸਰ ਸੰਭਾਵਨਾ ਬਣੀ ਰਹਿੰਦੀ ਹੈ।

ਧਿਆਣ ਦੇਣ ਦੀ ਹੈ ਲੋੜ:


* ਆਪਣੀ ਖ਼ੁਰਾਕ 'ਚ ਡੇਲੀ 20-35 ਗ੍ਰਾਮ ਫਾਇਬਰ ਬ੍ਰਾਨ ਦੇ ਅਨਾਜ, ਓਟਮੀਲ, ਬਾਦਾਮ, ਜੌਂ, ਹਰੀ ਸਬਜ਼ੀਆਂ, ਤਾਜ਼ੇ ਫੱਲ, ਬੀਨਜ, ਹੋਲ ਵੀਟ, ਵਗੈਰਾ ਨੂੰ ਸ਼ਾਮਿਲ ਕਰੋ।



**Anil Dheer**
Columnist. Alternative Therapist, Social Activist.
Health Educator Award winner;
Certified in:
GNT Diseases 2023 (W.H.O) Air Pollution n Health 2023 (W.H.O)
Monkey-pox Virus: Health Emergencies programme (W.H.O) PHR-UNICEF
Covid Variants-Vaccine-specific resources & IPC (W.H.O)

* ਰੋਜ਼ਾਨਾ ਵਰਕ-ਆਉਟ, ਸੈਰ, ਯੋਗਾ ਮੇਡੀਟੇਸ਼ਨ ਕਰਨਾ ਸ਼ੁਰੂ ਕਰ ਦਿਓ। ਬਿਨਾਂ ਮਤਲਬ ਦੇ ਸਟ੍ਰੇਸ ਤੋਂ ਦੂਰ ਰਹੋ।
* ਮੱਲ-ਤਿਆਗ ਮਹਿਸੂਸ ਹੁੰਦੇ ਹੀ ਨਜ਼ਰਅੰਦਾਜ਼ ਨਾ ਕਰੋ, ਬਲਕਿ ਫਾਰਿਗ ਹੋ ਕੇ ਆਓ।
* ਸਬਜ਼ੀਆਂ ਦਾ ਸੂਪ, ਫਲਾਂ ਦਾ ਰੱਸ, ਗ੍ਰੀਨ-ਟੀ, ਨਮਕੀਨ ਨਿੰਬੂ-ਪਾਣੀ, ਕੋਸਾ ਪਾਣੀ, ਜ਼ਿਆਦਾ ਇਸਤੇਮਾਲ ਕਰੋ।
* ਪਰੂਨ ਫੱਲ ਦਾ ਮੁਰੱਬਾ ਧੋ ਕੇ 1-2 ਪੀਸ ਗਰਮ ਦੁੱਧ ਨਾਲ ਲੈ ਸਕਦੇ ਹੋ।
* ਚਟਪਟੇ, ਮਸਾਲੇਦਾਰ, ਤਲੇ ਹੋਏ ਅਤੇ ਪ੍ਰੋਸੈਸਡ ਪਦਾਰਥ ਘੱਟ ਲਵੋ।
* ਫਲੈਕਸ ਸੀਡ ਪਾਉਡਰ 1 ਚਮਚ ਸਵੇਰੇ-ਸ਼ਾਮ ਕੋਸੇ ਪਾਣੀ ਨਾਲ ਜਾਂ ਯੋਗਰਟ 'ਚ ਮਿਲਾ ਕੇ ਸੇਵਨ ਕਰਨ ਨਾਲ ਪੇਟ ਦਿਨ ਭਰ ਹਲਕਾ ਰਹਿੰਦਾ ਹੈ।
* ਸਾਫਟ-ਡ੍ਰਿੰਕਸ ਕਬਜ਼ ਵੱਧਾ ਸਕਦੇ ਹਨ। ਡੇਲੀ 8-10 ਗਲਾਸ ਪਾਣੀ ਪੀਣ ਦੀ ਆਦਤ ਪਾ ਲਵੋ।
* ਅਸਲੀ ਬਦਾਮ ਤੇਲ ਦੀ 15-20 ਬੂੰਦਾਂ ਬਿਨਾਂ ਚੀਨੀ ਗਰਮ ਦੁੱਧ 'ਚ ਮਿਲਾ ਕੇ ਲੈ ਸਕਦੇ ਹੋ।

ਨੋਟ: ਕਮਜ਼ੋਰ ਪਾਚਨ-ਸਿਸਟਮ ਦੀ ਹਾਲਤ 'ਚ ਭਵਿੱਖ 'ਚ ਗੰਭੀਰ ਬਿਮਾਰੀਆਂ ਤੋਂ ਬਚਾਅ ਲਈ ਆਪਣੇ ਫੈਮਿਲੀ ਡਾਕਟਰ ਦੇ ਸੰਪਰਕ ਰਹਿਣ ਦੀ ਲੋੜ ਹੁੰਦੀ ਹੈ।














# ਰਾਸ਼ੀਫਲ

**ਮੇਖ :** ਦੋਸਤ ਜਾਂ ਸਹਿਕਰਮੀ ਦਾ ਸਵਾਰਥੀ ਬਰਤਾਵ ਤੁਹਾਡਾ ਮਾਨਸਿਕ ਸਕੂਨ ਖਤਮ ਕਰ ਸਕਦਾ ਹੈ। ਅੱਜ ਘਰ ਤੋਂ ਵੱਡਿਆਂ ਦਾ ਆਸ਼ਿਰਵਾਦ ਲੈ ਕੇ ਨਿਕਲੋਗੇ ਤਾਂ ਇਸ ਨਾਲ ਤੁਹਾਨੂੰ ਲਾਭ ਪ੍ਰਾਪਤ ਹੋਵੇਗਾ। ਘਰ ਵਿਚ ਰਸਮ ਰਿਵਾਜ ਆਦਿ ਹੋਵੇਗਾ। ਤੁਹਾਡੇ ਰਿਸ਼ਤੇ ਵਿਚਲੀਆਂ ਉਹ ਸਾਰੀਆਂ ਸ਼ਿਕਾਇਤਾਂ ਅਤੇ ਗੜਬੜਾਂ ਇਸ ਅਦਭੁਤ ਦਿਨ ਤੇ ਅਲੋਪ ਹੋ ਜਾਣਗੀਆਂ। ਤੁਸੀਂ ਆਪਣਾ ਰਵੱਈਆ ਇਮਾਨਦਾਰ ਅਤੇ ਸਪੱਸ਼ਟਤਾਵਾਦੀ ਰੱਖੋ ਲੋਕ ਤੁਹਾਡੀ ਦ੍ਰਿੜਤਾ ਅਤੇ ਸ਼ਮਤਾ ਨੂੰ ਸਰਹਾਉਣਗੇ। ਬੇਅੰਤ ਰਚਨਾਤਮਕਤਾ ਅਤੇ ਉਤਸ਼ਾਹ ਤੁਹਾਨੂੰ ਇਕ ਹੋਰ ਲਾਭਕਾਰੀ ਦਿਨ ਵੱਲ ਲੈ ਜਾਂਦਾ ਹੈ। ਅੱਜ ਦੇ ਦਿਨ ਤੁਹਾਡਾ ਵਿਵਾਹਿਕ ਜੀਵਨ ਇਕ ਖੂਬਸੂਰਤ ਮੋੜ ਲੈ ਸਕਦਾ ਹੈ।

**ਬ੍ਰਿਸ਼ਭ:** ਅਸਹਜਤਾ ਤੁਹਾਡੀ ਮਾਨਸਿਕ ਸ਼ਾਤੀ ਵਿਚ ਵਾਧਾ ਪੈਦਾ ਕਰ ਸਕਦੀ ਹੈ ਪ੍ਰੰਤੂ ਕੋਈ ਦੋਸਤ ਤੁਹਾਡੀ ਪਰੇਸ਼ਾਨੀਆਂ ਦੇ ਸਮਾਧਾਨ ਲਈ ਕਾਫੀ ਮਦਦਗਾਰ ਸਾਬਿਤ ਹੋਵੇਗ।ਤਣਾਅ ਤੋਂ ਬਚਨ ਲਈ ਸੰਗੀਤ ਦਾ ਸਹਾਰਾ ਲਵੋ। ਕੋਈ ਬੇਹਤਰੀਨ ਨਵਾਂ ਵਿਚਾਰ ਤੁਹਾਨੂੰ ਆਰਥਿਕ ਤੋਰ ਤੇ ਲਾਭ ਪਹੁੰਚਾਏਗਾ। ਆਪਣੇ ਬੱਚਿਆ ਨੂੰ ਆਪਣੇ ਉਦਾਰ ਵਿਵਹਾਰ ਦਾ ਜ਼ਿਆਦਾਂ ਲਾਭ ਨਾ ਉਠਾਉਣ ਦਿਉ। ਆਪਣੀ ਖਿੜਕੀ ਤੇ ਫੁੱਲ ਰੱਖ ਕੇ ਆਪਣੇ ਪਿਆਰ ਦਾ ਇਜ਼ਹਾਰ ਕਰੋ। ਇਕ ਅਜਿਹਾ ਵਕਤ ਜਦੋਂ ਨੋਕਰੀਆਂ ਜਾਂ ਕਾਰੋਬਾਰ ਦੇ ਨਵੇਂ ਮੌਕੇ ਆਉਣਗੇ ਤੁਹਾਡੇ ਦਿਨ ਨੂੰ ਬੇਹਤਰੀਨ ਬਣਾ ਦੇਵੇਗਾ। ਇਸ ਰਾਸ਼ੀ ਦੇ ਵਿਦਿਆਰਥੀ ਅੱਜ ਆਪਣਾ ਕੀਮਤੀ ਸਮਾਂ ਜਿਆਦਤਰ ਟੀ ਵੀ ਜਾਂ ਮੋਬਾਇਲ ਫੋਨ ਤੇ ਖ਼ਰਾਬ ਕਰ ਸਕਦੇ ਹੋ ਇਸ ਨਾਲ ਸਮੇਂ ਦੀ ਬਰਬਾਦੀ ਹੋਵੇਗੀ। ਤੁਸੀਂ ਪੁਰਾਣੇ ਰੋਮਾਂਟਿਕ ਦਿਨਾਂ ਨੂੰ ਅੱਜ ਫਿਰ ਆਪਣੇ ਜੀਵਨਸਾਥੀ ਨਾਲ ਫਿਰ ਦੁਹਰਾਉਂਗੇ।

**ਮਿਥੁਨ:** ਤੁਹਾਨੂੰ ਕੰਮ ਦੇ ਮੋਰਚੇ ਤੇ ਧੱਕਾ ਲੱਗ ਸਕਦਾ ਹੈ ਕਿਉਂ ਕਿ ਤੁਹਾਡੀ ਸਿਹਤ ਤੁਹਾਡੇ ਨਾਲ ਨਹੀਂ ਹੈ ਅਤੇ ਇਸਦੇ ਚਲਦੇ ਤੁਹਾਨੂੰ ਕੋਈ ਜ਼ਰੂਰੀ ਕੰਮ ਵਿੱਚੇ ਹੀ ਛੱਡਣਾ ਪੈ ਸਕਦਾ ਹੈ ਅਜਿਹੇ ਹਾਲਾਤ ਵਿਚ ਸਬਰ ਅਤੇ ਹੋਸ਼ਿਆਰੀ ਤੋਂ ਕੰਮ ਲਉ। ਤੁਹਾਡੇ ਭਰਾ ਭੈਣ ਵਿਚੋਂ ਕੋਈ ਅੱਜ ਤੁਹਾਡੇ ਤੋਂ ਪੈਸੇ ਉਧਾਰ ਮੰਗ ਸਕਦਾ ਹੈ ਤੁਸੀ ਉਸ ਨੂੰ ਪੈਸੇ ਤਾਂ ਉਧਾਰ ਦੇ ਦੇਵੋਂਗੇ ਪਰੰਤੂ ਇਸ ਨਾਲ ਤੁਹਾਡੇ ਆਰਥਿਕ ਹਾਲਾਤ ਖਰਾਬ ਹੋ ਸਕਦੇ ਹਨ। ਜੇਕਰ ਤੁਸੀ ਪਾਰਟੀ ਕਰਨ ਦੀ ਸੋਚ ਰਹੇ ਹੋ ਤਾਂ ਆਪਣੇ ਚੰਗੇ ਦੋਸਤਾਂ ਨੂੰ ਬੁਲਾਉ। ਅਜਿਹੇ ਕਈਂ ਲੋਕ ਹੋਣਗੇ ਜੋ ਤੁਹਾਡਾ ਉਤਸ਼ਾਹ ਵਧਾਉਣਗੇ। ਰੋਮਾਂਸ ਦੇ ਲਈ ਸਹੀ ਮੋਕਾ ਹੈ ਪਰੰਤੂ ਇਸ ਲਈ ਬਹੁਤ ਘੱਟ ਸਮਾਂ ਰਹੇਗਾ। ਕਿਸੇ ਵੀ ਤਰਾਂ ਦੀ ਸਾਂਝੀਦਾਰੀ ਕਰਨ ਤੋਂ ਪਹਿਲਾਂ ਉਸ ਦੇ ਬਾਰੇ ਵਿਚ ਆਪਣੀ ਅੰਦਰੂਨੀ ਭਾਵਨਾ ਦੀ ਬਾਤ ਜਰੂਰ ਸੁਣੋ। ਖਾਸ ਲੋਕਾਂ ਨਾਲ ਗੱਲਬਾਤ ਕਰਦੇ ਸਮੇਂ ਆਪਣੇ ਸ਼ਬਦਾਂ ਤੇ ਧਿਆਨ ਦਿਉ। ਤੁਹਾਡਾ ਪਿਆਰ, ਤੁਹਾਡਾ ਜੀਵਨਸਾਥੀ ਤੁਹਾਨੂੰ ਕਈਂ ਖੂਬਸੂਰਤ ਤੋਹਫਾ ਦੇ ਸਕਦਾ ਹੈ।



**ਕਰਕ :** ਸਿਹਤ ਦਾ ਖਿਆਲ ਰੱਖੋ ਨਹੀਂ ਤਾਂ ਲੈਣੇ ਦੇ ਦੇਣੇ ਪੈ ਸਕਦਾ ਹੈ। ਤੁਹਾਡਾ ਕੋਈ ਪੁਰਾਣਾ ਦੋਸਤ ਅੱਜ ਕਾਰੋਬਾਰ ਵਿਚ ਲਾਭ ਕਮਾਉਣ ਦੇ ਲਈ ਤੁਹਾਨੂੰ ਸਲਾਹ ਦੇ ਸਕਦਾ ਹੈ ਜੇਕਰ ਇਸ ਸਲਾਹ ਨੂੰ ਤੁਸੀ ਮੰਨਦੇ ਹੋ ਤਾਂ ਤੁਹਾਨੂੰ ਲਾਭ ਜਰੂਰ ਹੋਵੇਗਾ। ਇਕ ਖੁਸ਼ਨੁਮਾ ਅਤੇ ਵਧੀਆ ਸ਼ਾਮ ਦੇ ਲਈ ਤੁਹਾਡਾ ਘਰ ਰਿਸ਼ਤੇਦਾਰਾਂ ਨਾਲ ਭਰ ਸਕਦਾ ਹੈ। ਅੱਜ ਤੁਸੀ ਆਪਣੀ ਮਿੱਠੀ ਪਿਆਰ ਭਰੀ ਜ਼ਿੰਦਗੀ ਵਿਚ ਐਕਸੋਟਿਕਾ ਦੇ ਮਸਾਲੇ ਦਾ ਪਾਲਣ ਕਰੋਗੇ। ਅੱਜ ਕੰਮ ਕਾਰ ਵਿਚ ਤੁਹਾਡੀ ਸਖਤ ਮਿਹਨਤ ਜਰੂਰ ਰੰਗ ਲਿਆਵੇਗੀ। ਯਾਤਰਾ ਅਤੇ ਸੈਰ ਨਾ ਕੇਵਲ ਆਨੰਦਦਾਇਕ ਸਿੱਧ ਹੋਵੇਗੀ ਬਲਕਿ ਸਿੱਖਿਆਤਮਕ ਵੀ ਰਹੇਗੀ। ਅੱਜ ਜੀਵਨਸਾਥੀ ਦੀ ਮਾਸੂਮੀਅਤ ਤੁਹਾਡੇ ਦਿਨ ਨੂੰ ਖਾਸ ਬਣਾ ਸਕਦੀ ਹੈ।

**ਸਿੰਘ:** ਨਿਯਮਤ ਕਸਰਤ ਦੇ ਦੁਆਰਾ ਆਪਣੇ ਵਜ਼ਨ ਨੂੰ ਕਾਬੂ ਵਿਚ ਰੱਖਣ ਦੀ ਲੋੜ ਹੈ ਤਲੀ ਅਤੇ ਭੁੰਨੀ ਹੋਈ ਵਸਤਾਂ ਤੋ ਪਰਹੇਜ਼ ਕਰੋ। ਦਿਨ ਦੀ ਸ਼ੁਰੂਆਤ ਵਿਚ ਹੀ ਅੱਜ ਤੁਹਾਨੂੰ ਕੋਈ ਆਰਥਿਕ ਹਾਨੀ ਹੋ ਸਕਦੀ ਹੈ ਜਿਸ ਨਾਲ ਸਾਰਾ ਦਿਨ ਖਰਾਬ ਹੋ ਸਕਦਾ ਹੈ। ਇਕ ਚਿੱਠੀ ਪੂਰੇ ਪਰਿਵਾਰ ਦੇ ਲਈ ਚੰਗੀ ਖਬਰ ਲਿਆਵੇਗਾ। ਆਪਣੇ ਪ੍ਰੇਮੀ ਦੇ ਲਈ ਬਦਲੇ ਦੀ ਭਾਵਨਾ ਨਾਲ ਕੁਝ ਹਾਸਿਲ ਨਹੀਂ ਹੋਣਾ ਬਜਾਇ ਇਸ ਦੇ ਕਿ ਤੁਹਾਨੂੰ ਦਿਮਾਗ ਠੰਡਾ ਰੱਖਣਾ ਚਾਹੀਦਾ ਹੈ ਅਤੇ ਆਪਣੇ ਪ੍ਰੇਮੀ ਨੂੰ ਆਪਣੇ ਸੱਚੇ ਜ਼ਜਬਾਤਾਂ ਨਾਲ ਇਕਮਿਕ ਕਰਨਾ ਚਾਹੀਦਾ ਹੈ। ਤੁਸੀ ਖੇਤੀ ਦੇ ਕਿਸੇ ਵੱਡੇ ਲੈਣ ਦੇਣ ਨੂੰ ਅੰਜ਼ਾਮ ਦੇ ਸਕਦੇ ਹੋ ਅਤੇ ਮਨੋਰੰਜਨ ਨਾਲ ਜੁੜੀ ਕਿਸੀ ਪਰਿਯੋਜਨਾ ਵਿਚ ਕਈਂ ਲੋਕਾਂ ਦਾ ਸੰਯੋਜਨ ਕਰ ਸਕਦੇ ਹੋ। ਆਪਣੇ ਆਤਮਵਿਸ਼ਵਾਸ਼ ਦਾ ਜ਼ਬਰਦਸਤ ਲਾਭ ਉਠਾਉ, ਬਾਹਰ ਨਿਕਲੋ ਅਤੇ ਕੁਝ ਨਵੇਂ ਸੰਪਰਕ ਅਤੇ ਦੋਸਤ ਬਣਾਉ। ਤੁਹਾਡਾ ਪਤੀ ਜਾਂ ਪਤਨੀ ਤੁਹਾਨੂੰ ਬਾਹਰ ਜਾਣ ਲਈ ਮਜ਼ਬੂਰ ਕਰ ਸਕਦਾ ਹੈ ਜਦੋਂ ਤੁਸੀ ਕਿਸੇ ਮੂਡ ਜਾਂ ਇਸਦੇ ਉਲਟ ਨਹੀਂ ਹੋ ਜੋ ਤੁਹਾਨੂੰ ਚਿੜਚਿੜੇਪਣ ਦਾ ਅਹਿਸਾਸ ਕਰਵਾਏਗਾ।

**ਕੰਨਿਆ:** ਮਾ-ਪਿਉ ਨੂੰ ਅਣਦੇਖਾ ਕਰਨਾ ਤੁਹਾਡੀ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਖਤਮ ਕਰ ਸਕਦਾ ਹੈ ਚੰਗਾ ਸਮਾਂ ਬਹੁਤ ਜ਼ਿਆਦਾ ਦਿਨਾਂ ਤੱਕ ਨਹੀਂ ਰਹਿੰਦਾ ਇਨਸਾਨ ਦੇ ਕਰਮ ਤਰੰਗਾਂ ਦੀ ਤਰ੍ਹਾਂ ਹਨ ਜਿਹੜੇ ਨਾਲ ਮਿਲਕੇ ਸੰਗੀਤ ਬਣਾਉਂਦੇ ਹਨ ਅਤੇ ਆਪਸ ਵਿਚ ਟਕਰਾਕੇ ਖੜਖੜਾਹਟ। ਅਸੀਂ ਜੋ ਬੀਜਦੇ ਹਾਂ ਉਹ ਹੀ ਪਾਉਂਦੇ ਹਾਂ। ਤੁਸੀ ਵਿੱਤੀ ਤੌਰ 'ਤੇ ਮਜ਼ਬੂਤ ਰਹੋਗੇ ਗ੍ਰਹਿਆਂ ਅਤੇ ਨਕਸ਼ਤਰਾ ਦੇ ਲਾਭ ਵਾਲੇ ਸਥਾਨ ਕਾਰਨ ਤੁਸੀ ਅੱਜ ਪੈਸੇ ਕਮਾਉਣ ਵਾਲੇ ਬਹੁਤ ਸਾਰੇ ਮੋਕਿਆ ਤੇ ਪਹੁੰਚੋਗੇ। ਅੱਜ ਪਰਿਵਾਰ ਦੇ ਲੋਕਾਂ ਨਾਲ ਪੈਸੇ ਨੂੰ ਲੈ ਕੇ ਕਹਿ ਸੁਣੀ ਹੋ ਸਕਦੀ ਹੈ ਪੈਸੇ ਦੇ ਮਾਮਲੇ ਵਿਚ ਤੁਹਾਨੂੰ ਪਰਿਵਾਰ ਦੇ ਸਾਰਿਆਂ ਮੈਂਬਰਾਂ ਨੂੰ ਸਪਸ਼ਟ ਹੋਣ ਦੀ ਸਲਾਹ ਦੇਣੀ ਚਾਹੀਦੀ ਹੈ। ਰੋਮਾਂਸ ਦਾ ਕਲਾਉਡ ਤੁਹਾਡੇ ਦਿਮਾਗ ਤੇ ਛਾਇਆ ਰਹੇਗਾ ਕਿਉਂ ਕਿ ਅੱਜ ਤੁਹਾਡੀ ਮੁਲਾਕਾਤ ਆਪਣੇ ਪਿਆਰ ਨਾਲ ਹੋਵੇਗੀ। ਅੱਜ ਅਨੁਭਵੀ ਲੋਕਾਂ ਨਾਲ ਜੁੜ ਕੇ ਜਾਣਨ ਦੀ ਕੋਸ਼ਿਸ਼ ਕਰੋ ਕਿ ਉਨਾਂ ਦਾ ਕੀ ਕਹਿਣਾ ਹੈ। ਤੁਹਾਡਾ ਤੇਜੀ ਨਾਲ ਪਰਖਣ ਤੁਹਾਨੂੰ ਦੂਜਿਆਂ ਤੋਂ ਅੱਗੇ ਰਹਿਣ ਵਿਚ ਸਹਾਇਤਾ ਕਰੇਗਾ। ਅੱਜ ਤੁਹਾਡਾ ਵਿਵਾਹਿਕ ਜੀਵਨ ਖੁਸ਼ੀ, ਪਿਆਰ ਅਤੇ ਉਲਾਸ ਦਾ ਕੇਂਦਰ ਬਣ ਸਕਦਾ ਹੈ।

**ਤੁਲਾ:** ਆਪਣੀ ਸਿਹਤ ਦੇ ਬਾਰੇ ਜ਼ਰੂਰਤ ਤੋਂ ਜ਼ਿਆਦਾ ਚਿੰਤਾ ਨਾ ਕਰੋ ਨਿੱਜਤਤਾ ਬਿਮਾਰੀ ਦੀ ਸਭ ਤੋਂ ਵੱਡੀ ਦਵਾਈ ਹੈ ਤੁਹਾਡਾ ਸਹੀ ਰਵੱਈਆ ਗਲਤ ਰਵੱਈਏ ਨੂੰ ਹਰਾਉਣ ਵਿਚ ਕਾਮਯਾਬ ਰਹੇਗਾ। ਤੁਹਾਡੇ ਲਈ ਨਿਵੇਸ਼ ਕਰਨਾ ਕਈਂ ਵਾਰ ਬਹੁਤ ਲਾਭਦਾਇਕ ਸਾਬਿਤ ਹੋ ਸਕਦਾ ਹੈ ਅੱਜ ਤੁਹਾਨੂੰ ਇਹ ਗੱਲ ਸਮਝ ਵਿਚ ਆ ਜਾਵੇਗੀ ਕਿ ਕਿਸੇ ਪੁਰਾਣੇ ਨਿਵੇਸ਼ ਨਾਲ ਤੁਹਾਨੂੰ ਮੁਨਾਫਾ ਹੋ ਸਕਦਾ ਹੈ। ਸ਼ਾਮ ਦੇ ਸਮੇਂ ਗਤੀਵਿਧੀਆਂ ਉਸ ਤੋਂ ਕਾਫੀ ਬੇਹਤਰ ਹੋਣਗੀਆਂ ਜਿੰਨੀ ਤੁਸੀ ਉਮੀਦ ਕੀਤੀ ਸੀ। ਸ਼ਾਮ ਦੀ ਢਲਦੇ ਢਲਦੇ ਕੋਈ ਰੋਮਾਂਟਿਕ ਝੁਕਾਅ ਤੁਹਾਡੇ ਦਮਿਮਾਗ ਨੂੰ ਘੇਰ ਲੇਵੇਗਾ। ਤੁਹਾਡੇ ਵਿਰੋਧੀ ਅੱਜ ਕੰਮ ਤੇ ਉਨਾਂ ਦੇ ਮਾੜੇ ਕੰਮਾਂ ਦਾ ਨਤੀਜਾ ਪ੍ਰਾਪਤ ਕਰਨਗੇ। ਬਾਹਰੀ ਯਾਤਰਾ ਜ਼ਿਆਦਾ ਸੁਖਦਾਇਕ ਨਹੀਂ ਹੋਵੇਗੀ ਪਰੰਤੂ ਖਾਸ ਸੰਪਰਕ ਬਣਾਉਣ ਵਿਚ ਸਹਾਇਤਾ ਕਰੇਗੀ। ਜੇਕਰ ਤੁਸੀ ਆਪਣੇ ਜੀਵਨਸਾਥੀ ਦੇ ਪਿਆਰ ਲਈ ਤਰਸ ਰਹੋ ਹੋ ਤਾਂ ਇਹ ਦਿਨ ਤੁਹਾਡੇ ਲਈ ਅਸੀਸ ਹੋਵੇਗਾ।

**ਬ੍ਰਿਸ਼ਚਕ:** ਕੰਮ ਦਾ ਤਨਾਵ ਤੁਹਾਡੀ ਸਿਹਤ ਨੂੰ ਖਰਾਬ ਕਰ ਸਕਦਾ ਹੈ। ਪ੍ਰਾਪਤ ਹੋਇਆ ਧੰਨ ਤੁਹਾਡੀ ਉਮੀਦ ਮੁਤਾਬਿਕ ਨਹੀਂ ਹੋਵੇਗਾ। ਕਿਸੇ ਪਰਿਵਾਰਿਕ ਭੇਦ ਦਾ ਖੁਲੱਣਾ ਤੁਹਾਨੂੰ ਤੋਹਫਾ ਦੇ ਸਕਦਾ ਹੈ। ਅੱਜ ਦੇ ਦਿਨ ਪਿਆਰ ਭਰੀ ਜ਼ਿੰਦਗੀ ਵਿਚ ਕਾਫੀ ਵਿਵਾਦ ਰਹੇਗਾ। ਜੇਕਰ ਤੁਸੀ ਆਪਣੇ ਦਿਮਾਗ ਦੇ ਦਰਵਾਜ਼ੇ ਖੁੱਲੇ ਰੱਖੋ ਤਾਂ ਕਈਂ ਚੰਗੇ ਮੋਕੇ ਤੁਹਾਨੂੰ ਮਿਲ ਸਕਦੇ ਹਨ। ਖਾਲੀ ਸਮੇਂ ਵਿਚ ਤੁਸੀ ਕੋਈ ਖੇਡ ਅੱਜ ਦੇ ਦਿਨ ਖੇਡ ਸਕਦੇ ਹੋ ਪਰੰਤੂ ਇਸ ਦੋਰਾਨ ਕੋਈ ਦੁਰਘਟਨਾ ਹੋਣ ਦੀ ਸੰਭਾਵਨਾ ਹੈ ਇਸ ਲਈ ਸੰਭਲ ਕੇ ਰਹੋ। ਤੁਹਾਡੇ ਜੀਵਨ ਸਾਥੀ ਦੀ ਸੁਸਤੀ ਤੁਹਾਡੇ ਕਈਂ ਕੰਮਾਂ ਤੇ ਪਾਣੀ ਫੇਰ ਸਕਦੀ ਹੈ।

**ਧਨੂੰ:** ਦੋਸਤ ਦੀ ਬੇਰੁੱਖੀ ਤੁਹਾਨੂੰ ਨਾਰਾਜ਼ ਕਰੇਗੀ। ਪ੍ਰੰਤੂ ਖੁਦ ਨੂੰ ਸ਼ਾਤ ਰੱਖੋ ਇਸ ਗੱਲ ਨੂੰ ਪ੍ਰੇਸ਼ਾਨੀ ਨਾ ਬਣਨ ਦਿਉ ਅਤੇ ਇਸ ਤੋਂ ਬਚਨ ਦੀ ਕੋਸ਼ਿਸ਼ ਕਰੋ। ਦਿਨ ਦੀ ਸ਼ੁਰੂਆਤ ਭਲੇ ਹੀ ਚੰਗੀ ਹੋਵੇ ਪਰੰਤੂ ਸ਼ਾਮ ਦੇ ਸਮੇਂ ਕਿਸੇ ਵਜਾਹ ਨਾਲ ਧੰਨ ਖਰਚ ਹੋ ਸਕਦਾ ਹੈ ਜਿਸ ਨਾਲ ਤੁਸੀਂ ਪ੍ਰੇਸ਼ਾਨ ਹੋਵੋਗੇ। ਤੁਹਾਡੇ ਵਿਚੋਂ ਕੁਝ ਗਹਿਣੇ ਜਾਂ ਘਰੇੱਲੂ ਸਾਮਾਨ ਖਰੀਦ ਸਕਦੇ ਹਨ। ਜੋ ਆਪਣੇ ਪਿਆਰ ਦੇ ਨਾਲ ਛੁਟੀਆਂ ਬਿਤਾ ਰਹੇ ਹਨ ਇਹ ਉਨਾਂ ਦੀ ਜ਼ਿੰਦਗੀ ਵਿਚ ਸਭ ਤੋਂ ਯਾਦਗਾਰ ਪਲ ਹੋਣਗੇ। ਅੱਜ ਤੁਸੀ ਦੂਸਰੇ ਦਿਨਾਂ ਦੀ ਤੁਲਨਾ ਵਿਚ ਆਪਣੇ ਲਕਸ਼ਾ ਨੂੰ ਕੁਝ ਜ਼ਿਆਦਾ ਹੀ ਉੱਚਾ ਤੈਅ ਕਰ ਸਕਦੇ ਹੋ ਜੇਕਰ ਨਤੀਜੇ ਤੁਹਾਡੇ ਉਮੀਦ ਮੁਤਾਬਿਕ ਨਾ ਹੋਣ ਤਾਂ ਨਿਰਾਸ਼ ਨਾ ਹੋਵੋ। ਤੁਸੀਂ ਆਪਣੇ ਬੱਚਿਆਂ ਨੂੰ ਸਮੇਂ ਦੀ ਪ੍ਰਬੰਧਨ ਅਤੇ ਸਮੇਂ ਨੂੰ ਸਭ ਤੋਂ ਵਧੀਆ ਢੰਗ ਨਾਲ ਵਰਤਣ ਦੀ ਸਲਾਹ ਦੇ ਸਕਦੇ ਹੋ। ਇਹ ਤੁਹਾਡੀ ਵਿਵਾਹਿਕ ਜ਼ਿੰਦਗੀ ਦਾ ਸਭ ਤੋਂ ਖਾਸ ਦਿਨ ਰਹਿਣ ਵਾਲਾ ਹੈ ਤੁਸੀ ਪਿਆਰ ਦੀ ਗਹਿਰਾਈ ਦਾ ਅਨੁਭਵ ਕਰੋਂਗੇ।

**ਮਕਰ:** ਦੋਸਤ ਦੀ ਬੇਰੁੱਖੀ ਤੁਹਾਨੂੰ ਨਾਰਾਜ਼ ਕਰੇਗੀ। ਪ੍ਰੰਤੂ ਖ਼ੁਦ ਨੂੰ ਸ਼ਾਤ ਰੱਖੋ ਇਸ ਗੱਲ ਨੂੰ ਪਰੇਸ਼ਾਨੀ ਨਾ ਬਣਨ ਦਿਉ ਅਤੇ ਇਸ ਤੋਂ ਬਚਨ ਦੀ ਕੋਸ਼ਿਸ਼ ਕਰੋ। ਆਰਥਿਕ ਸਮੱਸਿਆਵਾਂ ਨੇ ਰਚਨਾਤਮਕ ਸੋਚਣ ਦੀ ਤੁਹਾਡੀ ਸ਼ਮਤਾ ਨੂੰ ਬੇਕਾਰ ਕਰ ਦਿੱਤਾ ਹੈ। ਇਹ ਸਮਾਂ ਇਸ ਗੱਲ ਨੂੰ ਸਮਝਣ ਦਾ ਹੈ ਕਿ ਗੁੱਸਾ ਛੋਟਾ ਪਾਗਲਪਣ ਹੈ ਅਤੇ ਇਹ ਤੁਹਾਨੂੰ ਭਾਰੀ ਨੁਕਸਾਨ ਦੀ ਤਰਫ ਭੇਜ ਸਕਦਾ ਹੈ। ਅੱਜ ਆਪਣੇ ਖੂਬਸੂਰਤ ਕੰਮਾਂ ਨੂੰ ਦਿਖਾਉਣ ਦੇ ਲਈ ਤੁਹਾਡਾ ਪਿਆਰ ਪੂਰੀ ਤਰ੍ਹਾਂ ਖਿੜੇਗਾ। ਅੱਜ ਤੁਹਾਡੀ ਸਖਤ ਮਿਹਨਤ ਕੰਮਕਾਰ ਵਿਚ ਜ਼ਰੂਰ ਰੰਗ ਲਿਆਏਗੀ। ਪੈਸੇ, ਪਿਆਰ, ਪਰਿਵਾਰ ਤੋਂ ਦੂਰ ਹੋ ਕੇ ਅੱਜ ਤੁਸੀ ਆਨੰਦ ਦੀ ਤਲਾਸ਼ ਵਿਚ ਕਿਸੇ ਆਧਿਆਤਮਕ ਗੁਰੂ ਨੂੰ ਮਿਲਣ ਲਈ ਜਾ ਸਕਦੇ ਹੋ। ਕੀ ਤੁਹਾਨੂੰ ਲਗਦਾ ਹੈ ਕਿ ਵਿਆਹ ਸਿਰਫ਼ ਸਮਝੋਤੇ ਦਾ ਨਾਮ ਹੈ ਜੇਕਰ ਹਾਂ ਤਾਂ ਤੁਸੀਂ ਅੱਜ ਜਾਣੋਗੇ ਕਿ ਇਹ ਤੁਹਾਡੇ ਜੀਵਨ ਦੀ ਸਭ ਤੋਂ ਚੰਗੀ ਘਟਨਾ ਸੀ।

**ਕੁੰਭ:** ਤੁਹਾਨੂੰ ਕੋਈ ਗਲਤ ਜਾਣਕਾਰੀ ਮਿਲ ਸਕਦੀ ਹੈ ਜਿਸਦੇ ਚੱਲਦੇ ਤੁਸੀਂ ਮਾਨਸਿਕ ਦਬਾਅ ਦਾ ਸ਼ਿਕਾਰ ਹੋ ਸਕਦੇ ਹੋ। ਰੁਕਿਆ ਹੋਇਆ ਪੈਸਾ ਮਿਲੇਗਾ ਅਤੇ ਆਰਥਿਕ ਹਾਲਾਤ ਵਿਚ ਸੁਧਾਰ ਆਵੇਗਾ। ਅਜਿਹੇ ਦੋਸਤਾਂ ਦੇ ਨਾਲ ਬਾਹਰ ਜਾਵੋ ਜੋ ਸਾਕਾਰਤਮਕ ਅਤੇ ਮਦਦਗਾਰ ਸੁਭਾਅ ਦੇ ਹੋਣ। ਪਿਆਰੇ ਨੂੰ ਅੱਜ ਤੁਹਾਡੀ ਕੋਈ ਗੱਲ ਚੁਬ ਸਕਦੀ ਹੈ ਉਹ ਤੁਹਾਡੇ ਨਾਲ ਰੁੱਸਣ ਇਸ ਤੋਂ ਪਹਿਲਾਂ ਹੀ ਆਪਣੀ ਗਲਤੀ ਦਾ ਅਹਿਸਾਸ ਕਰ ਲਉ ਅਤੇ ਮਨਾ ਲਉ। ਕੰਮਕਾਰ ਵਿਚ ਤੁਸੀਂ ਖ਼ੁਦ ਨੂੰ ਖਾਸ ਮਹਿਸੂਸ ਕਰੋਗੇ। ਤੁਸੀਂ ਸਮੇਂ ਦੀ ਕੀਮਤ ਨੂੰ ਸਮਝੋ ਉਨ੍ਹਾਂ ਲੋਕਾਂ ਵਿਚ ਰਹਿਣਾ ਬੇਕਾਰ ਹੈ ਜਿਨਾਂ ਨੂੰ ਸਮਝਣਾ ਮੁਸ਼ਕਿਲ ਹੈ ਅਜਿਹਾ ਕਰਨਾ ਹੋਰ ਮੁਸ਼ਕਿਲਾਂ ਨੂੰ ਜਨਮ ਦੇ ਸਕਦਾ ਹੈ। ਅੱਜ ਤੁਹਾਡਾ ਜੀਵਨ ਸਾਥੀ ਸੰਕਿਟਾਂ ਦੇ ਭਿੰਨਾਂ ਵਿਚ ਤੁਹਾਡੇ ਦੁੱਖਾਂ ਨੂੰ ਚੁੰਮ ਜਾਵੇਗਾ।

**ਮੀਨ:** ਬਜ਼ੁਰਗ ਲੋਕਾਂ ਨੂੰ ਆਪਣੀ ਸਿਹਤ ਦਾ ਖਿਆਲ ਰੱਖਣ ਦੀ ਖਾਸ ਲੋੜ ਹੈ। ਆਰਥਿਕ ਤੰਗੀ ਤੋਂ ਬਚਣ ਦੇ ਲਈ ਆਪਣੇ ਤੈਅ ਕੀਤੇ ਬਜ਼ਟ ਤੋਂ ਦੂਰ ਨਾ ਜਾਵੋ। ਰਿਸ਼ਤੇਦਾਰਾਂ ਨਾਲ ਸਹਿਯੋਗ ਵਧੇਗਾ ਅਤੇ ਦਿਮਾਗੀ ਬੋਝ ਤੋਂ ਛੁਟਕਾਰਾ ਮਿਲੇਗਾ। ਅੱਜ ਤੁਸੀ ਅਜਿਹੇ ਇਨਸਾਨ ਨੂੰ ਮਿਲ ਸਕਦੇ ਹੋ ਜੋ ਤੁਹਾਨੂੰ ਆਪਣੀ ਜ਼ਿੰਦਗੀ ਤੋਂ ਜ਼ਿਆਦਾ ਚਾਹੁੰਦਾ ਹੈ। ਕੰਮ ਕਾਰ ਤੋਂ ਬਾਅਦ ਤੁਹਾਡੇ ਸਹਿਕਰਮੀ ਤੁਹਾਨੂੰ ਕਿਸੇ ਛੋਟੇ ਘਰੇੱਲੂ ਉਤਸਵ ਤੇ ਬੁਲਾ ਸਕਦੇ ਹਨ। ਰਸਮਾਂ, ਹਵਨ, ਪੂਜਾ ਪਾਠ ਆਦਿ ਦਾ ਆਯੋਜਨ ਘਰ ਵਿਚ ਹੋਵੇਗਾ। ਤੁਹਾਡਾ ਜੀਵਨਸਾਥੀ ਤੁਹਾਨੂੰ ਇਨਾਂ ਬੇਹਤਰੀਨ ਪਹਿਲਾਂ ਕਦੀ ਨਜ਼ਰ ਨਹੀਂ ਆਇਆ ਤੁਹਾਨੂੰ ਉਸ ਕੋਲੋਂ ਕੋਈ ਵਧੀਆ ਸਰਪਰਾਈਜ਼ ਮਿਲ ਸਕਦਾ ਹੈ।

# ਵਾਤਾਵਰਣ ਦੀ ਤਬਾਹੀ ਅਤੇ ਜਲਵਾਯੂ ਸੰਕਟ, ਕੀ ਹੜ੍ਹਾਂ ਦੀ ਤਬਾਹੀ ਕੁਦਰਤੀ ਹੈ ???



ਵਾਤਾਵਰਣ ਦੀ ਤਬਾਹੀ ਅਤੇ ਜਲਵਾਯੂ ਸੰਕਟ ਅੱਜ ਵੱਡੇ ਖਤਰਿਆਂ ਵਿਚੋਂ ਇੱਕ ਬਣ ਚੁੱਕੇ ਹਨ। ਆਲਮੀ ਤਪਸ਼ ਜੰਗਲਾਂ ਦੀ ਅੰਨ੍ਹੇਵਾਹ ਕਟਾਈ, ਗੈਰ-ਯੋਜਨਾਬੱਧ ਸ਼ਹਿਰੀਕਰਨ, ਜਲ ਸਰੋਤਾਂ ਦਾ ਪ੍ਰਦੂਸ਼ਣ ਆਦਿ ਨੇ ਧਰਤੀ ਦੇ ਕੁਦਰਤੀ ਸੰਤੁਲਨ ਨੂੰ ਵਿਗਾੜ ਦਿੱਤਾ ਹੈ। ਇਸਦਾ ਸਿੱਧਾ ਅਸਰ ਗਰੀਬ ਅਤੇ ਕਿਰਤੀਆਂ 'ਤੇ ਪੈ ਰਿਹਾ ਹੈ, ਜੋ ਵਧਦੀ ਗਰਮੀ, ਲੂ, ਮੀਂਹ ਕਾਰਨ ਆ ਰਹੇ ਹੜ੍ਹ ਤੇ ਸੋਕਾ, ਗਲੇਸ਼ੀਅਰਾਂ ਦਾ ਪਿਘਲਣਾ ਅਤੇ ਜੰਗਲੀ ਅੱਗ ਵਰਗੀਆਂ ਆਫਤਾਂ ਦਾ ਸਾਹਮਣਾ ਕਰ ਰਹੇ ਹਨ।

**ਤਾਪਮਾਨ ਦਾ ਵਾਧਾ ਅਤੇ ਭਾਰਤ 'ਤੇ ਪ੍ਰਭਾਵ**

ਧਰਤੀ ਦੀ ਸਤ੍ਹਾ ਦਾ ਔਸਤ ਤਾਪਮਾਨ 1880 ਤੋਂ ਲੱਗਭੱਗ 1 ਡਿਗਰੀ ਸੈਲਸੀਅਸ (1.7 ਫਾਰਨਹੀਟ ਵਧ ਗਿਆ ਹੈ। ਸਾਲ 2025 ਹੁਣ ਤੱਕ ਦਾ ਸਭ ਤੋਂ ਗਰਮ ਸਾਲ ਰਿਹਾ ਹੈ ਅਤੇ ਪਿਛਲੇ 10 ਸਾਲ ਸਭ ਤੋਂ ਗਰਮ ਦਹਾਕੇ ਵਜੋਂ ਦਰਜ ਕੀਤੇ ਗਏ ਹਨ। ਭਾਰਤ ਵਿੱਚ, ਮੌਸਮੀ ਘਟਨਾਵਾਂ ਵਿੱਚ ਹੈਰਾਨੀਜਨਕ ਵਾਧਾ ਹੋਇਆ ਹੈ। ਪਿਛਲੇ ਕੁਝ ਸਾਲਾਂ ਵਿੱਚ ਜਨਵਰੀ ਤੋਂ ਸਤੰਬਰ ਤੱਕ ਲੱਗਭੱਗ 90% ਦਿਨ ਗੈਰ-ਮੌਸਮੀ ਘਟਨਾਵਾਂ ਵਾਪਰੀਆਂ ਹਨ।

ਸਾਲ 2024 ਵਿੱਚ, ਇਕੱਲੇ ਭਾਰਤ ਵਿੱਚ 32 ਲੱਖ ਹੈਕਟੇਅਰ ਫਸਲੀ ਜਮੀਨ ਪ੍ਰਭਾਵਿਤ ਹੋਈ ਅਤੇ ਲੱਗਭੱਗ 10,000 ਪਸ਼ੂ ਮਾਰੇ ਗਏ ਹਨ। ਗਲੋਬਲ ਤਾਪਮਾਨ ਵਿੱਚ ਹਰ 1 ਡਿਗਰੀ ਸੈਲਸੀਅਸ ਦੇ ਵਾਧੇ ਨਾਲ ਕਣਕ ਦੀ ਪੈਦਾਵਾਰ 6% ਅਤੇ ਚੌਲਾਂ ਦੀ ਪੈਦਾਵਾਰ 3 %ਘਟ ਸਕਦੀ ਹੈ। ਇਸ ਤਾਪਮਾਨ ਦੇ ਬਦਲਾਅ ਦਾ ਸਭ ਤੋਂ ਵੱਧ ਬੋਝ ਗਰੀਬਾਂ 'ਤੇ ਪੈਂਦਾ ਹੈ। ਭਾਵੇਂ ਗਰਮੀ ਹੋਵੇ, ਸਰਦੀ ਹੋਵੇ ਜਾਂ ਬੇਮੌਸਮੀ ਬਰਸਾਤ, ਲੂ, ਸੀਤ ਲਹਿਰ, ਹੜ੍ਹ ਜਾ ਮੌਕੇ ਵਿੱਚ ਮਰਨ ਵਾਲੇ ਜਿਆਦਾਤਰ ਗਰੀਬ ਹੀ ਹੁੰਦੇ ਹਨ।

ਵਾਤਾਵਰਣ ਤਬਾਹੀ ਦਾ ਅਸਲ ਦੋਸ਼ੀ ਹੈ ਅਜੋਕਾ ਸਰਮਾਏਦਾਰਾ ਪ੍ਰਬੰਧ ,ਆਮ ਤੌਰ 'ਤੇ ਸਰਮਾਏਦਾਰਾ ਸਰਕਾਰਾਂ ਅਤੇ ਗੈਰ ਸਰਕਾਰੀ ਸੰਗਠਨ (ਐਨਜੀਓ) ਆਮ ਲੋਕਾਂ ਨੂੰ ਵਾਤਾਵਰਣ ਤਬਾਹੀ ਲਈ ਦੋਸ਼ੀ ਠਹਿਰਾਉਂਦੇ ਹਨ, ਪਰ ਸੱਚਾਈ ਇਸ ਤੋਂ ਬਹੁਤ ਵੱਖਰੀ ਹੈ। ਵਾਤਾਵਰਣ ਦੀ ਤਬਾਹੀ ਮੁੱਖ ਤੌਰ 'ਤੇ ਮੁਨਾਫੇ ਦੀ ਖਾਤਰ ਅੰਨ੍ਹੇਵਾਹ ਜੀਵਾਸਮ-ਅਧਾਰਿਤ ਈਂਧਣ (ਪੈਟਰੋਲ, ਡੀਜਲ, ਕੋਲਾ ਆਦਿ) ਦੀ ਖਪਤ ਕਾਰਨ ਹੋ ਰਹੀ ਹੈ। 2018 ਵਿੱਚ, ਕੁੱਲ ਕਾਰਬਨ ਡਾਈਆਕਸਾਇਡ ਨਿਕਾਸੀ ਦਾ 89% ਜੀਵਾਸਮ ਈਂਧਣ ਅਤੇ ਉਦਯੋਗ ਤੋਂ ਆਇਆ ਸੀ। ਖਣਿਜ ਲਈ ਖੁਦਾਈ, ਆਵਾਜਾਈ ਦੇ ਸਾਧਨ, ਸਰਮਾਏਦਾਰਾ ਖੇਤੀ, ਜੋ ਜੰਗਲਾਂ ਦੀ ਕਟਾਈ ਦਾ ਇੱਕ ਵੱਡਾ ਕਾਰਨ ਹੈ, ਅਤੇ ਖਾਣ ਉਦਯੋਗ ਵੀ ਜੰਗਲਾਂ ਦੇ ਸਫਾਏ ਅਤੇ ਵਾਤਾਵਰਣ ਪ੍ਰਦੂਸ਼ਣ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ। 2024 ਵਿੱਚ, ਗਰਮ ਖੰਡੀ ਜੰਗਲਾਂ ਦੀ ਰਿਕਾਰਡ 67 ਲੱਖ ਹੈਕਟੇਅਰ ਮੀਂਹ ਵਾਲੇ ਮੁੱਖ ਜੰਗਲ ਨੁਕਸਾਨੇ ਗਏ ਜੋ ਕਿਸੇ ਵੱਡੇ ਦੇਸ਼ ਜਿੰਨਾ ਖੇਤਰਫਲ ਹੈ।

ਕਾਰਪੋਰੇਟ ਬਨਾਮ ਵਿਅਕਤੀਗਤ ਨਿਕਾਸੀ 2022 ਵਿੱਚ, ਸਰਮਾਏਦਾਰਾ ਕੰਪਨੀਆਂ ਗੀਗਾਟਨ ਤੋਂ ਵੱਧ ਕਾਰਬਨ ਡਾਈਆਕਸਾਈਡ ਅਤੇ ਆਮ ਲੋਕਾਂ ਨੇ ਮਿਲਕੇ ਸੰਸਾਰ ਪੱਧਰ ਤੇ 36. 8 ਛੱਡੀ। ਪਰ ਇਸ ਨੂੰ ਖੋਲ੍ਹਕੇ ਸਮਝੀਏ ਤਾਂ ਇੱਕ ਹੋਰ ਤਸਵੀਰ ਸਾਹਮਣੇ ਆਉਂਦੀ ਹੈ।2022 ਵਿੱਚ 125 ਅਰਬਪਤੀਆਂ ਨੇ ਆਪਣੇ ਉਦਯੋਗਾਂ ਵਿੱਚ ਔਸਤ 30 ਲੱਖ ਟਨ ਕਾਰਬਨ ਡਾਈਆਕਸਾਈਡ ਦਾ ਨਿਕਾਸ ਕੀਤਾ, ਜਦੋਂ ਕਿ ਦੁਨੀਆ ਦੀ ਸਭ ਤੋਂ ਗਰੀਬ 90 ਪ੍ਰਤੀਸ਼ਤ ਅਬਾਦੀ ਇਸ ਸਾਲ ਔਸਤ ਸਿਰਫ 3 ਟਨ ਕਾਰਬਨ ਡਾਈਆਕਸਾਈਡ ਨਿਕਾਸੀ ਲਈ ਜਿੰਮੇਵਾਰ ਸੀ । ਇਸਦੇ ਬਾਵਜੂਦ ਸੰਸਾਰ ਵਿੱਚ ਤੇ ਭਾਰਤ ਵਿੱਚ ਲਗਾਤਾਰ ਜੰਗਲਾਂ ਦੀ ਕਟਾਈ ਜਾਰੀ ਹੈ। ਭਾਰਤ ਦੇ ਪੱਛਮੀ ਘਾਟਾ ਵਿੱਚ ਮੈਂਗਰੋਵ ਦਰਖਤਾਂ ਦੀ ਕਟਾਈ ਅਤੇ ਅਰਾਵਲੀ ਪਹਾੜੀਆਂ ਵਿੱਚ ਗੈਰ-ਕਨੂੰਨੀ ਮਾਈਨਿੰਗ ( ਜਿਸ ਕਾਰਨ 25% ਪਹਾੜੀਆਂ ਗਾਇਬ ਹੋਈਆਂ। ਇਸ ਦੀਆਂ ਉਦਾਹਰਣਾਂ ਹਨ। ਉੱਤਰਾਖੰਡ ਵਿੱਚ ਨਿੱਜੀ ਜਲ-ਬਿਜਲੀ ਪ੍ਰੋਜੈਕਟਾਂ ਨੇ 2013 ਦੀ ਕਦਾਰਨਾਥ ਤ੍ਰਾਸਦੀ ਵਰਗੀਆ ਆਫਤਾਂ ਨੂੰ ਵਧਾਇਆ, ਜਿੱਥੇ 5,000 ਤੋਂ ਵੱਧ ਮੌਤਾਂ ਹੋਈਆਂ। ਬਰਸਾਤਾਂ ਦੇ ਮੌਸਮ ਵਿੱਚ ਲੱਗਭੱਗ ਹਰ ਸਾਲ ਹਿਮਾਚਲ ਵਰਗੇ ਸੂਬਿਆ ਵਿੱਚ ਹੋਣ ਵਾਲੀ ਤਬਾਹੀ ਦਾ ਮੁੱਖ ਕਾਰਨ ਓਥੇ ਕੁਦਰਤ ਦੀ ਮੁਕੰਮਲ ਅਣਦੇਖੀ ਕਰਕੇ ਬਣਾਏ ਗਏ ਡੈਮ ਤੇ ਸ਼ਾਹਰਾਹ ਸੜਕਾਂ ਹਨ, ਜਿਹੜੀਆਂ ਆਮ ਲੋਕਾਂ ਨਾਲ ਅਮੀਰਾਂ ਦੇ ਹਿੱਤ ਵੱਧ ਪੂਰਦੀਆਂ ਹਨ। ਕਾਰਖਾਨਿਆਂ ਦੁਆਰਾ ਪ੍ਰਦੂਸ਼ਣ ਕੰਟਰੋਲ ਯੰਤਰਾਂ ਦੀ ਅਣਦੇਖੀ ਕਾਰਨ ਅੱਜ 351 ਨਦੀਆਂ ਪ੍ਰਦੂਸਿਤ ਹਨ। ਕੋਲੇ ਦੀ ਲਗਾਤਾਰ ਵਧਦੀ ਮੰਗ ਨੇ 13 ਲੱਖ ਹੈਕਟੇਅਰ ਤੋਂ ਵੱਧ ਜੰਗਲੀ ਜਮੀਨ ਕੋਲਾ ਖਾਣਾ ਲਈ ਵਰਤੀ। ਇਹ ਮੁਨਾਫੇ ਦੀ ਭੁੱਖ ਵਾਤਾਵਰਣ ਨੂੰ ਤਬਾਹ ਕਰ ਰਹੀ ਹੈ।ਸਰਮਾਏਦਾਰਾ ਢਾਂਚਾ ਕੁਦਰਤੀ ਸਾਧਨਾਂ ਨੂੰ ਉਨ੍ਹਾਂ ਦੀ ਭਰਪਾਈ ਦੀ ਦਰ ਨਾਲ ਬਹੁਤ ਭੇਜੀ ਨਾਲ ਖਪਤ ਕਰ ਰਿਹਾ ਹੈ। 2050 ਤੱਕ ਜਲਵਾਯੂ ਤਬਦੀਲੀ ਕਾਰਨ 1.45 ਕਰੋੜ ਵਾਧੂ ਮੌਤਾਂ ਅਤੇ 1.25 ਲੱਖ ਕਰੋੜ ਅਮਰੀਕੀ ਡਾਲਰ ਦੇ ਆਰਥਿਕ ਨੁਕਸਾਨ ਹੋਣ ਦੀ ਸੰਭਾਵਨਾ ਹੈ, ਜੋ ਜਿਆਦਾਤਰ ਕਿਰਤੀ ਅਬਾਦੀ ਨੂੰ ਪ੍ਰਭਾਵਿਤ ਕਰੇਗਾ।

ਕੁਝ ਲੋਕ ਵਾਤਾਵਰਣ ਬਚਾਉਣ ਦੇ ਨਾਂ ਉੱਤੇ ਆਮ ਲੋਕਾਂ ਨੂੰ ਹੀ ਦੋਸ਼ ਦਿੰਦੇ ਰਹਿੰਦੇ ਹਨ। ਪਰ ਉਹ ਸਰਮਾਏਦਾਰਾ ਪ੍ਰਬੰਧ ਜਾਂ ਅਡਾਨੀ, ਅੰਬਾਨੀ ਵਰਗੇ ਸਰਮਾਏਦਾਰਾਂ ਵੱਲੋਂ ਹਸਦਿਓ, ਬਕਸਵਾਹਾ ਅਤੇ ਆਰੇ ਜੰਗਲੀ ਖੇਤਰਾਂ ਵਿੱਚ ਕੀਤੀ ਜਾ ਰਹੀ ਜੰਗਲ ਦੀ ਵੱਡੇ ਪੱਧਰ ਉੱਤੇ ਕਟਾਈ ਬਾਰੇ ਬਿਲਕੁਲ ਚੁੱਪ ਰਹਿੰਦੇ ਹਨ। ਉਹ ਪੰਜਾਬ ਦੇ ਸਨਅਤਕਾਰਾਂ ਵਲੋਂ ਬੁਢੇ ਨਾਲੇ,ਸਤਲੁਜ ਤੇ ਹੋਰ ਦਰਿਆਵਾਂ ਵਿੱਚ ਸੁਟੇ ਜਾ ਰਹੇ ਜਹਿਰੀਲੇ,, ਰਸਾਇਣਿਕ ਪ੍ਰਦੂਸ਼ਣ ਉੱਤੇ ਕੁਝ ਨਹੀਂ ਬੋਲਦੇ। ਇਹ ਸਿਰਫ ਸਰਮਾਏਦਾਰਾਂ ਦੇ ਜੁਰਮਾਂ ਨੂੰ ਲੁਕਾਉਣ ਦੀ ਇੱਕ ਚਾਲ ਹੈ।

ਕਈ ਵੱਡੇ ਸਰਮਾਏਦਾਰ ਤਾਂ ਖੁਦ ਆਪਣੇ ਐਨਜੀਓ ਬਣਾਕੇ ਵਾਤਾਵਰਣ ਬਚਾਉਣ ਦੇ "ਸੁਨੇਹੇ ਦਿੰਦੇ ਹਨ, ਪਰ ਸੱਚਾਈ ਇਹ ਹੈ ਕਿ ਉਨ੍ਹਾਂ ਨੇ ਹੀ ਵੱਡੇ-ਵੱਡੇ ਜੰਗਲਾਂ ਨੂੰ ਕਟ ਕੇ ਉਜਾੜਾ ਕਰ ਦਿੱਤਾ, ਦਰਿਆਵਾਂ ਨੂੰ ਬਰਬਾਦ ਕਰ ਦਿੱਤਾ, ਪਹਾੜਾ ਨੂੰ ਖੋਖਲਾ ਕਰ ਦਿੱਤਾ ਹੈ। ਇਹ ਐਨਜੀਓ ਰੁੱਖ ਲਾਉਣ ਦਾ ਨਾਅਰਾ ਦਿੰਦੇ ਹਨ, ਪਰ ਇਸ ਸਰਮਾਏਦਾਰਾ ਘਾਣ 'ਤੇ ਚੁੱਪ ਰਹਿੰਦੇ ਹਨ ਅਤੇ ਅਕਸਰ ਕੁਦਰਤ ਤਬਾਹ ਕਰਨ ਵਾਲੇ ਸਰਮਾਏਦਾਰਾ ਤੋਂ ਚੰਦਾ ਲੈ ਕੇ ਕੰਮ ਕਰਦੇ ਹਨ। ਹਰ ਸਾਲ ਸਰਮਾਏਦਾਰਾ ਸਰਕਾਰਾਂ ਅਤੇ ਐਨਜੀਓ ਕੋਮਾਂਤਰੀ ਸਭਾਵਾਂ ਵਿੱਚ ਵਾਤਾਵਰਨ ਬਚਾਉਣ ਦਾ ਸਿਰਫ ਦਿਖਾਵਾ ਕਰਦੇ ਹਨ ਅਤੇ ਵਾਤਾਵਰਣ ਸੰਕਟ ਦੇ ਖਿਲਾਫ ਲੜਨ ਦਾ ਢੰਗ ਰਚਦੇ ਹਨ।

ਵਾਤਾਵਰਣ ਤਬਾਹੀ ਅਤੇ ਪੌਣਪਾਣੀ ਸੰਕਟ ਵਰਗੇ ਵਰਤਾਰੇ ਕੋਈ ਕੁਦਰਤੀ ਆਫਤ ਨਹੀਂ ਸਗੋਂ ਮੁਨਾਫੇ ਨੂੰ ਕੇਂਦਰ ਵਿੱਚ ਰੱਖਣ ਵਾਲੇ ਸਰਮਾਏਦਾਰਾ ਪ੍ਰਬੰਧ ਦੁਆਰਾ ਪੈਦਾ ਕੀਤੀਆਂ ਗਈਆਂ ਸਮੱਸਿਆਵਾਂ ਹਨ। ਇਨ੍ਹਾਂ ਸਮੱਸਿਆਵਾਂ ਦਾ ਹੱਲ ਇਸ ਸਰਮਾਏਦਾਰਾ ਪ੍ਰਬੰਧ ਦੀਆਂ ਹੱਦਾਂ ਦੇ ਅੰਦਰ ਨਹੀਂ ਹੈ। ਸਮਾਜਵਾਦ ਹੀ ਇਸਦਾ ਇੱਕੋ ਇੱਕ ਹੱਲ ਹੈ, ਜੋ ਕੁਦਰਤ ਨੂੰ ਮੁਨਾਫੇ ਲਈ ਬਰਬਾਦ ਕਰਨ ਦੀ ਥਾਂ ਕੁਦਰਤ ਪੱਖੀ ਯੋਜਨਾਬੱਧ ਵਿਕਾਸ ਦਾ ਮਾਡਲ ਹੈ। ਸਰਮਾਏਦਾਰ ਨਿੱਜੀ ਮੁਨਾਫੇ ਲਈ ਕੁਦਰਤ ਨੂੰ ਖਰਾਬ ਕਰਦੇ ਹਨ ਅਤੇ ਉਸਦੀ ਕੀਮਤ ਆਮ ਜਨਤਾ ਨੂੰ ਦੇਣੀ ਪੈਂਦੀ ਹੈ। ਇਸ ਮੁਨਾਫੇ ਦੇ ਢਾਂਚੇ ਥਾਂ ਸਮਾਜਵਾਦ ਵਿੱਚ ਹੀ ਕੁਦਰਤ ਨੂੰ ਬਚਾਇਆ ਜਾ ਸਕਦਾ ਹੈ।

ਹੜ੍ਹਾਂ ਦੀ ਤਬਾਹੀ ਲਈ ਕੁਦਰਤ ਨਹੀਂ, ਸਰਮਾਏਦਾਰਾ ਢਾਂਚਾ ਜ਼ੁੰਮੇਵਾਰ, ਮਈ ਦੇ ਆਖਰੀ ਅਤੇ ਜੂਨ ਦੇ ਸ਼ੁਰੂਆਤੀ ਦਿਨਾਂ ਵਿੱਚ ਭਾਰੀ ਮੀਂਹ ਪੈਣ ਕਾਰਨ ਅਸਾਮ 'ਚ ਹੜ੍ਹ ਅਤੇ ਜਮੀਨ ਖਿਸਕਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਤੇ 9 ਜੂਨ ਤੱਕ 26 ਲੋਕਾਂ ਦੀ ਮੌਤ ਹੋ ਗਈ।

2020 ਦੌਰਾਨ 1527 ਲੋਕਾਂ ਨੇ ਆਪਣੀ ਜਾਨ ਗਵਾਈ। ਇਸ ਤੋਂ ਬਿਨਾਂ ਕਿੰਨੀਆ ਹੀ ਮੌਤਾਂ ਅਜਿਹੀਆਂ ਹੁੰਦੀਆਂ ਹਨ, ਜਿਹੜੀਆਂ ਸਰਕਾਰ ਦੀ ਨਜਰ 'ਚ ਨਹੀਂ ਆਉਂਦੀਆਂ। ਐਤਕੀ ਹੜਾ ਨੇ ਹਿਮਾਚਲ ਦੀ ਪਹਾੜੀਆ ਨੂੰ ਵੀ ਤਹਿਸ ਨਹਿਸ ਕਰ ਦਿੱਤਾ ਹੈ ਪੂਰੇ ਦੇ ਪੂਰੇ ਪਿੰਡ ਬੱਦਲ ਫਟਣ ਨਾਲ ਖਤਮ ਹੋ ਗਏ ਹਨ ,ਇਹ ਸਭ ਜੰਗਲ ਕੱਟਣ ਤੇ ਪਹਾੜ ਕੱਟ ਕੇ ਸੜਕਾਂ ਦੇ ਨਿਰਮਾਣ ਕਰਕੇ ਹੋਇਆ,ਪੰਜਾਬ ਤਾਂ ਦੋ ਤਿੰਨ ਸਾਲ ਬਾਅਦ ਹੜਾ ਦੀ ਭੇਂਟ ਚੜ੍ਹਦਾ ਹੀ ਹੈ, ਹੜ੍ਹ ਨਾਲ ਸਭ ਤੋਂ ਵੱਧ ਨੁਕਸਾਨ ਹਿਮਾਚਲ ਤੇ ਪੰਜਾਬ ਦਾ ਹੋਇਆ ਹੈ,ਪੂਰੀ ਆਂ ਫਸਲਾਂ ਤਬਾਹ ਹੋ ਗਈਆ ਪਸ਼ੂ ਵੀ ਮਰ ਗਏ,ਰੋਟੀ ਰੋਜੀ ਸਿਰ ਦੀ ਛੱਤ ਸਭ ਬਰਬਾਦ ਹੋ ਗਿਆ,ਕੀ ਸਰਕਾਰ ਪੂਰਾ ਮੁਆਵਜ਼ਾ ਦੇਵੇਗੀ??

ਹਰ ਮੌਨਸੂਨ ਵਿੱਚ ਅਸਾਮ ਹੜ੍ਹ ਦਾ ਸ਼ਿਕਾਰ ਬਣਦਾ ਹੈ। ਇਕਨੋਮਿਕਸ ਟਾਈਮਜ਼ ਦੀ ਇੱਕ ਰਿਪੋਰਟ ਮੁਤਾਬਿਕ 2024 ਵਿੱਚ ਅਸਾਮ 'ਚ ਹੜ੍ਹਾਂ ਕਾਰਨ 117 ਲੋਕਾਂ ਨੇ ਆਪਣੀ ਜਾਨ ਗਵਾਈ। 2019 ਤੋਂ ਲੈ ਕੇ 2025 ਜੁਲਾਈ ਤੱਕ ਅਸਾਮ 'ਚ ਹੜ੍ਹਾਂ ਕਾਰਨ 880 ਲੋਕਾਂ ਦੀ ਮੌਤ ਹੋਈ। ਇੱਕ ਸਰਕਾਰੀ ਰਿਪੋਰਟ ਮੁਤਾਬਿਕ 1947 ਤੋਂ ਬਾਅਦ ਅਸਾਮ ਨੂੰ 1954, 1962, 1972, 1977, 1984, 1988, 1998, 2002, 2004 ਅਤੇ 2012 ਵਿੱਚ ਵੱਡੇ ਹੜ੍ਹਾਂ ਦਾ ਸਾਹਮਣਾ ਕਰਨਾ ਪਿਆ। ਇਸੇ ਰਿਪੋਰਟ ਮੁਤਾਬਿਕ ਅਸਾਮ ਵਿੱਚ ਹੜ੍ਹ ਕਾਰਨ ਔਸਤ ਸਲਾਨਾ ਨੁਕਸਾਨ 200 ਕਰੋੜ ਰੁਪਏ ਹੈ। ਜਦਕਿ ਸਭ ਤੋਂ ਵੱਧ ਨੁਕਸਾਨ 1998 ਵਿੱਚ 500 ਕਰੋੜ ਰੁਪਏ ਅਤੇ 2004 ਦੌਰਾਨ ਲੱਗਭੱਗ 771 ਕਰੋੜ ਰੁਪਏ ਰਿਹਾ। ਸਾਲ 2004 ਵਿੱਚ ਆਏ ਹੜ੍ਹਾਂ ਨੇ 497 ਲੋਕਾਂ ਦੀ ਜਾਨ ਲਈ ਅਤੇ ਇਸ ਤੋਂ ਬਿਨ੍ਹਾਂ ਲੱਖਾਂ ਹੀ ਲੋਕ ਸਿੱਧੇ ਪ੍ਰਭਾਵਿਤ ਹੋਏ। ਸਰਕਾਰੀ ਅੰਕੜਿਆਂ ਮੁਤਾਬਿਕ ਹੀ 2000 ਤੋਂ ਅਸਾਮ ਵਿੱਚ ਹੜ੍ਹ ਆਉਣ ਦਾ ਮੁੱਖ ਕਾਰਨ ਹਿਮਾਲਿਆ ਤੋਂ ਸ਼ੁਰੂ ਹੋਣ ਵਾਲੇ ਬ੍ਰਹਮਪੁੱਤਰ ਦਰਿਆ ਨੂੰ ਦੱਸਿਆ ਜਾਂਦਾ ਹੈ, ਜਿਹੜਾ ਪੂਰੇ ਅਸਾਮ 'ਚੋਂ ਹੋ ਕੇ ਲੰਘਦਾ ਹੈ। ਇਸਦੇ ਨਾਲ ਹੀ ਬਰਾਕ ਨਹਿਰ ਅਤੇ ਹੋਰ ਛੋਟੀਆਂ ਨਹਿਰਾਂ ਨੂੰ ਵੀ ਹੜ੍ਹਾਂ ਦਾ ਕਾਰਨ ਦੱਸਿਆ ਜਾਂਦਾ ਹੈ । ਸਰਕਾਰ ਦਾ ਕਹਿਣਾ ਹੈ ਕਿ ਬ੍ਰਹਮਪੁੱਤਰ ਦਰਿਆ ਬਹੁਤ ਜਿਆਦਾ ਅਸੰਤੁਲਨ ਨਾਲ ਵਹਿੰਦਾ ਹੈ ਭਾਵ ਕਿ ਇਹ ਬਹੁਤ ਜਿਆਦਾ ਵਲ ਖਾ ਕੇ ਵਹਿੰਦਾ ਹੈ, ਜਿਸ ਕਾਰਨ ਮੌਨਸੂਨ ਵਿੱਚ ਇਸ 'ਤੇ ਕਾਬੂ ਪਾਉਣਾ ਮੁਸ਼ਕਿਲ ਹੋ ਜਾਂਦਾ ਹੈ ।

ਪਰ ਅਸਲ ਵਿੱਚ ਹੜ੍ਹ ਆਉਣ ਦਾ ਮੁੱਖ ਕਾਰਨ ਇੱਥੋਂ ਦੇ ਜੰਗਲਾਂ ਦੀ ਟਾਈ, ਬਿਨਾਂ ਕਿਸੇ ਯੋਜਨਾ ਦੇ ਉਸਾਰੀ ਕਰਨਾ, ਨਹਿਰਾਂ ਦੇ ਕੁਦਰਤੀ ਵਹਿਣ ਨੂੰ ਪ੍ਰਭਾਵਿਤ ਕਰਨਾ, ਨਹਿਰਾਂ ਦੇ ਕੰਢਿਆਂ ਨੂੰ ਭੀੜਾ ਕਰਨਾ ਅਤੇ ਸਮੇਂ 'ਤੇ ਮੁਰੰਮਤ ਨਾ ਕਰਨਾ ਹੈ। ਇੱਕ ਰਿਪੋਰਟ 'ਚ ਸਾਹਮਣੇ ਆਇਆ ਹੈ ਕਿ ਹਰ ਸਾਲ ਬਹੁਤ ਸਾਰੀਆਂ ਨਹਿਰਾਂ ਦੇ ਕੰਢੇ ਜਿਆਦਾ ਮੀਂਹ ਪੈਣ ਕਾਰਨ ਟੁੱਟ ਜਾਂਦੇ ਹਨ। ਇੱਥੇ ਇਹ ਸਵਾਲ ਬਣਦਾ ਹੈ ਕਿ ਜੇ ਹਰ ਸਾਲ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਆਉਂਦੀਆਂ ਹਨ ਤਾਂ ਸਰਕਾਰ ਇਸ ਦਾ ਕੋਈ ਪੱਕਾ ਹੱਲ ਕਿਉਂ ਨਹੀਂ ਕਰਦੀ। ਇਹ ਇਸ ਕਰਕੇ ਹੈ ਕਿਉਂਕਿ ਜੇ ਸਰਕਾਰ ਨੇ ਇੱਕ ਵਾਰੀ ਇਸ ਸਮੱਸਿਆ ਦਾ ਪੱਕਾ ਹੱਲ ਕਰ ਦਿੱਤਾ ਤਾਂ ਹਰ ਸਾਲ ਇਹਨਾਂ ਨਹਿਰਾਂ ਦੀ ਮੁਰੰਮਤ 'ਤੇ ਜਿਹੜੇ ਸਰਮਾਏਦਾਰ ਪੈਸਾ ਕਮਾਉਂਦੇ ਹਨ ਉਹ ਬੰਦ ਹੋ ਜਾਵੇਗਾ। ਕਹਿਣ ਦਾ ਭਾਵ ਕੁਦਰਤ ਦੀ ਹੋ ਰਹੀ ਤਬਾਹੀ, ਵਿਕਾਸ ਦੇ ਨਾਂ ਉੱਤੇ ਪਹਾੜਾਂ, ਜੰਗਲਾਂ ਦੀ ਤਬਾਹੀ ਅਸਲ ਵਿੱਚ ਮੁੱਖ ਕਾਰਨ ਹੈ ਜਿਸ ਕਰਕੇ ਹੜ੍ਹ ਐਨੀ ਤਬਾਹੀ ਮਚਾਉਂਦੇ ਹਨ। ਤੇ ਇਸਦਾ ਸਿੱਧਾ ਸਿੱਧਾ ਜ਼ੁੰਮੇਵਾਰ ਅਜੋਕਾ ਸਰਮਾਏਦਾਰਾ ਮਾਡਲ ਹੈ ਜਿਸਦੇ ਤਹਿਤ ਇਹ ਸਭ ਕੀਤਾ ਜਾ ਰਿਹਾ ਹੈ।

'ਦੀ ਵਾਇਰ' ਨੇ ਆਪਣੀ ਰਿਪੋਰਟ 'ਚ ਦੱਸਿਆ ਹੈ ਕਿ ਕੁਝ ਸਮਾਂ ਪਹਿਲਾਂ ਲਖੀਮਪੁਰ ਜਿਲ੍ਹੇ ਵਿੱਚ ਆਏ ਹੜ੍ਹ ਦਾ ਕਾਰਨ 'ਉੱਤਰ ਪੂਰਬੀ ਇਲੈਕਟ੍ਰਿਕ ਪਾਵਰ ਕਾਰਪੋਰੇਸ਼ਨ' ਦੇ 'ਰੰਗਨਦੀ ਹਾਈਡਰੋ ਇਲੈਕਟ੍ਰਿਕ ਪ੍ਰੋਜੈਕਟ ਦੁਆਰਾ ਬਿਨਾਂ ਯੋਜਨਾਬੱਧ ਢੰਗ ਨਾਲ ਪਾਣੀ ਛੱਡਣਾ ਹੈ, ਜਿਸ ਨੇ 230 ਤੋਂ ਵੱਧ ਪਿੰਡਾਂ ਨੂੰ ਹੜ੍ਹ ਵਿੱਚ ਡੁਬੋ ਦਿੱਤਾ। ਇਸ ਤਰ੍ਹਾਂ ਦੇ ਹੋਰ ਵੀ ਮਾਮਲੇ ਹਨ ਜਿਹੜੇ ਸਾਹਮਣੇ ਨਹੀਂ ਆਉਂਦੇ। 'ਦੀ ਵਾਇਰ' ਨੇ ਕਿਹਾ ਹੈ ਕਿ ਜਿਆਦਾਤਰ ਹੜ੍ਹ ਇੱਕ ਤਰ੍ਹਾਂ ਦੀ ਯੋਜਨਾਬੱਧ ਆਫਤ ਹੀ ਹੁੰਦੀ ਹੈ। ਅਰੁਣਾਚਲ ਪ੍ਰਦੇਸ਼ ਅਤੇ ਮੇਘਾਲਿਆ ਵਰਗ ਉੱਚੇ ਖੇਤਰਾਂ ਵਿੱਚ ਬਿਜਲੀ ਪਲਾਟਾਂ 'ਚੋਂ ਨਿਕਲਣ ਵਾਲੇ ਪਾਣੀ 'ਤੇ ਕੋਈ ਧਿਆਨ ਨਹੀਂ ਦਿੱਤਾ ਜਾਂਦਾ, ਜਿਹੜਾ ਹੇਠਾਂ ਆ ਕੇ ਹੜ੍ਹ ਦਾ ਕਾਰਨ ਬਣਦਾ ਹੈ । 2016 ਤੋਂ ਅਸ਼ਾਮ 'ਚ ਭਾਜਪਾ ਦੀ ਸਰਕਾਰ ਹੈ ਅਤੇ ਉਸ ਤੋਂ ਪਹਿਲਾਂ ਦੇ 15 ਸਾਲ ਕਾਂਗਰਸ ਅਸਾਮ 'ਚ ਰਾਜ ਕਰਕੇ ਗਈ ਹੈ, ਪਰ ਕਿਸੇ ਵੀ ਸਰਕਾਰ ਨੇ ਇਸ ਸਮੱਸਿਆ ਦਾ ਕੋਈ ਪੱਕਾ ਹੱਲ ਨਹੀਂ ਕੀਤਾ। ਇਸ ਤੋਂ ਅਸੀਂ ਇਹ ਅੰਦਾਜਾ ਲਗਾ ਸਕਦੇ ਹਾਂ ਕਿ ਕਿਸੇ ਵੀ ਸਰਮਾਏਦਾਰਾ ਸਰਕਾਰ ਦਾ ਹਿੱਤ ਲੋਕਾਂ ਲਈ ਕੰਮ ਕਰਨਾ ਜਾਂ ਵਾਤਾਵਰਨ ਨੂੰ ਬਚਾਉਣਾ ਨਹੀਂ ਹੁੰਦਾ। ਸਰਕਾਰ ਦੁਆਰਾ ਇਹ ਗੱਲਾਂ ਸਿਰਫ ਲੋਕਾਂ ਨੂੰ ਭਰਮਾਉਣ ਲਈ ਕੀਤੀਆਂ ਜਾਂਦੀਆਂ ਹਨ। ਅਸਲ ਵਿੱਚ ਸਰਕਾਰ ਨੇ ਆਪਣੇ ਸਰਮਾਏਦਾਰਾਂ ਦੇ ਮੁਨਾਫੇ ਵਧਾਉਣ ਲਈ ਕੰਮ ਕਰਨਾ ਹੁੰਦਾ ਹੈ। ਇਹ ਸਰਮਾਏਦਾਰ ਵੋਟਾਂ ਸਮੇਂ ਇਹਨਾਂ ਰਾਜਨੀਤਿਕ ਲੀਡਰਾਂ ਦੇ ਖਜਾਨੇ ਭਰਦੇ ਹਨ । ਇਸ ਲਈ ਅੱਜ ਜਰੂਰਤ ਹੈ ਇਸ ਸਰਮਾਏਦਾਰਾਂ ਪ੍ਰਬੰਧ ਨੂੰ ਬਦਲਣ ਦੀ ਅਤੇ ਇਸ ਦੀ ਥਾਂ ਸਮਾਜਵਾਦ ਦੀ ਉਸਾਰੀ ਕਰਨ ਦੀ।



ਡਾ.ਦਵਿੰਦਰ ਕੌਰ ਖੁਸ਼ ਧਾਲੀਵਾਲ, ਖੋਜਕਾਰ,
ਧੂਰਕੋਟ ਮੋਗਾ,
8847227740

# ਪਾਕਿਸਤਾਨੀ ਜਨਰਲ ਮੁਨੀਰ ਦੇ ਵਾਹਯਾਤ ਬਿਆਨ



ਪਾਕਿਸਤਾਨੀ ਫੌਜ ਦੇ ਜਨਰਲ ਮੁਨੀਰ ਦਾ ਲੱਗਦਾ ਹੈ ਕਿ ਦਿਮਾਗ ਖਰਾਬ ਹੋ ਗਿਆ ਹੈ। ਉਪਰੇਸ਼ਨ ਸਿੰਧੂਰ ਤੋਂ ਬਾਅਦ ਮਿਲੀ ਫੀਲਡ ਮਾਰਸ਼ਲ ਦੀ ਤਰੱਕੀ ਉਸ ਦੇ ਸਿਰ ਨੂੰ ਚੜ੍ਹ ਗਈ ਹੈ। ਪਹਿਲਗਾਮ ਅੱਤਵਾਦੀ ਹਮਲੇ ਤੋਂ ਪਹਿਲਾਂ ਉਸ ਨੇ ਇਸਲਾਮਾਬਾਦ ਵਿੱਚ ਬੋਲਦੇ ਹੋਏ ਹਿੰਦੂ ਧਰਮ ਬਾਰੇ ਕੁਝ ਗਲਤ ਗੱਲਾਂ ਕਹੀਆਂ ਸਨ। ਹੁਣ ਕੁਝ ਦਿਨ ਪਹਿਲਾਂ ਆਪਣੇ ਅਮਰੀਕਾ ਦੌਰੇ ਸਮੇਂ ਉਸ ਨੇ ਬਿਆਨ ਦਿੱਤਾ ਹੈ ਜੇ ਭਵਿੱਖ ਵਿੱਚ ਹੋਏ ਕਿਸੇ ਯੁੱਧ ਵਿੱਚ ਪਾਕਿਸਤਾਨ ਹਾਰ ਗਿਆ ਤਾਂ ਉਹ ਆਪਣੇ ਨਾਲ ਅੱਧੀ ਦੁਨੀਆਂ ਨੂੰ ਲੈ ਬੈਠੇਗਾ। ਮਤਲਬ ਕਿ ਉਹ ਆਪਣੇ ਸਾਰੇ ਐਟਮੀ ਹਥਿਆਰ ਚਲਾ ਦੇਵੇਗਾ। ਉਸ ਦੀ ਗੱਲ ਦਾ ਮੰਤਵ ਭਾਵੇਂ ਭਾਰਤ ਨੂੰ ਧਮਕੀ ਦੇਣਾ ਹੈ ਤੇ ਪਰ ਅੱਧੇ ਸੰਸਾਰ ਵਿੱਚ ਚੀਨ, ਰੂਸ ਅਤੇ ਅਮਰੀਕਾ ਵੀ ਲਪੇਟਿਆ ਜਾਵੇਗਾ। ਵੈਸੇ ਸਭ ਨੂੰ ਪਤਾ ਹੈ ਕਿ ਪਾਕਿਸਤਾਨ ਕੋਲ ਐਨੀ ਦੂਰ ਮਾਰ ਕਰਨ ਵਾਲੀਆਂ ਇੰਟਰਕਾਂਟੀਨੈਂਟਲ ਮਿਜ਼ਾਈਲਾਂ ਨਹੀਂ ਹਨ। ਉਸ ਦੇ ਇਸ ਬਿਆਨ ਨੇ ਸਗੋਂ ਭਾਰਤ ਨੂੰ ਅਲਰਟ ਕਰ ਦਿੱਤਾ ਹੈ ਕਿ ਭਵਿੱਖ ਵਿੱਚ ਹੋਣ ਵਾਲੇ ਯੁੱਧ ਸਮੇਂ ਸਭ ਤੋਂ ਪਹਿਲਾਂ ਪਾਕਿਸਤਾਨ ਦੇ ਜੰਗੀ ਹਵਾਈ ਅੱਡੇ ਅਤੇ ਮਿਜ਼ਾਈਲ ਬੈਟਰੀਆਂ ਤਬਾਹ ਕੀਤੀਆਂ ਜਾਣ। ਮੁਨੀਰ ਦੇ ਇਸ ਬੜਬੋਲੇਪਣ ਦਾ ਕਾਰਨ ਪਾਕਿਸਤਾਨ ਦੇ ਮਿਲਟਰੀ ਇਤਿਹਾਸ ਵਿੱਚ ਲੱਭਦਾ ਹੈ।

ਮੁਨੀਰ ਤੋਂ ਪਹਿਲਾਂ ਵਾਲੇ ਮਿਲਟਰੀ ਡਿਕਟੇਟਰਾਂ ਦੇ ਚਾਲ ਚਰਿੱਤਰ ਨੂੰ ਘੋਖਿਆ ਜਾਵੇ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਨਾ ਤਾਂ ਉਨ੍ਹਾਂ ਨੂੰ ਯੁੱਧ ਨੀਤੀ, ਕੂਟਨੀਤੀ ਤੇ ਰਾਜਨੀਤੀ ਦੀ ਸਮਝ ਸੀ ਤੇ ਨਾ ਹੀ ਦੇਸ਼ ਨਾਲ ਕੋਈ ਪਿਆਰ ਸੀ। ਪਾਕਿਸਤਾਨ ਵਿੱਚ ਹੁਣ ਤੱਕ ਚਾਰ ਫੌਜੀ ਤਾਨਾਸ਼ਾਹ ਬਣੇ ਹਨ ਤੇ ਚਾਰਾਂ ਨੇ ਹੀ ਪਾਕਿਸਤਾਨ ਨੂੰ ਬਰਬਾਦ ਕਰਨ ਵਿੱਚ ਕੋਈ ਕਸਰ ਨਹੀਂ ਸੀ ਛੱਡੀ। ਪਹਿਲਾ ਜਨਰਲ ਅਯੂਬ ਖਾਨ ਸੀ ਜਿਸ ਨੇ 1958 ਤੋਂ 1969 ਤੱਕ ਰਾਜ ਕੀਤਾ। ਉਸ ਨੇ 5 ਅਗਸਤ 1965 ਵਾਲੇ ਦਿਨ ਬਿਨਾਂ ਕਿਸੇ ਭੜਕਾਹਟ ਦੇ ਭਾਰਤ 'ਤੇ ਹਮਲਾ ਕਰ ਦਿੱਤਾ ਸੀ ਜਿਸ ਦੌਰਾਨ ਸਿਰਫ 48 ਦਿਨਾਂ ਵਿੱਚ (ਯੁੱਧ ਸਮਾਪਤੀ 23 ਸਤੰਬਰ 1965) ਪਾਕਿਸਤਾਨੀ ਫੌਜ ਤਬਾਹੋ ਬਰਬਾਦ ਹੋ ਗਈ ਸੀ। ਤਤਕਾਲੀ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸ਼ਤਰੀ ਦੀ ਸਯੋਗ ਅਗਵਾਈ ਹੇਠ ਭਾਰਤ ਦੀਆਂ ਫੌਜਾਂ ਲਾਹੌਰ ਦੇ ਦਰਵਾਜ਼ੇ ਤੱਕ ਪਹੁੰਚ ਗਈਆਂ ਸਨ। ਦੂਸਰਾ ਫੌਜੀ ਤਾਨਾਸ਼ਾਹ ਜਨਰਲ ਯਾਹੀਆ ਖਾਨ ਸੀ ਜਿਸ ਨੇ 1969 ਤੋਂ ਲੈ ਕੇ ਦਸੰਬਰ 1971 ਤੱਕ ਰਾਜ ਕੀਤਾ ਸੀ। ਉਸ ਦੇ ਰਾਜ ਕਾਲ ਦੌਰਾਨ ਭਾਰਤ ਨਾਲ 1971 ਦੀ ਜੰਗ ਹੋਈ ਜਿਸ ਦੇ ਫਲਸਰੂਪ ਪਾਕਿਸਤਾਨ ਦੋ ਟੁਕੜਿਆਂ ਵਿੱਚ ਵੰਡਿਆ ਗਿਆ ਸੀ। ਤੀਸਰਾ ਤਾਨਾਸ਼ਾਹ ਜਨਰਲ ਜ਼ਿਆ ਉਲ ਹੱਕ ਸੀ ਜਿਸ ਨੇ 16 ਸਤੰਬਰ 1978 ਤੋਂ ਲੈ ਕੇ ਹਵਾਈ ਹਾਦਸੇ ਵਿੱਚ ਮਰਨ ਤੱਕ 17 ਅਗਸਤ 1988 ਤੱਕ ਰਾਜ ਕੀਤਾ। ਇਸ ਨੇ ਪਾਕਿਸਤਾਨ ਨੂੰ ਜ਼ੇਹਾਦੀ ਪੈਦਾ ਕਰਨ ਵਾਲੀ ਇੱਕ ਫੈਕਟਰੀ ਵਿੱਚ ਤਬਦੀਲ ਕਰ ਦਿੱਤਾ ਸੀ। ਪੰਜਾਬ ਅਤੇ ਕਸ਼ਮੀਰ ਵਿੱਚ ਅੱਤਵਾਦ ਪੈਦਾ ਕਰਨ ਦਾ ਜ਼ਿੰਮੇਵਾਰ ਉਹ ਹੀ ਸੀ। ਚੌਥਾ ਤਾਨਾਸ਼ਾਹ ਜਨਰਲ ਪ੍ਰਵੇਜ਼ ਮੁਸ਼ੱਰਫ ਸੀ ਜਿਸ ਨੇ 20 ਜੂਨ 2001 ਤੋਂ ਲੈ ਕੇ 18 ਅਗਸਤ 2008 ਤੱਕ ਰਾਜ ਕੀਤਾ। ਉਹ ਤਾਨਾਸ਼ਾਹ ਬਣ ਤੋਂ ਪਹਿਲਾਂ ਹੀ 3 ਮਈ 1999 ਤੋਂ ਜੁਲਾਈ 1999 ਤੱਕ ਚੱਲੀ ਕਾਰਗਿਲ ਜੰਗ ਵਿੱਚ ਭਾਰਤ ਹੱਥੋਂ ਕਰਾਰੀ ਹਾਰ ਤੇ ਜ਼ਿੱਲਤ ਝੱਲ ਚੁੱਕਾ ਸੀ। ਪਰ ਉਸ ਦੀਆਂ ਗਲਤ ਆਰਥਿਕ ਨੀਤੀਆਂ ਨੇ ਪਾਕਿਸਤਾਨ ਨੂੰ ਸਦਾ ਲਈ ਇੱਕ ਭਿਖਾਰੀ ਤੇ ਦੁਨੀਆਂ ਭਰ ਦੇ ਅੱਤਵਾਦੀਆਂ ਨੂੰ ਟਰੇਨਿੰਗ ਦੇਣ ਵਾਲਾ ਦੇਸ਼ ਬਣਾ ਦਿੱਤਾ। ਮੁਨੀਰ ਦੀ ਬੋਲ ਬਾਣੀ ਤੋਂ ਇਹ ਲੱਗ ਰਿਹਾ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੀ ਸੱਤਾ ਦੇ ਦਿਨ ਗਿਣਤੀ ਦੇ ਹੀ ਬਚੇ ਹਨ। ਪਰ ਜਿਹੜੀ ਗੱਲ ਮੁਨੀਰ ਨੂੰ ਪਿਛਲੇ ਫੌਜੀ ਤਾਨਾਸ਼ਾਹਾਂ ਨਾਲੋਂ ਵੱਖ ਕਰਦੀ ਹੈ, ਉਹ ਹੈ ਇਸ ਵੱਲੋਂ ਭਾਰਤ ਦੇ ਖ਼ਿਲਾਫ਼ ਕੀਤੀ ਜਾ ਰਹੀ ਬੇਹੱਦ ਭੜਕਾਊ ਤੇ ਅਹਿਮਕਾਨਾ ਬਿਆਨਬਾਜ਼ੀ ਜੋ ਉਪਰੇਸ਼ਨ ਸਿੰਧੂਰ ਵਿੱਚ ਮਾਰ ਖਾਣ ਤੋਂ ਬਾਅਦ ਹੋਰ ਤਿੱਖੀ ਹੋ ਗਈ ਹੈ।ਮੁਨੀਰ ਸੋਚਦਾ ਹੈ ਕਿ ਕਿਸਮਤ ਉਸ 'ਤੇ ਬਾਕੀ ਤਾਨਾਸ਼ਾਹਾਂ ਨਾਲੋਂ ਜਿਆਦਾ ਮਿਹਰਬਾਨ ਰਹੇਗੀ ਜਿਸ ਕਾਰਨ ਉਹ ਪਵਿੱਤਰ ਕੁਰਾਨ ਦੀਆਂ ਆਇਤਾਂ ਦੀ ਗਲਤ ਵਿਆਖਿਆ ਕਰ ਕੇ ਕਥਿੱਤ ਕਾਫਰਾਂ ਖਿਲਾਫ ਸੈਨਿਕ ਕਾਰਵਾਈ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।ਪਾਕਿਸਤਾਨੀ ਫੌਜ ਵਿੱਚ ਘੁਸਰ ਮੁਸਰ ਚੱਲ ਰਹੀ ਹੈ ਕਿ ਉਪਰੇਸ਼ਨ ਸਿੰਧੂਰ ਦੌਰਾਨ ਮਿਲੀ ਕਰਾਰੀ ਹਾਰ ਕਾਰਨ ਮੁਨੀਰ ਡੈਪਰੇਸ਼ਨ ਵਿੱਚ ਚਲਾ ਗਿਆ ਹੈ ਜਿਸ ਕਾਰਨ ਇਹੋ ਜਿਹੇ ਊਲ ਜਲੂਲ ਬਿਆਨ ਦਾਗ ਰਿਹਾ ਹੈ। ਉਸ ਦੀਆਂ ਧਮਕੀਆਂ ਅਤੇ ਬਿਆਨਾਂ ਦੇ ਹੇਠ ਲਿਖੇ ਮੁੱਖ ਕਾਰਨ ਸਮਝ ਆਉਂਦੇ ਹਨ। ਸਭ ਤੋਂ ਪਹਿਲਾ ਕਾਰਨ ਇਹ ਹੈ ਕਿ ਉਪਰੇਸ਼ਨ ਸਿੰਧੂਰ ਕਾਰਨ ਪਾਕਿਸਤਾਨ ਵੱਲੋਂ ਭਾਰਤ ਖਿਲਾਫ ਕੀਤੀ ਜਾ ਰਹੀ ਪ੍ਰਮਾਣੂ ਬਲੈਕਮੇਲਿੰਗ ਖਤਮ ਹੋ ਗਈ ਹੈ। ਉਹ ਅੱਧੀ ਦੁਨੀਆਂ ਨੂੰ ਆਪਣੇ ਨਾਲ ਲੈ ਜਾਣ ਵਰਗੇ ਬਿਆਨ ਦੇ ਕੇ ਉਸ ਬਲੈਕਮੇਲਿੰਗ ਨੂੰ ਦੁਬਾਰਾ ਕਾਇਮ ਕਰਨਾ ਚਾਹੁੰਦਾ ਹੈ। ਵੈਸੇ ਇਹ ਬਲੈਕਮੇਲਿੰਗ ਉੜੀ ਅੱਤਵਾਦੀ ਹਮਲੇ ਤੋਂ ਬਾਅਦ ਕੀਤੀ ਗਈ ਸਰਜੀਕਲ ਸਟਰਾਈਕ ਅਤੇ ਬਾਲਾਕੋਟ ਵਿਖੇ ਕੀਤੀ ਸਟਰਾਈਕ ਕਾਰਨ ਪਹਿਲਾਂ ਹੀ ਪਤਲੀ ਪੈ ਚੁੱਕੀ ਸੀ। ਮੁਨੀਰ ਸੋਚਦਾ ਹੈ ਕਿ ਜੇ ਪ੍ਰਮਾਣੂ ਬਲੈਕਮੇਲਿੰਗ ਹੀ ਖਤਮ ਹੋ ਗਈ ਤਾਂ ਫਿਰ ਉਹ ਭਾਰਤ ਨੂੰ ਕਸ਼ਮੀਰ ਦੇ ਮਸਲੇ 'ਤੇ ਧਮਕਾ ਨਹੀਂ ਸਕੇਗਾ। ਪ੍ਰਮਾਣੂ ਹਥਿਆਰਾਂ ਦੀ ਵਰਤੋਂ ਬਾਰੇ ਭਾਰਤ ਦਾ ਸਿਧਾਂਤ ਇਹ ਹੈ ਕਿ ਉਹ ਦੁਸ਼ਮਣ 'ਤੇ ਪਹਿਲਾ ਪ੍ਰਮਾਣੂ ਹਮਲਾ ਨਹੀਂ ਕਰੇਗਾ। ਪਰ ਪਾਕਿਸਤਾਨ ਵਿੱਚ ਅਜਿਹੀ ਕੋਈ ਬੰਦਿਸ਼ ਨਹੀਂ ਹੈ। ਪਾਕਿਸਤਾਨ ਦੇ ਪ੍ਰਮਾਣੂ ਹਮਲਾ ਕਰਨ ਦੇ ਸਿਧਾਂਤ ਬਾਰੇ 2002 ਦੇ ਉਪਰੇਸ਼ਨ ਪਰਾਕਰਮ (ਇਹ ਉਪਰੇਸ਼ਨ 13 ਦਸੰਬਰ 2001 ਨੂੰ ਪਾਰਲੀਮੈਂਟ 'ਤੇ ਹਮਲੇ ਤੋਂ ਬਾਅਦ ਭਾਰਤ ਵੱਲੋਂ ਕੀਤਾ ਗਿਆ ਸੀ ਤੇ ਦਸੰਬਰ 2001 ਤੋਂ ਲੈ ਕੇ ਅਕਤੂਬਰ 2002 ਤੱਕ ਚੱਲਿਆ ਸੀ। ਭਾਰਤ ਨੇ ਪਾਕਿਸਤਾਨ ਨੂੰ ਆਪਣੀ ਤਾਕਤ ਵਿਖਾਉਣ ਲਈ ਆਮ ਲਾਮਬੰਦੀ ਦੇ ਹੁਕਮ ਜਾਰੀ ਕਰ ਦਿੱਤੇ ਸਨ। ਜੇ ਕੁਝ ਦੇਸ਼ ਵਿਚੋਲਗੀ ਨਾ ਕਰਦੇ ਤਾਂ ਜੰਗ ਅਟੱਲ ਸੀ) ਵੇਲੇ ਉਸ ਸਮੇਂ ਦੇ ਡਾਇਰੈਕਟਰ ਜਨਰਲ ਸਟਰੈਟਜਿਕ ਪਲੈਨਜ਼ ਲੈਫਟੀਨੈਂਟ ਜਨਰਲ ਖਾਲਿਦ ਕਿਦਵਈ ਨੇ ਕਿਹਾ ਸੀ ਕਿ ਜੇ ਭਾਰਤ ਨਾਲ ਜੰਗ ਹੁੰਦੀ ਹੈ ਤਾਂ ਪਾਕਿਸਤਾਨ ਰਵਾਇਤੀ ਹਥਿਆਰਾਂ ਤੋਂ ਇਲਾਵਾ ਐਟਮ ਬੰਬ ਦੀ ਵਰਤੋਂ ਕਰਨ ਤੋਂ ਵੀ ਸੰਕੋਚ ਨਹੀਂ ਕਰੇਗਾ। ਹੁਣ ਮੁਨੀਰ ਦੇ ਬਿਆਨਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਉਹ ਭਾਰਤ ਦੇ ਪਹਿਲਾ ਪ੍ਰਮਾਣੂ ਹਮਲਾ ਨਾ ਕਰਨ ਦੇ ਸਿਧਾਂਤ ਨੂੰ ਨਹੀਂ ਮੰਨਦਾ।

ਮੁਨੀਰ ਦੇ ਬਿਆਨ ਦਾ ਦੂਸਰਾ ਕਾਰਨ ਵਿਸ਼ਵ ਨੂੰ ਇੱਹ ਦੱਸਣਾ ਹੈ ਕਿ ਪਾਕਿਸਤਾਨ ਇੱਕ ਐਟਮੀ ਤਾਕਤ ਹੈ ਤੇ ਉਹ ਜਦੋਂ ਚਾਹੇ ਇਸ ਦੀ ਵਰਤੋਂ ਵੀ ਕਰ ਸਕਦਾ ਹੈ ਨਤੀਜੇ ਚਾਹੇ ਕੁਝ ਵੀ ਹੋਣ। ਇਸ ਧਮਕੀ ਵਿੱਚ ਉਸ ਦੀ ਇੱਕ ਚਾਲ ਵੀ ਛੁਪੀ ਹੋਈ ਹੈ ਕਿ ਇਸ ਧਮਕੀ ਨਾਲ ਇੰਟਰਨੈਸ਼ਨਲ ਮੀਡੀਆ ਨੂੰ ਮਸਾਲਾ ਮਿਲ ਜਾਵੇਗਾ ਤੇ ਭਾਰਤ ਲਈ ਚਿੰਤਾ ਦਾ ਵਿਸ਼ਾ ਬਣੇ ਕਰਾਸ ਬਾਰਡਰ ਅੱਤਵਾਦ ਵੱਲੋਂ ਉਸ ਦਾ ਧਿਆਨ ਵੀ ਹਟ ਜਾਵੇਗਾ। ਮੁਨੀਰ ਦੀ ਇੱਕ ਚਿੰਤਾ ਇਹ ਵੀ ਹੈ ਭਾਰਤ ਨੇ ਪਾਕਿਸਤਾਨ ਦੀਆਂ ਪ੍ਰਮਾਣੂ ਧਮਕੀਆਂ ਬਾਰੇ ਚਿੰਤਾ ਕਰਨੀ ਬੰਦ ਕਰ ਦਿੱਤੀ। ਪਿਛਲੇ ਸਮੇਂ ਵਿੱਚ ਵੀ ਪਾਕਿਸਤਾਨ ਅਜਿਹੀਆਂ ਧਮਕੀਆਂ ਦਿੰਦਾ ਰਿਹਾ ਹੈ। ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜ਼ਰਾਲ ਨੇ ਆਪਣੀ ਸਵੈ ਜੀਵਨੀ ਵਿੱਚ ਲਿਖਿਆ ਹੈ ਕਿ 1990 ਦੀਆਂ ਗਰਮੀਆਂ ਵਿੱਚ ਪਾਕਿਸਤਾਨ ਨੇ ਕਿਸੇ ਮਸਲੇ 'ਤੇ ਤਤਕਾਲੀ ਪ੍ਰਧਾਨ ਮੰਤਰੀ ਵੀ.ਪੀ. ਸਿੰਘ ਨੂੰ ਪ੍ਰਮਾਣੂ ਹਮਲੇ ਦੀ ਧਮਕੀ ਦਿੱਤੀ ਸੀ। ਮੁਨੀਰ ਨੂੰ ਭਾਰਤ ਦੀ ਆਰਥਿਕ ਤਰੱਕੀ ਦਾ ਬਹੁਤ ਸਾੜਾ ਹੈ। ਉਸ ਦਾ ਇਹ ਸੋਚਣਾ ਹੈ ਕਿ ਜੇ ਪਾਕਿਸਤਾਨ ਤੇ ਭਾਰਤ ਇੱਕ ਦੂਸਰੇ 'ਤੇ ਪ੍ਰਮਾਣੂ ਹਮਲਾ ਕਰ ਦਿੰਦੇ ਹਨ ਤਾਂ ਭਾਰਤ ਦਾ ਨੁਕਸਾਨ ਜਿਆਦਾ ਹੋਵੇਗਾ ਕਿਉਂਕਿ ਉਥੇ ਲੱਖਾਂ ਕਰੋੜਾਂ ਦੀ ਗਿਣਤੀ ਵਿੱਚ ਹੈਵੀ ਇੰਡਸਟਰੀ ਸਥਾਪਿਤ ਹੋ ਚੁੱਕੀ ਹੈ ਤੇ ਅਰਬਾਂ ਖਰਬਾਂ ਡਾਲਰ ਦਾ ਆਯਾਤ ਨਿਰਯਾਤ ਹੋ ਰਿਹਾ ਹੈ। ਇਸ ਦੇ ਉਲਟ ਪਾਕਿਸਤਾਨ ਇੱਕ ਮਲੰਗ ਦੇਸ਼ ਹੈ। ਇਸੇ ਸੰਦਰਭ ਵਿੱਚ ਉਸ ਨੇ ਅਨਿਲ ਅੰਬਾਨੀ ਦੀ ਫੋਟੋ ਲਗਾ ਕੇ ਇੱਕ ਟਵੀਟ ਕੀਤਾ ਸੀ ਜਿਸ ਵਿੱਚ ਕਿਸੇ ਇਸਲਾਮਿਕ ਧਰਮ ਗ੍ਰੰਥ ਦੀ ਇੱਕ ਤੁਕ ਲਿਖੀ ਹੋਈ ਸੀ ਕਿ ਅੱਲਾਹ ਨੇ ਪੰਛੀਆਂ ਨੂੰ ਦੁਸ਼ਮਣ ਫੌਜ ਦੇ ਜੰਗੀ ਹਾਥੀਆਂ 'ਤੇ ਪੱਥਰ ਸੁੱਟਣ ਲਈ ਭੇਜਿਆ ਜਿਸ ਨਾਲ ਹਾਥੀ ਕੁਚਲ ਕੇ ਫੀਤਾ ਫੀਤਾ ਹੋ ਗਏ ਸਨ।

ਉਪਰੇਸ਼ਨ ਸਿੰਧੂਰ ਤੋਂ ਬਾਅਦ ਪ੍ਰਸਿੱਧ ਮੈਗਜ਼ੀਨ ਦੀ ਇਕਨੌਮਿਸਟ ਨੂੰ ਇੱਕ ਇੰਟਰਵਿਊ ਦਿੰਦੇ ਹੋਏ ਨੇ ਉਸ ਕਿਹਾ ਹੈ ਕਿ ਅਗਲੀ ਵਾਰ ਪਾਕਿਸਤਾਨ ਭਾਰਤ ਦੇ ਪੂਰਬੀ ਅਤੇ ਦੱਖਣੀ ਹਿੱਸੇ 'ਤੇ ਹਮਲੇ ਕਰੇਗਾ। ਕਾਰਨ ਪੁੱਛਣ 'ਤੇ ਉਸ ਨੇ ਦੱਸਿਆ ਕਿ ਭਾਰਤ ਦੀ ਜਿਆਦਾਤਰ ਡਿਫੈਂਸ ਅਤੇ ਹੋਰ ਹੈਵੀ ਇੰਡਸਟਰੀ ਪਾਕਿਸਤਾਨੀ ਬਾਰਡਰ ਤੋਂ ਦੂਰ ਪੂਰਬ ਅਤੇ ਦੱਖਣ ਵਿੱਚ ਸਥਾਪਿਤ ਕੀਤੀ ਗਈ ਹੈ। ਇਹ ਇੰਡਸਟਰੀ ਤਬਾਹ ਹੋਣ ਨਾਲ ਭਾਰਤ ਦਾ ਲੱਕ ਟੁੱਟ ਜਾਵੇਗਾ। ਇਸ ਸਿਰਫਿਰੇ ਵਿਅਕਤੀ ਨੂੰ ਇਹ ਨਹੀਂ ਪਤਾ ਕਿ ਪਾਕਿਸਤਾਨੀ ਜਹਾਜ਼, ਡਰੋਨ ਤੇ ਮਿਜ਼ਾਈਲਾਂ ਭਾਰਤੀ ਰੱਖਿਆ ਪ੍ਰਣਾਲੀਆਂ ਤੇ ਹਵਾਈ ਸੈਨਾ ਤੋਂ ਬਚ ਕੇ ਐਨੀ ਦੂਰ ਕਿਵੇਂ ਪਹੁੰਚਣਗੇ। ਉਸ ਦਾ ਇੱਕ ਹੋਰ ਮੂਰਖਤਾਪੂਰਣ ਬਿਆਨ ਹੈ ਕਿ ਜੇ ਭਾਰਤ ਸਿੰਧੂ ਨਦੀ 'ਤੇ ਡੈਮ ਬਣਾਵੇਗਾ ਤਾਂ ਉਹ ਉਸ ਨੂੰ ਮਿਜ਼ਾਈਲਾਂ ਨਾਲ ਤਬਾਹ ਕਰ ਦੇਵੇਗਾ। ਡੈਮ ਕੋਈ ਮੋਘੇ ਦਾ ਨੱਕਾ ਨਹੀਂ ਹੁੰਦੇ, ਇਨ੍ਹਾਂ ਨੂੰ ਬਣਦਿਆਂ ਸਾਲਾਂ ਬੱਧੀ ਲੱਗ ਜਾਂਦੇ ਹਨ। ਜਦੋਂ ਤੱਕ ਇਹ ਡੈਮ ਮੁਕੰਮਲ ਹੋਣਾ ਹੈ, ਉਦੋਂ ਤੱਕ ਤਾਂ ਮੁਨੀਰ ਨੇ ਰਿਟਾਇਰ ਹੋ ਕੇ ਅੱਲ੍ਹਾ ਨੂੰ ਵੀ ਪਿਆਰੇ ਹੋ ਚੁੱਕੇ ਹੋਣਾ ਹੈ। ਉਸ ਦੇ ਬਿਆਨਾਂ ਦਾ ਇੱਕ ਡੂੰਘਾ ਰਾਜਨੀਤਕ ਕਾਰਨ ਵੀ ਹੈ। ਅਜਿਹੇ ਭੜਕਾਊ ਬਿਆਨ ਦੇ ਕੇ ਉਹ ਸ਼ਾਹਬਾਜ਼ ਸ਼ਰੀਫ ਅਤੇ ਪਾਕਿਸਤਾਨੀ ਜਨਤਾ ਨੂੰ ਇਹ ਸਪਸ਼ਟ ਸੰਦੇਸ਼ ਦੇ ਰਿਹਾ ਹੈ ਕਿ ਦੇਸ਼ ਦਾ ਅਸਲੀ ਮਾਲਕ ਉਹ ਹੈ ਤੇ ਜਦੋਂ ਚਾਹਵੇਗਾ ਗੱਦੀ ਹਥਿਆ ਲਵੇਗਾ। ਭਾਰਤ ਨਾਲ ਪਿਛਲੀਆਂ ਜੰਗਾਂ ਵੀ ਅਜਿਹੇ ਮੂਰਖ ਪਾਕਿਸਤਾਨੀ ਤਾਨਾਸ਼ਾਹ ਜਰਨੈਲਾਂ ਨੇ ਹੀ ਸ਼ੁਰੂ ਕੀਤੀਆਂ ਸਨ। ਇਸ ਲਈ ਭਾਰਤ ਨੂੰ ਅਜਿਹੇ ਸਨਕੀ ਅਤੇ ਡੀਂਗਾਂ ਮਾਰਨ ਵਾਲੇ ਵਿਅਕਤੀ ਤੋਂ ਹਮੇਸ਼ਾਂ ਖਬਰਦਾਰ ਰਹਿਣਾ ਚਾਹੀਦਾ ਹੈ।



ਬਲਰਾਜ ਸਿੰਘ ਸਿੱਧੂ ਏ.ਆਈ.ਜੀ (ਰਿਟਾ)





## ਵਿਸ਼ਵ ਦੇ ਮਹਾਨ ਖਿਡਾਰੀ–75

# ਕੈਨੇਡਾ ਦੀ ਚਰਚਿਤ ਤੈਰਾਕ ਸਮਰ ਮੈਕਿਨਟੌਸ਼



ਪ੍ਰਿੰਸੀਪਲ ਸਰਵਣ ਸਿੰਘ

ਕੈਨੇਡਾ ਦੀ ਤੁਫਾਨਮੇਲ ਤੈਰਾਕ ਸਮਰ ਮੈਕਿਨਟੌਸ਼ ਅੱਜਕੱਲ੍ਹ ਪੂਰੀ ਚਰਚਾ ਵਿਚ ਹੈ। ਲੋਕ ਜਾਣਨਾ ਚਾਹੁੰਦੇ ਨੇ ਕਿ ਉਹ ਹੈ ਕੀ ਸ਼ੈਅ? ਕੀ ਉਹ ਮਾਈਕਲ ਫੈਲਪਸ ਬਣ ਸਕੇਗੀ? ਅਮਰੀਕਾ ਦੇ ਮਾਈਕਲ ਫੈਲਪਸ ਨੇ 4 ਓਲੰਪਿਕ ਖੇਡਾਂ 'ਚੋਂ 23 ਸੋਨੇ, 3 ਚਾਂਦੀ, 2 ਕਾਂਸੀ, ਕੁਲ 28 ਤਗ਼ਮੇ ਜਿੱਤੇ ਸਨ! ਉਹ ਓਲੰਪਿਕ ਖੇਡਾਂ ਦੇ ਇਤਿਹਾਸ ਦਾ ਸਭ ਤੋਂ ਵੱਧ ਮੈਡਲ ਜਿੱਤਣ ਵਾਲਾ ਓਲੰਪੀਅਨ ਹੈ। ਉਸ ਤੋਂ ਪਹਿਲਾਂ ਸੋਵੀਅਤ ਰੂਸ ਦੀ ਲਾਰੀਸਾ ਲਤੀਨੀਨਾ ਦਾ 18 ਓਲੰਪਿਕ ਮੈਡਲ ਜਿੱਤਣ ਦਾ ਰਿਕਾਰਡ ਸੀ। ਸਮਰ ਨੇ ਅਜੇ ਕਈ ਸਾਲ ਤੈਰਨਾ ਹੈ। ਵੇਖਦੇ ਹਾਂਉਹ ਕਿੰਨੇ ਮੈਡਲ ਜਿੱਤ ਕੇ ਬੱਸ ਕਰਦੀ ਹੈ?

ਗੋਰੇ ਰੰਗ, ਭੂਰੇ ਵਾਲ ਤੇ ਲੰਮੇ ਕੱਦ ਦੀ ਸਮਰ ਅਜੇ ਚੌਦਾਂ ਸਾਲਾਂ ਦੀ ਸੀ ਕਿ ਉਸ ਨੇ ਅੰਤਰਰਾਸ਼ਟਰੀ ਪੱਧਰ 'ਤੇ ਧੁੰਮਾਂ ਪਾਉਣੀਆਂ ਸੁਰੂ ਕਰ ਦਿੱਤੀਆਂ। ਅਠਾਰਾਂ ਸਾਲਾ ਦੀ ਹੋਈ ਤਾਂ ਪੈਰਿਸ ਦੀਆਂ ਓਲੰਪਿਕ ਖੇਡਾਂ 'ਚੋਂ 3 ਸੋਨ ਤਗਮੇ ਤੇ 1 ਚਾਂਦੀ ਦਾ ਤਗਮਾ ਜਿੱਤੀ। ਉਹਦਾ ਜਨਮ 18 ਅਗੱਸਤ 2006 ਨੂੰ ਟੋਰਾਂਟੋ ਵਿਚ ਹੋਇਆ। ਆਪਣੇ 19ਵੇਂ ਜਨਮ ਦਿਵਸ ਤਕ ਪਹੁੰਚਦਿਆਂ ਉਸ ਨੇ ਓਲੰਪਿਕ ਖੇਡਾਂ, ਕਾਮਨਵੈਲਥ ਖੇਡਾਂ, ਵਿਸ਼ਵ ਤੈਰਾਕੀ ਚੈਂਪੀਅਨਸ਼ਿਪਾਂ ਅਤੇ ਫਿਨਾ ਵਰਲਡ ਚੈਂਪੀਅਨਸ਼ਿਪਾਂ ਵਿਚੋਂ ਏਨੇ ਮੈਡਲ ਜਿੱਤੇ ਕਿ ਉਹਦੇ ਗੋਲਡ, ਸਿਲਵਰ ਤੇ ਬ੍ਰਾਂਜ ਮੈਡਲਾਂ ਦੀ ਗਿਣਤੀ ਦੋ ਦਰਜਨ ਤੋਂ ਟੱਪ ਚੁੱਕੀ ਹੈ। ਉਨ੍ਹਾਂ ਵਿਚ 14 ਮੈਡਲ ਤਾਂ ਸੋਨੇ ਦੇ ਹੀ ਹਨ!

ਓਲੰਪਿਕ ਖੇਡਾਂ 'ਚੋਂ ਤਾਂ ਇਕ ਮੈਡਲ ਜਿੱਤ ਲੈਣਾ ਹੀ ਮਾਣ ਨਹੀਂ ਹੁੰਦਾ। ਭਾਰਤ ਵਿਚ ਹੁਣ ਇਕੋ ਓਲੰਪਿਕ ਮੈਡਲ ਜਿੱਤਣ ਵਾਲੇ ਨੂੰ ਕਰੋੜਾਂ ਰੁਪਏ ਦੇ ਇਨਾਮ ਤੇ ਪਦਮ ਸਨਮਾਨ ਮਿਲਦੇ ਹਨ। ਸਮਰ ਦਾ ਨਿੱਕਾ ਨਾਂ 'ਸੁਮ' ਹੈ ਤੇ ਪੂਰਾ ਨਾਂ ਸਮਰ ਐੱਨ ਮੈਕਿਨਟੌਸ਼। ਉਸ ਦੀ ਮਨਭਾਉਂਦੀ ਮੂਵੀ 'ਡਰਾਈਵ ਟੂ ਸਰਵਾਈਵ' ਹੈ ਤੇ ਮਨਭਾਉਂਦਾ ਸੈਰ ਸਥਾਨ 'ਬੋਰਾ ਬੋਰਾ'। ਉਸ ਦਾ ਸ਼ੌਕ ਆਪਣਾ ਕਮਰਾ ਆਪ ਸਾਫ ਕਰਨ ਤੇ ਸਜਾ ਕੇ ਰੱਖਣਾ ਹੈ। ਉਹਦਾ ਜਨਮ ਕੈਨੇਡਾ ਦੀ ਓਲੰਪੀਅਨ ਤੈਰਾਕ ਜਿੱਲ ਹੌਰਸਟੈੱਡ ਦੀ ਕੁੱਖੋਂ ਪਿਤਾ ਗ੍ਰੈਗ ਮੈਕਿਨਟੌਸ਼ ਦੇ ਘਰ ਹੋਇਆ। ਉਹ ਕੈਨੇਡਾ ਦੇ ਸਭ ਤੋਂ ਵੱਡੇ ਸ਼ਹਿਰ ਟੋਰਾਂਟੋ ਦੀ ਜੰਮਪਲ ਹੈ ਅਤੇ ਅਮਰੀਕਾ ਵਿਚ ਫਲੋਰੀਡਾ ਦੇ ਸ਼ਹਿਰ ਸਾਰਾਸੋਟਾ ਵਿਚ ਪੜ੍ਹਦੀ ਤੇ ਤੈਰਾਕੀ ਦੀ ਸਿਖਲਾਈ ਲੈਂਦੀ ਆ ਰਹੀ ਹੈ। ਉਸ ਦੀ ਇਕ ਵੱਡੀ ਭੈਣ ਹੈ ਬਰੁਕ ਮੈਕਿਨਟੌਸ਼ ਜੋ ਚੋਟੀ ਦੀ ਫਿੱਗਰ ਸਕੇਟਰ ਹੈ। ਉਹ ਆਪਣੇ ਸਾਥੀ ਸਕੇਟਰ ਟੋਸਟ ਨਾਲ ਕੈਨੇਡੀਅਨ ਰਿਕਾਰਡ ਤੋੜਦਿਆਂ ਨੈਸ਼ਨਲ ਪੱਧਰ 'ਤੇ ਗੋਲਡ ਮੈਡਲ ਜਿੱਤ ਚੁੱਕੀ ਹੈ। ਉਹਦਾ ਜਨਮ ਵੀ 5 ਜਨਵਰੀ 2005 ਨੂੰ ਟੋਰਾਂਟੋ ਵਿਚ ਹੀ ਹੋਇਆ ਸੀ। ਸਮਰ ਦੀ ਮਾਂ ਜਿੱਲ ਹੌਰਸਟੈੱਡ ਮਾਸਕੋ ਦੀਆਂ ਓਲੰਪਿਕ ਖੇਡਾਂ–1980 ਸਮੇਂ ਕੈਨੇਡੀਅਨ ਤੈਰਾਕੀ ਟੀਮ ਦੀ ਮੈਂਬਰ ਸੀ। 16 ਸਾਲ ਦੀ ਉਮਰੇ ਉਸ ਨੇ ਪੈਨ ਅਮੈਰੀਕਨ ਗੇਮਜ਼–1983 ਵਿਚ ਭਾਗ ਲਿਆ। ਉਹ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ ਸਮੇਂ ਵੀ ਕੈਨੇਡੀਅਨ ਟੀਮ ਵਿਚ ਸ਼ਾਮਲ ਸੀ ਪਰ ਕੋਈ ਮੈਡਲ ਨਹੀਂ ਸੀ ਜਿੱਤ ਸਕੀ। ਪਰ 1986 ਦੀਆਂ ਕਾਮਨਵੈਲਥ ਖੇਡਾਂ 'ਚੋਂ ਬ੍ਰਾਂਜ਼ ਮੈਡਲ ਜਿੱਤ ਗਈ ਸੀ। ਸਮਰ ਦਾ ਪਿਤਾ ਗ੍ਰੈੱਗ ਮੈਕਿਨਟੋਸ਼ ਵਿਸ਼ਵ ਪੱਧਰੀ ਅਥਲੀਟ ਸੀ ਜੋ ਕੈਂਸਰ ਦਾ ਮਰੀਜ਼ ਬਣ ਗਿਆ ਸੀ ਪਰ ਇਲਾਜ ਪਿੱਛੋਂ ਰਾਜ਼ੀ ਹੋ ਗਿਆ।

ਅਗੱਸਤ 2025 ਵਿਚ ਸਿੰਘਾਪੁਰ ਵਿਖੇ ਹੋਈ ਵਰਲਡ ਤੈਰਾਕੀ ਚੈਂਪੀਅਨਸ਼ਿਪਸ ਵਿਚੋਂ ਸਮਰ ਨੇ ਨਾ ਕੇਵਲ ਇਕ ਬ੍ਰਾਂਜ਼ ਤੇ ਚਾਰ ਗੋਲਡ ਮੈਡਲ ਜਿੱਤੇ ਬਲਕਿ 400 ਮੀਟਰ ਵਿਅਕਤੀਗਤ ਮੈਡਲੇ ਤੈਰਾਕੀ ਦੇ ਮੁਕਾਬਲੇ ਵਿਚ 4:25.78 ਮਿੰਟ ਦਾ ਨਵਾਂ ਵਿਸ਼ਵ ਰਿਕਾਰਡ ਵੀ ਸਥਾਪਿਤ ਕਰ ਦਿੱਤਾ। ਉਸ ਨੂੰ ਮੈਡਲਾਂ ਦੇ ਅਵਾਰਡਾਂ ਤੋਂ ਬਿਨਾਂ 90 ਹਜ਼ਾਰ ਡਾਲਰਾਂ ਦੀ ਰਾਸ਼ੀ ਨਾਲ ਵੀ ਸਨਮਾਨਿਤ ਕੀਤਾ ਗਿਆ। ਇਹ ਉਸ ਦੀਆਂ ਪ੍ਰਾਪਤੀਆਂ ਦਾ ਮੁੱਢਲਾ ਦੌਰ ਹੈ ਅਜੇ ਉਸ ਨੇ ਹੋਰ ਵੀ ਵੱਡੀਆਂ ਮੱਲਾਂ ਮਾਰਨੀਆਂ ਹਨ। ਹਜ਼ਾਰਾਂ ਨਹੀਂ ਕਰੋੜਾਂ ਡਾਲਰਾਂ ਦੀ ਰਾਸ਼ੀ ਉਹਦੀ ਝੋਲੀ ਪੈਣੀ ਹੈ ਤੇ ਵਿਸ਼ਵ ਪੱਧਰ ਦੇ ਵੱਡੇ ਤੋਂ ਵੱਡੇ ਮਾਨ ਸਨਮਾਨ ਹਾਸਲ ਹੋਣੇ ਹਨ। ਸਮਰ ਮੈਕਿਨਟੌਸ਼ ਲਈ 2025 ਦੀ ਵਿਸ਼ਵ ਤੈਰਾਕੀ ਚੈਂਪੀਅਨਸ਼ਿਪ ਸਭ ਤੋਂ ਵੱਧ ਸਫਲ ਰਹੀ। ਉਹ ਤੈਰਾਕੀ ਦੇ ਇਤਿਹਾਸ ਵਿਚ ਵਿਸ਼ਵ ਦੀ ਦੂਜੀ ਤੈਰਾਕ ਹੈ ਜਿਸ ਨੇ ਵਿਅਕਤੀ ਤੌਰ 'ਤੇ ਇਕੋ ਵਿਸ਼ਵ ਚੈਂਪੀਅਨਸ਼ਿਪਸ ਵਿਚੋਂ 4 ਗੋਲਡ ਮੈਡਲ ਜਿੱਤੇ। ਉਹ ਪਹਿਲੀ ਤੈਰਾਕ ਹੈ ਜਿਸ ਨੇ 400 ਮੀਟਰ ਦੀ ਵਿਅਕਤੀਗਤ ਮੈਡਲੇ ਤੈਰਾਕੀ ਵਿਚ ਦੂਜੇ ਨੰਬਰ 'ਤੇ ਰਹਿਣ ਵਾਲੀ ਤੈਰਾਕ ਤੋਂ 7.48 ਸਕਿੰਟ ਪਹਿਲਾਂ ਤਾਰੀ ਜਿੱਤੀ। ਉਹ ਦੂਜੀ ਔਰਤ ਤੈਰਾਕ ਹੈ ਜਿਸ ਨੇ 400 ਮੀਟਰ ਫਰੀਸਟਾਈਲ, 200 ਮੀਟਰ ਵਿਅਕਤੀਗਤ ਮੈਡਲੇ, 200 ਮੀਟਰ ਬਟਰਫਲਾਈ ਤੇ 400 ਮੀਟਰ ਵਿਅਕਤੀਗਤ ਮੈਡਲੇ ਦੇ ਸੋਨ ਮੈਡਲ ਹਾਸਲ ਕੀਤੇ।

ਖੇਡਾਂ ਦੀ ਦੁਨੀਆ ਬੜੀ ਵਿਸ਼ਾਲ ਹੈ। ਲੱਖਾਂ ਨਹੀਂ, ਕਰੋੜਾਂ ਲੋਕ ਹਜ਼ਾਰਾਂ ਤਰ੍ਹਾਂ ਦੀਆਂ ਖੇਡਾਂ ਖੇਡਦੇ ਹਨ। ਨਿੱਕੇ ਜਿਹੇ ਪੰਜਾਬ ਦੀਆਂ ਪੁਰਾਤਨ ਤੇ ਮਾਡਰਨ ਖੇਡਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਕਈ ਸਾਲ ਪਹਿਲਾਂ ਮੈਂ 'ਪੰਜਾਬ ਦੀਆਂ ਦੇਸੀ ਖੇਡਾਂ' ਬਾਰੇ ਲਿਖੀ ਕਿਤਾਬ ਵਿਚ 87 ਖੇਡਾਂ ਦਾ ਵਿਸਥਾਰ ਦਿੱਤਾ ਸੀ ਜੋ ਪੰਜਾਬੀ ਯੂਨੀਵਰਸਿਟੀ ਨੇ ਪ੍ਰਕਾਸ਼ਿਤ ਕੀਤੀ। ਮੈਂ ਸਮਝਦਾ ਹਾਂ ਉਹ ਗੋਹੜੇ 'ਚੋਂ ਪੂਣੀ ਹੀ ਕੱਤੀ ਗਈ ਸੀ। ਖੇਡਾਂ, ਜ਼ਮੀਨ 'ਤੇ ਵੀ ਖੇਡੀਆਂ ਜਾਂਦੀਆਂ ਹਨ, ਹਵਾ 'ਚ ਵੀ ਤੇ ਪਾਣੀਆਂ ਵਿਚ ਵੀ। ਸਾਡੀ ਇਸ ਧਰਤੀ 'ਤੇ ਸਮੁੰਦਰ ਤੇ ਝੀਲਾਂ ਖੁਸ਼ਕ ਜ਼ਮੀਨ ਨਾਲੋਂ ਕਿਤੇ ਵੱਧ ਹਨ। ਜੀਆ ਜੰਤ ਮਿੱਟੀ ਅੰਦਰ, ਮਿੱਟੀ ਉਤੇ, ਹਵਾ ਵਿਚ ਤੇ ਪਾਣੀਆਂ ਵਿਚ ਵੀ ਜੰਮਦੇ ਪਲਦੇ ਰਹਿੰਦੇ ਹਨ। ਜਿਸ ਜਗ੍ਹਾ ਜੰਮਦੇ ਪਲਦੇ ਹਨ ਉਥੇ ਖੇਡਾਂ ਵੀ ਖੇਡਦੇ ਹਨ। ਪੁਰਾਤਨ ਓਲੰਪਿਕ ਖੇਡਾਂ ਵਿਚ ਕੇਵਲ ਪੁਰਸ਼ ਹੀ ਭਾਗ ਲੈ ਸਕਦੇ ਸਨ। ਔਰਤਾਂ ਲਈ ਖੇਡਾਂ ਵੇਖਣੀਆਂ ਮਨ੍ਹਾਂ ਸਨ। ਜੇ ਕੋਈ ਔਰਤ ਲੁਕ ਛਿਪ ਕੇ ਵੇਖਦੀ ਤਾਂ ਲਾਗਲੀ ਪਹਾੜੀ ਤੋਂ ਹੇਠਾਂ ਸੁੱਟ ਕੇ ਮਾਰ ਦੇਣ ਦੀ ਸਜ਼ਾ ਸੀ। ਪਰ ਮਾਡਰਨ ਓਲੰਪਿਕ ਖੇਡਾਂ ਵਿਚ ਔਰਤਾਂ ਵੀ ਖੇਡ ਮੁਕਾਬਲਿਆਂ ਵਿਚ ਭਾਗ ਲੈਣ ਲੱਗੀਆਂ ਹਨ। ਪਾਣੀਆਂ ਦੀਆਂ ਖੇਡਾਂ ਯਾਨੀ ਤੈਰਨ ਦੇ ਮੁਕਾਬਲੇ ਜਿੰਨੇ ਕੁ ਪੁਰਸ਼ਾਂ ਦੇ ਹਨ ਓਨੇ ਕੁ ਹੁਣ ਔਰਤਾਂ ਲਈ ਵੀ ਹਨ। ਬਲਕਿ ਖੋਜ ਤਾਂ ਇਹ ਸਿੱਧ ਕਰ ਰਹੀ ਹੈ ਕਿ ਔਰਤ ਦਾ ਸਰੀਰ ਤੈਰਨ ਲਈ ਪੁਰਸ਼ ਦੇ ਸਰੀਰ ਨਾਲੋਂ ਵਧੇਰੇ ਅਨੁਕੂਲ ਹੈ। ਇਹੋ ਕਾਰਨ ਹੈ ਕਿ ਜ਼ਮੀਨ ਉਤੇ ਹੁੰਦੇ ਦੌੜ ਮੁਕਾਬਲਿਆਂ ਦੇ ਔਰਤਾਂ ਤੇ ਮਰਦਾਂ ਦੇ ਰਿਕਾਰਡਾਂ ਵਿਚ ਜਿੰਨਾ ਵੱਡਾ ਫਰਕ ਹੈ ਓਨਾ ਤੈਰਾਕੀ ਦੇ ਮੁਕਾਬਲਿਆਂ ਵਿਚ ਨਹੀਂ। ਜ਼ਮੀਨ ਉਤਲੀਆਂ ਖੇਡਾਂ ਵਾਂਗ ਪਾਣੀ ਵਿਚਲੀਆਂ ਖੇਡਾਂ ਦਾ ਇਤਿਹਾਸ ਵੀ ਸਦੀਆਂ ਪੁਰਾਣਾ ਹੈ। ਸਮੁੰਦਰੀ ਜੀਵ ਵੀ ਆਪਸ ਵਿਚ ਖੇਡਦੇ ਹਨ ਭਾਵੇਂ ਕਿ ਉਨ੍ਹਾਂ ਦੇ ਨਿਯਮ ਨਹੀਂ ਹੁੰਦੇ। ਗੱਲ ਤੋਰੀ ਸੀ ਕੈਨੇਡਾ ਦੀ ਤੇਜ਼ਤਰਾਰ ਤੈਰਾਕ ਸਮਰ ਮੈਕਿਨਟੌਸ਼ ਤੋਂ। ਉਹਦੇ 'ਚ ਬੇਅੰਤ ਸੰਭਾਵਨਾਵਾਂ ਹਨ। ਵੈਸੇ ਹਰ ਖਿਡਾਰੀ ਅੰਦਰ ਸੰਭਾਵਨਾਵਾਂ ਹੁੰਦੀਆਂ ਹਨ। ਬੰਦਾ ਧਰਤੀਆਂ ਗਾਹੁੰਦਾ, ਸਮੁੰਦਰ ਤੈਰਦਾ, ਹਵਾ ਵਿਚ ਯਾਨੀ ਪੁਲਾੜ 'ਚ ਕਿਤੇ ਦਾ ਕਿਤੇ ਚਲਾ ਗਿਆ ਹੈ। ਜਿਵੇਂ ਜ਼ਮੀਨ ਉਤਲੀਆਂ ਖੇਡਾਂ ਦੇ ਰਿਕਾਰਡ ਟੁੱਟ ਰਹੇ ਹਨ ਉਵੇਂ ਪਾਣੀਆਂ ਵਿਚਲੇ ਰਿਕਾਰਡ ਵੀ ਟੁੱਟੀ ਜਾਂਦੇ ਹਨ। ਕੈਨੇਡਾ ਦੀ ਜਾਈ ਸਮਰ ਨੇ ਤਾਂ 14 ਸਾਲਾਂ ਦੀ ਉਮਰ ਤੋਂ ਹੀ ਰਿਕਾਰਡ ਤੋੜਨੇ ਸੁਰੂ ਕੀਤੇ ਹੋਏ ਹਨ। ਤੈਰਨ ਦੇ ਅਨੇਕ ਸਟਾਈਲ ਹੁੰਦੇ ਹਨ। ਜਿਵੇਂ ਬਟਰਫਲਾਈ, ਬੈਕਸਟ੍ਰੋਕ, ਬ੍ਰੈਸਟਸਟਰੋਕ, ਫਰੀਸਟਾਈਲ ਤੇ ਮੈਡਲੇ ਆਦਿ। ਆਮ ਬੰਦੇ ਤਾਂ ਸਿੱਧੀ ਤਾਰੀ ਤੇ ਪੁੱਠੀ ਤਾਰੀ ਬੱਸ ਦੋ ਤਰ੍ਹਾਂ ਦੀਆਂ ਤਾਰੀਆਂ ਹੀ ਜਾਣਦੇ ਹਨ। ਓਲੰਪਿਕ ਖੇਡਾਂ ਵਿਚ ਉਹੀ ਮੁਲਕ ਸਭ ਤੋਂ ਵੱਧ ਮੈਡਲ ਜਿੱਤਦੇ ਹਨ ਜਿਹੜੇ ਤੈਰਾਕੀ 'ਚ ਵੀ ਤਕੜੇ ਹੋਣ। ਭਾਰਤ, ਜੀਹਦੇ ਆਲੇ ਦੁਆਲੇ ਵਿਸ਼ਾਲ ਸਮੁੰਦਰ ਅਤੇ ਮੈਦਾਨਾਂ 'ਚ ਵਗਦੇ ਦਰਿਆ ਤੇ ਤੀਰਥਾਂ ਦੇ ਸਰੋਵਰ ਹਨ, ਉਥੇ ਤੈਰਾਕੀ ਦੀਆਂ ਖੇਡਾਂ 'ਚ ਭਾਰਤੀ ਫਿਰ ਵੀ ਕਾਫੀ ਪਿੱਛੇ ਹਨ। ਵਿਸ਼ਵ ਵਸੋਂ 'ਚ ਸਭ ਤੋਂ ਵੱਡੇ ਮੁਲਕ ਭਾਰਤ ਨੇ ਓਲੰਪਿਕ ਖੇਡਾਂ ਜਾਂ ਵਿਸ਼ਵ ਪੱਧਰ 'ਤੇ ਹੁੰਦੀਆਂ ਤੈਰਾਕੀ ਦੀਆਂ ਖੇਡਾਂ 'ਚੋਂ ਕਦੇ ਕੋਈ ਗੋਲਡ ਮੈਡਲ ਨਹੀਂ ਜਿੱਤਿਆ। ਦੂਜੇ ਪਾਸੇ ਅਬਾਦੀ 'ਚ ਨਿੱਕੇ ਜਿਹੇ ਮੁਲਕ ਕੈਨੇਡਾ ਦੀ ਕੁੜੀ ਤੈਰਾਕੀ ਦੇ ਤੇਜ਼ਤਰਾਰ ਮੁਕਾਬਲਿਆਂ ਵਿਚ ਗਾਹ ਪਾਈ ਜਾ ਰਹੀ ਹੈ। ਤੈਰਨ ਦਾ ਇਤਿਹਾਸ ਬੇਸ਼ਕ ਪੱਥਰ ਦੇ ਯੁਗ ਤਕ ਖੋਜਿਆ ਗਿਆ ਹੈ ਪਰ ਖੇਡ ਵਜੋਂ ਮਨੋਰੰਜਕ ਮੁਕਾਬਲੇ 19ਵੀਂ ਸਦੀ ਵਿਚ ਇੰਗਲੈਂਡ ਤੋਂ ਸੁਰੂ ਹੋਏ ਸਨ। ਫਰਾਂਸ ਇੰਗਲੈਂਡ ਦਾ ਗੁਆਂਢੀ ਦੇਸ਼ ਹੈ ਜਿਨ੍ਹਾਂ ਵਿਚਕਾਰ ਇੰਗਲਿਸ਼ ਚੈਨਲ ਦਾ ਸਮੁੰਦਰ ਪੈਂਦਾ ਹੈ। ਬੇੜੀਆਂ, ਬੇੜਿਆਂ ਤੇ ਸਮੁੰਦਰੀ ਜਹਾਜਾਂ 'ਤੇ ਸਫ਼ਰ ਤਾਂ ਬਹੁਤ ਚਿਰ ਪਹਿਲਾਂ ਆਰੰਭ ਹੋ ਚੁੱਕਾ ਸੀ। ਤੈਰ ਕੇ ਇੰਗਲਿਸ਼ ਚੈਨਲ ਪਾਰ ਕਰਨਾ ਸਭ ਤੋਂ ਪਹਿਲਾਂ ਮੈਥਿਊ ਵੈੱਬ ਦੇ ਹਿੱਸੇ ਆਇਆ ਸੀ। ਉਸ ਨੇ 1875 ਵਿਚ ਬ੍ਰੈਸਟਸਟਰੋਕ ਤਕਨੀਕ ਨਾਲ 20.26 ਮੀਲ ਯਾਨੀ 34.21 ਕਿਲੋਮੀਟਰ ਦਾ ਸਮੁੰਦਰੀ ਪਾਟ 21 ਘੰਟੇ 45 ਮਿੰਟਾਂ ਵਿਚ ਪਾਰ ਕਰ ਲਿਆ ਸੀ। ਉਹਦਾ ਰਿਕਾਰਡ ਫਿਰ ਟੀ.ਬਰਜਿੱਸ ਨੇ 36 ਸਾਲਾਂ ਬਾਅਦ 1911 ਵਿਚ ਤੋੜਿਆ। ਵੈਸੇ ਰਿਕਾਰਡ ਕਿੱਡੇ ਵੀ ਹੋਣ, ਉਹ ਟੁੱਟਦੇ ਰਹਿੰਦੇ ਹਨ। ਸਮਰ ਨੇ ਪੈਰਿਸ ਦੀਆਂ ਓਲੰਪਿਕ ਖੇਡਾਂ–2024 'ਚੋਂ 1 ਕਾਂਸੀ ਤੇ 3 ਸੋਨੇ ਦੇ ਮੈਡਲ ਜਿੱਤੇ ਅਤੇ ਵਿਸ਼ਵ ਤੈਰਾਕੀ ਚੈਂਪੀਅਨਸ਼ਿਪਸ 2025 'ਚੋਂ 1 ਬ੍ਰਾਂਜ਼ ਤੇ 4 ਗੋਲਡ ਮੈਡਲ ਹਾਸਲ ਕੀਤੇ। ਉਹ 2028 ਵਿਚ ਲਾਸ ਏਂਜਲਸ ਵਿਖੇ ਹੋਣ ਵਾਲੀਆਂ ਓਲੰਪਿਕ ਖੇਡਾਂ ਵਿਚੋਂ ਘੱਟੋਘੱਟ 5 ਗੋਲਡ ਮੈਡਲ ਜਿੱਤਣ ਦਾ ਨਿਸ਼ਾਨਾ ਮਿਥੀ ਬੈਠੀ ਹੈ। ਹੋ ਸਕਦੈ 2032 ਦੀਆਂ ਓਲੰਪਿਕ ਖੇਡਾਂ ਦਾ ਨਿਸ਼ਾਨਾ ਵੀ ਮਿਥੇ। ਤਦ ਤੱਕ ਉਹ 26 ਸਾਲਾਂ ਦੀ ਹੋਵੇਗੀ।

ਇਹ ਸਤਰਾਂ ਲਿਖਣ ਤਕ ਸਮਰ ਓਲੰਪਿਕ ਖੇਡਾਂ ਦੇ 3 ਗੋਲਡ ਮੈਡਲ, ਵਿਸ਼ਵ ਤੈਰਾਕੀ ਚੈਂਪੀਅਨਸ਼ਿਪਾਂ ਦੇ 8 ਗੋਲਡ ਤੇ ਕਾਮਨਵੈਲਥ ਖੇਡਾਂ ਦੇ 2 ਗੋਲਡ ਮੈਡਲ ਜਿੱਤ ਚੁੱਕੀ ਹੈ। ਸਿਲਵਰ ਤੇ ਬਰਾਂਜ਼ ਮੈਡਲ ਉਨ੍ਹਾਂ ਤੋਂ ਵੱਖਰੇ ਹਨ। ਉਂਜ ਤਾਂ ਉਹ ਤੈਰਾਕੀ ਦੇ ਕਈ ਈਵੈਂਟਸ ਵਿਚ ਭਾਗ ਲੈਂਦੀ ਹੈ ਪਰ 200 ਮੀਟਰ ਤੇ 400 ਮੀਟਰ ਵਿਅਕਤੀਗਤ ਮੈਡਲੇ ਅਤੇ 400 ਮੀਟਰ ਫਰੀਸਟਾਈਲ ਉਸ ਦੇ ਮਨਭਾਉਂਦੇ ਈਵੈਂਟਸ ਹਨ। ਇਨ੍ਹਾਂ ਈਵੈਂਟਸ ਦੇ ਵਰਲਡ ਰਿਕਾਰਡ ਵੀ ਉਸ ਨੇ ਆਪਣੇ ਨਾਂ ਕਰ ਲਏ ਹਨ। 200 ਮੀਟਰ ਬਟਰਫਲਾਈ ਈਵੈਂਟ ਦਾ ਓਲੰਪਿਕ ਰਿਕਾਰਡ ਵੀ ਉਹਦੇ ਨਾਂ ਹੈ। ਕੀ ਕਿਹਾ ਜਾਏ ਛੋਟੀ ਉਮਰ ਦੀ ਇਸ ਹੋਣਹਾਰ ਤੈਰਾਕ ਬਾਰੇ? ਜਿੰਨਾ ਤੇਜ਼ ਉਹ ਤੈਰਦੀ ਹੈ ਕਈ ਆਲਸੀ ਬੰਦੇ ਤਾਂ ਓਨਾ ਤੇਜ਼ ਤੁਰ ਵੀ ਨਹੀਂ ਸਕਦੇ!

ਮੈਕਿਨਟੌਸ਼ ਨੇ ਕੇਵਲ 14 ਸਾਲ ਦੀ ਉਮਰੇ ਹੀ ਤੈਰਾਕੀ ਦੇ ਕੋਚਾਂ ਦਾ ਧਿਆਨ ਆਪਣੇ ਵੱਲ ਖਿੱਚ ਲਿਆ ਸੀ। ਉਹ 2020 ਦੀਆਂ ਓਲੰਪਿਕ ਖੇਡਾਂ ਵਿਚ ਭਾਗ ਲੈਣ ਲਈ ਕੈਨੇਡਾ ਦੀ ਤੈਰਾਕੀ ਟੀਮ ਵਿਚ ਚੁਣੀ ਗਈ ਸੀ। ਉਦੋਂ ਉਹ ਟੀਮ 'ਚ ਸਭ ਤੋਂ ਛੋਟੀ ਉਮਰ ਦੀ ਮੈਂਬਰ ਸੀ। ਉਹ ਟੋਕੀਓ ਤੋਂ ਭਾਵੇਂ ਕੋਈ ਮੈਡਲ ਨਹੀਂ ਸੀ ਜਿੱਤ ਸਕੀ ਪਰ ਚੌਥਾ ਸਥਾਨ ਜ਼ਰੂਰ ਹਾਸਲ ਕਰ ਲਿਆ ਸੀ। ਫਿਰ ਉਹ ਵਿਸ਼ਵ ਤੈਰਾਕੀ ਚੈਂਪੀਅਨਸ਼ਿਪਸ ਵਿਚ ਸਭ ਤੋਂ ਛੋਟੀ ਉਮਰ ਦੀ ਵਿਸ਼ਵ ਚੈਂਪੀਅਨ ਬਣ ਗਈ ਸੀ। ਉਹ ਪਹਿਲੀ ਕੈਨੇਡੀਅਨ ਤੈਰਾਕ ਹੈ ਜਿਸ ਨੇ ਪਹਿਲੀ ਵਾਰ ਹੀ ਇਕੋ ਵਿਸ਼ਵ ਚੈਂਪੀਅਨਸ਼ਿਪਸ ਵਿਚੋਂ ਦੋ ਗੋਲਡ ਮੈਡਲ ਜਿੱਤੇ ਸਨ। ਉਹਦੇ ਨਾਲ ਉਸ ਨੂੰ 'ਟੀਨ ਸਵਿਮਿੰਗ ਸੈਨਸੈਸ਼ਨ' ਆਖਿਆ ਜਾਣ ਲੱਗਾ। ਕੈਨੇਡੀਅਨ ਨੈਸ਼ਨਲ ਟ੍ਰਾਇਲਜ਼ ਦੌਰਾਨ ਮਾਰਚ ਅਪ੍ਰੈਲ 2023 ਦੇ ਪੰਜ ਦਿਨਾਂ 'ਚ ਉਸ ਨੇ ਸਭ ਤੋਂ ਔਖੇ ਸਮਝੇ ਜਾਂਦੇ 400 ਮੀਟਰ ਫਰੀਸਟਾਈਲ ਤੇ 400 ਮੀਟਰ ਵਿਅਕਤੀਗਤ ਮੈਡਲੇ ਈਵੈਂਟਸ ਵਿਚ ਵਿਸ਼ਵ ਰਿਕਾਰਡ ਨਵਿਆ ਦਿੱਤੇ। 2024 ਦੀਆਂ ਓਲੰਪਿਕ ਖੇਡਾਂ ਵਿਚ ਪੈਰਿਸ ਵਿਖੇ ਉਸ ਨੇ 1 ਸਿਲਵਰ ਤੇ 3 ਗੋਲਡ ਮੈਡਲ ਮੈਡਲ ਜਿੱਤੇ। ਉਸ ਦੀ ਇਸ ਪ੍ਰਾਪਤੀ ਉਤੇ 'ਟਾਈਮ' ਮੈਗਜ਼ੀਨ ਨੇ ਉਸ ਨੂੰ 'ਸਮਰ ਆਫ਼ ਸਮਰ' ਦੇ ਖ਼ਿਤਾਬ ਨਾਲ ਸਨਮਾਨਿਤ ਕੀਤਾ। ਉਹਦੇ ਪ੍ਰਸੰਸਕਾਂ ਨੇ ਉਹਦੀਆਂ ਤਸਵੀਰਾਂ ਸ਼ੀਸ਼ਿਆਂ ਵਿਚ ਮੜ੍ਹਾਅ ਕੇ ਬੈਠਕਾਂ ਵਿਚ ਸਜਾ ਲਈਆਂ। ਉਂਜ ਵੀ ਉਹ ਦਰਸ਼ਨੀ ਸ਼ਖ਼ਸੀਅਤ ਦੀ ਮਾਲਕ ਹੈ ਜਿਸ ਤੋਂ ਹੋਰਨਾਂ ਨੂੰ ਪ੍ਰੇਰਨਾ ਮਿਲਦੀ ਹੈ। ਰਿਕਾਰਡ ਕੀਪਰਾਂ ਨੇ ਤਾਂ ਇਹ ਵੀ ਦੱਸਿਆ ਹੈ ਕਿ ਸਮਰ ਨੇ ਵੱਖ ਵੱਖ ਉਮਰ ਗਰੁੱਪਾਂ ਵਿਚ 50 ਨਵੇਂ ਰਿਕਾਰਡ ਰੱਖੇ। ਮਈ 2021 'ਚ ਸਭ ਤੋਂ ਛੋਟੀ ਉਮਰੇ 400 ਮੀਟਰ ਫਰੀਸਟਾਈਲ ਤਾਰੀ 4:05.13 ਮਿੰਟ 'ਚ ਲਾਉਣ ਵਾਲੀ ਵਿਸ਼ਵ ਦੀ ਉਹ ਪਹਿਲੀ ਮਹਿਲਾ ਬਣੀ ਸੀ। ਇਹੋ ਜਿਹਾ ਹੀ ਜਲਵਾ ਉਸ ਨੇ 16 ਮਈ 2024 ਨੂੰ 400 ਮੀਟਰ ਵਿਅਕਤੀਗਤ ਮੈਡਲੇ ਈਵੈਂਟ ਵਿਚ ਕਰ ਵਿਖਾਇਆ ਸੀ। ਪੈਰਿਸ ਓਲੰਪਿਕਸ ਦੇ 4 ਮੈਡਲਾਂ ਤੋਂ ਅੱਗੇ ਲਾਸ ਏਂਜਲਸ ਵਿਖੇ 2028 ਦੀ ਓਲੰਪਿਕਸ ਵਿਚੋਂ 5 ਗੋਲਡ ਮੈਡਲ ਜਿੱਤ ਕੇ ਉਹ ਮਾਈਕਲ ਫੈਲਪਸ ਦੇ ਰਾਹ ਪੈਣਾ ਚਾਹੁੰਦੀ ਹੈ। ਸਮਰ ਦਾ ਕੱਦ 5 ਫੁੱਟ 8 ਇੰਚ ਹੈ। ਅਜੇ ਉਹ ਕਿਸੇ ਕਲੱਬ ਦੀ ਪੱਕੀ ਮੈਂਬਰ ਨਹੀਂ ਤੇ ਹਾਲ ਦੀ ਘੜੀ ਉਸ ਦਾ ਕੋਚ ਫ੍ਰੈੱਡ ਵਰਗਨੌਕਸ ਹੈ। ਉਸ ਦਾ ਹੋਮ ਟਾਊਨ ਟੋਰਾਂਟੋ ਹੈ ਪਰ ਉਹ ਰਹਿੰਦੀ ਐਂਟੀਬੇਸ, ਫਲੋਰੀਡਾ ਵਿਚ ਹੈ। ਉਸ ਨੇ 2020 ਦੀਆਂ ਓਲੰਪਿਕ ਖੇਡਾਂ ਪਿੱਛੋਂ 2021 ਵਿਚ ਆਬੂ ਧਾਬੀ ਦੀ ਫਿਨਾ ਵਰਲਡ ਚੈਂਪੀਅਨਸ਼ਿਪਸ, 2022 ਵਿਚ ਬੁਡਾਪੈਸਟ ਦੀ ਫਿਨਾ ਵਰਲਡ ਚੈਂਪੀਅਨਸ਼ਿਪਸ, 2022 ਵਿਚ ਕਾਮਨਵੈਲਥ ਗੇਮਜ਼ ਬਰਮਿੰਗਮ, 2023 ਵਿਚ ਵਿਸ਼ਵ ਤੈਰਾਕੀ ਚੈਂਪੀਅਨਸ਼ਿਪਸ ਫੁਕੌਕਾ, 2024 ਵਿਚ ਓਲੰਪਿਕ ਖੇਡਾਂ ਪੈਰਿਸ, 2024 ਵਿਚ ਹੀ ਵਿਸ਼ਵ ਤੈਰਾਕੀ ਚੈਂਪੀਅਨਸ਼ਿਪਸ ਬੁਡਾਪੈਸਟ ਤੇ 2025 ਵਿਚ ਵਿਸ਼ਵ ਤੈਰਾਕੀ ਚੈਂਪੀਅਨਸ਼ਿਪਸ ਸਿੰਘਾਪੁਰ 'ਚ ਭਾਗ ਲਿਆ ਹੈ। ਉਥੇ ਉਸ ਨੇ 4 ਗੋਲਡ ਤੇ 1 ਬ੍ਰਾਂਜ਼ ਨਾਲ ਕੁਲ 5 ਤਗ਼ਮੇ ਜਿੱਤੇ। 2 ਅਗੱਸਤ 2025 ਤਕ ਉਸ ਦੇ ਓਲੰਪਿਕ ਖੇਡਾਂ ਤੇ ਵਿਸ਼ਵ ਤੈਰਾਕੀ ਚੈਂਪੀਅਨਸ਼ਿਪਾਂ ਵਿਚੋਂ ਜਿੱਤੇ ਕੁਲ ਤਗਮੇ 31 ਹੋ ਗਏ ਹਨ। ਉਨ੍ਹਾਂ 'ਚ 18 ਸੋਨੇ, 6 ਚਾਂਦੀ ਤੇ 7 ਬ੍ਰਾਂਜ਼ ਮੈਡਲ ਹਨ। 2024 ਵਿਚ ਉਸ ਨੂੰ ਕੈਨੇਡਾ ਦੀ ਟੌਪ ਐਥਲੀਟ ਹੋਣ ਦਾ ਅਵਾਰਡ ਮਿਲਿਆ ਸੀ। ਨਾਲ ਹੀ ਕੈਨੇਡਾ ਦੀ 2024 ਸਾਲ ਦੀ ਮਹਿਲਾ ਐਥਲੀਟ ਹੋਣ ਦਾ ਮਾਣ ਬੌਬੀ ਰੋਜ਼ਨਫੇਲਡ ਅਵਾਰਡ ਵੀ ਮਿਲਿਆ। ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੇ ਉਸ ਨੂੰ 'ਸੁਪਰ ਸਟਾਰ' ਕਹਿ ਕੇ ਵਡਿਆਇਆ। ਫੋਰਬਜ਼ ਮੈਗਜ਼ੀਨ ਨੇ ਵੱਖ ਮਾਨਤਾ ਦਿੱਤੀ। ਸਮਰ ਐਲਾਨ ਕਰ ਚੁੱਕੀ ਹੈ ਕਿ ਉਹ ਹੁਣ ਔਸਟਿਨ, ਟੈਕਸਾਸ ਵਿਖੇ ਮਾਈਕਲ ਫੈਲਪਸ ਦੇ ਕੋਚ ਰਹੇ ਬੌਬ ਬੋਮੈਨ ਦੀ ਦੇਖ ਰੇਖ ਹੇਠ ਟ੍ਰੇਨਿੰਗ ਕਰੇਗੀ ਅਤੇ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ 'ਚੋਂ 5 ਗੋਲਡ ਮੈਡਲ ਜਿੱਤਣ ਦੀ ਪੂਰੀ ਵਾਹ ਲਾਵੇਗੀ। ਉਹ ਨਿਰੀ ਤੈਰਾਕ ਹੀ ਨਹੀਂ ਸੰਭਾਵਨਾਵਾਂ ਨੂੰ ਸਾਣ ਚਾੜ੍ਹਨ ਵਾਲੀ ਪ੍ਰੇਰਨਾ ਹੈ। ਕੋਈ ਵੀ ਵਿਅਕਤੀ ਉਹਦੇ ਵਾਂਗ ਦ੍ਰਿੜ ਨਿਰਣਾ ਲੈ ਕੇ ਮਿਹਨਤ ਕਰਦਿਆਂ ਕੋਈ ਵੀ ਮੰਜ਼ਿਲ ਸਰ ਕਰ ਸਕਦਾ ਹੈ।



## –ਕਹਾਣੀ–

# ਚਰਖਾ

ਮੀਤੀ ਦਸ ਸਾਲ ਦੀ ਛੋਟੀ ਬੱਚੀ ਸੀ। ਜਿਸ ਨੂੰ ਮੇਲੇ ਜਾਣਾ ਬਹੁਤ ਪਸੰਦ ਸੀ। ਉਹ ਹਮੇਸ਼ਾ ਆਪਣੇ ਪਿੰਡ ਵਿੱਚ ਲੱਗਦਾ ਮੱਸਿਆ ਦਾ ਮੇਲਾ ਦੇਖਣ ਲਈ ਜ਼ਰੂਰ ਜਾਂਦੀ ਸੀ। ਆਪਣੇ ਮਾਂ ਬਾਪ ਨਾਲ ਉਥੋਂ ਉਸਨੂੰ ਵੱਖ ਵੱਖ ਤਰ੍ਹਾਂ ਦੇ ਖਿਡੌਣੇ ਖ਼ਰੀਦਣੇ ਬਹੁਤ ਵਧੀਆ ਲੱਗਦੇ ਸਨ। ਜਿਵੇਂ –ਕਿਚਨ ਸੈੱਟ, ਗੁੱਡੀਆਂ ਪਟੋਲੇ ਆਦਿ। ਜਦੋਂ ਇਸ ਵਾਰ ਹੁਣ ਆਪਣੀ ਮਾਂ ਨਾਲ ਮੇਲਾ ਦੇਖਣ ਗਈ ਤਾਂ ਉਸਦੀ ਨਜ਼ਰ ਇੱਕ ਦੁਕਾਨ ਵਿੱਚ ਪਏ ਇੱਕ ਨਿੱਕੇ ਜਿਹੇ ਚਰਖੇ ਉੱਤੇ ਪਈ ਉਹ ਉਸ ਨੂੰ ਖਰੀਦਣ ਦੀ ਜ਼ਿੱਦ ਕਰਨ ਲੱਗੀ। ਉਸਦੀ ਮਾਂ ਨੇ ਉਸ ਦੀ ਗੱਲ ਮੰਨ ਉਸ ਨੂੰ ਚਰਖਾ ਖਰੀਦ ਕੇ ਦੇ ਦਿੱਤਾ। ਮੀਤੀ ਹੁਣ ਖੁਸ਼ ਸੀ। ਆਪਣੇ ਹੱਥ ਵਿੱਚ ਫੜੇ ਚਰਖੇ ਨੂੰ ਵਾਰ ਵਾਰ ਦੇਖ ਰਹੀ ਸੀ। ਮਨ ਵਿੱਚ ਉਸ ਬਾਰੇ ਕਈ ਸਵਾਲ ਇੱਕਠੇ ਕਰਕੇ ਬੈਠੀ ਹੋਈ ਸੀ।

ਪਰ ਜਦੋਂ ਘਰ ਪਹੁੰਚੀ ਤਾਂ ਆਪਣੀ ਮਾਂ ਨੂੰ ਚਰਖੇ ਬਾਰੇ ਬਹੁਤ ਸਵਾਲ ਜਵਾਬ ਕਰਨ ਲੱਗੀ। ਚਰਖੇ ਨੂੰ ਕੌਣ ਤੇ ਕਿਵੇਂ ਬਣਾਉਂਦਾ ਹੈ? ਚਰਖੇ ਨਾਲ ਕੀ ਕਰਦੇ ਹਨ? ਚਰਖੇ ਨੂੰ ਕਿਵੇਂ ਚਲਾਉਂਦੇ ਹਨ?

ਉਸਦੀ ਮਾਂ ਨੂੰ ਵੀ ਬਹੁਤੀ ਜਾਣਕਾਰੀ ਨਾ ਹੋਣ ਕਰਕੇ ਉਸ ਨੂੰ ਉਸਨੇ ਚਰਖੇ ਬਾਰੇ ਚੰਦ ਕੁ ਗੱਲਾਂ ਦੱਸ ਆਪਣਾ ਖਹਿੜਾ ਛੁਡਾਉਣ ਦੀ ਗੱਲ ਕੀਤੀ। ਪਰ ਮੀਤੀ ਦੇ ਸਵਾਲਾਂ ਦੀ ਲੜੀ ਜਿਵੇਂ ਖ਼ਤਮ ਹੋਣ ਦਾ ਨਾਮ ਹੀ ਨਹੀਂ ਲੈ ਰਹੀ ਸੀ। ਇਹ ਦੇਖ ਮੀਤੀ ਨੂੰ ਉਸ ਦੀ ਮੰਮੀ ਨੇ ਝਿੜਕ ਦਿੱਤਾ। ਮੀਤੀ ਹੁਣ ਰੋਂਦੀ ਹੋਈ ਆਪਣੀ ਦਾਦੀ ਕੋਲ ਚੱਲੀ ਗਈ। ਦਾਦੀ ਮੀਤੀ ਨੂੰ ਰੋਂਦੇ ਦੇਖ ਪੁੱਛਦੀ ਹੈ ਕਿ ਪੁੱਤ ਕੀ ਗੱਲ ਹੋਈ ਤੂੰ ਰੋਂਦੀ ਕਿਉਂ ਹੈ?

ਹੌਕੇ ਲੈਂਦੀ ਹੋਈ ਮੀਤੀ ਆਪਣੀ ਦਾਦੀ ਨੂੰ ਸਾਰੀ ਗੱਲ ਦੱਸੀ ਤਾਂ ਦਾਦੀ ਮੀਤੀ ਨੂੰ ਚੁੱਪ ਕਰਾਉਂਦੀ ਹੋਈ ਆਪਣੀ ਗੋਦ ਵਿੱਚ ਲੈ ਕੇ ਬੈਠ ਜਾਂਦੀ ਹੈ ਤੇ ਕਹਿੰਦੀ ਹੈ ਕਿ ਪੁੱਤ ਮੈਂ ਤੈਨੂੰ ਚਰਖੇ ਬਾਰੇ ਦੱਸਦੀ ਹਾਂ। ਮੀਤੀ ਆਪਣੀ ਦਾਦੀ ਦੀ ਗੋਦ ਵਿੱਚ ਬੈਠ ਆਪਣੀ ਦਾਦੀ ਦੀਆਂ ਗੱਲਾਂ ਬੜੇ ਧਿਆਨ ਨਾਲ ਸੁਣਨ ਲੱਗ ਪੈਂਦੀ ਹੈ। ਉਸਦੀ ਦਾਦੀ ਉਸ ਨੂੰ ਪਿਆਰ ਨਾਲ ਚਰਖੇ ਬਾਰੇ ਦੱਸਦੀ ਹੈ ਤੇ ਮੀਤੀ ਗੱਲਾਂ ਸੁਣ ਕੇ ਆਪਣੀ ਦਾਦੀ ਨੂੰ ਪੁੱਛਦੀ ਹੈ ਕਿ ਦਾਦੀ ਮਾਂ ਤੁਹਾਨੂੰ ਚਰਖੇ ਬਾਰੇ ਐਨੀਆਂ ਗੱਲਾਂ ਕਿਵੇਂ ਪਤਾ? ਦਾਦੀ ਹੱਸਦੀ ਹੋਈ ਕਹਿੰਦੀ ਹੈ ਕਿ ਪੁੱਤ ਮੈਂ ਛੋਟੀ ਹੁੰਦੀ ਆਪਣੀ ਮਾਂ ਨੂੰ ਚਰਖਾ ਕੱਤਦੇ ਦੇਖਦੀ ਸੀ ਤੇ ਫਿਰ ਮੈਂ ਆਪ ਚਰਖਾ ਕੱਤਣਾ ਸਿਖ ਦੀ ਸੀ। ਮੇਰੀ ਮਾਂ ਨੇ ਮੈਨੂੰ ਚਰਖਾ ਦਾਜ ਵਿੱਚ ਵੀ ਦਿੱਤਾ ਸੀ। ਇਹ ਸੁਣ ਮੀਤੀ ਬੜੀ ਹੈਰਾਨੀ ਨਾਲ ਆਪਣੀ ਦਾਦੀ ਨੂੰ ਪੁੱਛਦੀ ਹੈ ਕੀ ਦਾਦੀ ਮਾਂ ਹੁਣ ਤੁਹਾਡਾ ਚਰਖਾ ਕਿੱਥੇ ਹੈ? ਮੈਂ ਤੇ ਨਹੀਂ ਦੇਖਿਆ ਕਦੇ? ਹੁਣ ਕਿੱਥੇ ਆ ? ਇਹ ਸੁਣ ਉਸ ਦੀ ਦਾਦੀ ਮਾਂ ਕਹਿੰਦੀ ਉਹ ਤਾਂ ਆਪਣੇ ਪੁਰਾਣੇ ਘਰ ਵਿੱਚ ਸੀ ਜਿੱਥੇ ਮੈਂ ਵਿਆਹੀ ਹੋਈ ਆਈ ਸੀ। ਪਰ ਬਾਅਦ ਵਿੱਚ ਆਪਣੇ ਪੁਰਾਣੇ ਘਰ ਦੀ ਥਾਂ ਨਵੀਂ ਕੋਠੀ ਬਣ ਗਈ।

ਪੁਰਾਣੀਆਂ ਯਾਦਾਂ ਤਾਂ ਪੁਰਾਣੇ ਘਰ ਵਿੱਚ ਹੀ ਰਹਿ ਗਈਆਂ। ਉੱਥੇ ਹੀ ਦਫ਼ਨ ਹੋ ਰਹਿ ਗਈਆਂ। ਨਾਲੇ ਅੱਖਾਂ ਪੂੰਝਦੀ ਹੋਈ ਕਹਿਣ ਲੱਗੀ ਪੁੱਤ ਇਹਨਾਂ ਵਿਰਾਸਤੀ ਚੀਜ਼ਾਂ ਨੂੰ ਕੋਈ ਵਿਰਲਾ ਹੀ ਆਪਣੇ ਘਰੇ ਹੁਣ ਰੱਖਦਾ ਹੈ ਤੇ ਨਵੀਂ ਪੀੜ੍ਹੀ ਕੋਹਾਂ ਦੂਰ ਹੈ ਇਸ ਤੋਂ ਪਤਾ ਨਹੀਂ ਤੇਰਾ ਮਨ ਕਿਵੇਂ ਕੀਤਾ ?ਚਰਖੇ ਬਾਰੇ ਜਾਣਨ ਲਈ। ਇੰਨੀ ਗੱਲ ਸੁਣਦੀ ਹੋਈ ਛੋਟੇ ਚਰਖੇ ਨੂੰ ਆਪਣੀ ਹਿੱਕ ਨਾਲ ਜੋੜ ਮੀਤੀ ਆਪਣੀ ਦਾਦੀ ਦੀ ਗੋਦ ਵਿੱਚ ਹੀ ਸੌਂ ਜਾਂਦੀ ਹੈ।

ਪਰਮਬੀਰ ਕੌਰ ਰਿਆੜ






# ਆਪਣੇ ਤੋਂ ਵੱਖਰੇ ਵਿਚਾਰਾਂ ਦਾ ਸਤਿਕਾਰ ਕਰਨਾ ਸਿੱਖੋ



ਇਨਸਾਨ ਸਾਰੀ ਸ੍ਰਿਸ਼ਟੀ ਦਾ ਇੱਕੋ ਇੱਕ ਅਜਿਹਾ ਜੀਵ ਹੈ ਜਿਸ ਕੋਲ ਸੋਚਣ, ਕਲਪਨਾ ਕਰਨ, ਵਿਸ਼ਲੇਸ਼ਣ ਕਰਨ, ਫੈਸਲੇ ਲੈਣ ਅਤੇ ਨਤੀਜੇ ਕੱਢਣ ਦੀ ਸਮਰਥਾ ਹੈ। ਇਹ ਸਮਰੱਥਾ ਹੋਰ ਕਿਸੇ ਜੀਵ ਜੰਤੂ ਵਿਚ ਨਹੀਂ। ਬਾਕੀ ਜੀਵ ਤਾਂ ਆਪਣੀਆਂ ਜਿਉਂਦੇ ਰਹਿਣ ਦੀਆਂ ਮੁਢਲੀਆਂ ਲੋੜਾਂ ਹੀ ਪੂਰੀਆਂ ਕਰਦੇ ਹਨ। ਭਾਸ਼ਾ ਰਾਹੀਂ ਆਪਣੇ ਵਿਚਾਰਾਂ ਨੂੰ ਦੂਸਰੇ ਤੱਕ ਬੋਲ ਕੇ ਜਾਂ ਲਿਖ ਕੇ ਪਹੁੰਚਾਉਣਾ ਸਿਰਫ ਇਹੀ ਸਰਦਾਰ-ਏ-ਮਖਲੂਕਾਤ ਦੇ ਹਿੱਸੇ ਆਇਆ ਹੈ। ਇਸ ਸ਼ਕਤੀ ਦੀ ਵਰਤੋਂ ਕਰਕੇ ਇਨਸਾਨ ਨੇ ਕੁਦਰਤ ਦੇ ਬਹੁਤ ਸਾਰੇ ਭੇਦ ਲੱਭ ਲਏ ਹਨ, ਹੋਰ ਜੀਵ ਜੰਤੂਆਂ ਅਤੇ ਕੁਦਰਤੀ ਸ਼ਕਤੀਆਂ ਤੇ ਕਾਬੂ ਵੀ ਪਾ ਲਿਆ ਹੈ ਅਤੇ ਪੱਥਰ ਯੁੱਗ ਤੋਂ ਅੱਜ ਪਰਮਾਣੂ ਯੁੱਗ ਤੱਕ ਪੁੱਜ ਚੁੱਕਾ ਹੈ। ਅੱਜ ਅਸੀਂ ਇਸ ਦੇ ਆਪਣੀ ਸੋਚਣ ਅਤੇ ਵਿਚਾਰ ਦੀ ਸ਼ਕਤੀ ਬਾਰੇ, ਆਪਣੇ ਵਿਚਾਰ ਦੂਜਿਆਂ ਤੱਕ ਪਹੁੰਚਾਉਣਾ ਬਾਰੇ, ਦੂਜਿਆਂ ਦੇ ਵਿਚਾਰ ਸੁਣ ਕੇ ਜਾਂ ਪੜ੍ਹ ਕੇ ਉਸ ਤੇ ਦਿੱਤੇ ਜਾ ਰਹੇ ਪ੍ਰਤੀਕਰਮ ਬਾਰੇ ਅਤੇ ਇਸਤਰਾਂ ਇਸਦੇ ਹੋਰਾਂ ਨਾਲ ਪੈਦਾ ਹੋਏ ਅਤੇ ਨਿਭਾਏ ਜਾ ਰਹੇ ਸਮਾਜਿਕ ਸੰਬੰਧਾਂ ਬਾਰੇ ਗੱਲ ਕਰਾਂਗੇ।


ਅਸੀਂ ਜਾਣਦੇ ਹਾਂ ਕਿ ਪੰਜੇ ਉਂਗਲੀਆ ਬਰਾਬਰ ਨਹੀਂ ਹੁੰਦੀਆਂ। ਇਸ ਤਰਾਂ ਨਾਲ ਜਿੰਨੇ ਵਿਅਕਤੀ ਹਨ, ਹਰ ਇੱਕ ਦੀ ਸੋਚ ਅਤੇ ਵਿਚਾਰਧਾਰਾ ਅਲੱਗ ਅਲੱਗ ਹੁੰਦੀ ਹੈ। ਸ਼ੈਕਸ਼ਪੀਅਰ ਅਨੁਸਾਰ ਵਿਅਕਤੀ ਦੀ ਵੱਖਰੀ ਸੋਚ ਹੀ ਉਸਦੀ ਪਹਿਚਾਣ ਹੁੰਦੀ ਹੈ। (I think, therefore I am - William Shakespeare)।ਜਿੰਨੇ ਵਿਅਕਤੀ, ਜਿੰਨੇ ਮਸਲੇ, ਉਤਨੇ ਹੀ ਵਿਚਾਰ ਜਿਹੜੇ ਅਕਸਰ ਹੀ ਵੱਖ ਵੱਖ ਹੁੰਦੇ ਹਨ। ਕਈ ਵਾਰੀ ਬਿਲਕੁਲ ਹੀ ਵਿਰੋਧੀ ਵੀ ਹੁੰਦੇ ਹਨ। ਪਰ ਦੇਖਣ ਵਿਚ ਇਹ ਆਇਆ ਹੈ ਕਿ ਜਦੋਂ ਕੋਈ ਇੱਕ ਵਿਅਕਤੀ ਦੇ ਵਿਚਾਰਾਂ ਤੋਂ ਵਖਰੇ ਵਿਚਾਰ ਪ੍ਰਗਟਾਵੇ, ਤਾਂ ਉਹ ਦੂਸਰੇ ਨੂੰ ਬਰਦਾਸ਼ਤ ਨਹੀਂ ਕਰਦਾ। ਪਹਿਲਾਂ ਹਲਕੀ ਬਹਿਸ ਹੁੰਦੀ ਹੈ। ਫੇਰ ਤਿੱਖਾ ਤਕਰਾਰ ਜਿਹੜਾ ਹੋਰ ਵਧ ਕੇ ਲੜਾਈ ਦਾ ਭਿਆਨਕ ਰੂਪ ਵੀ ਲੈ ਲੈਂਦਾ ਹੈ। ਅਜਿਹਾ ਕਿਉਂ ਹੁੰਦਾ ਹੈ ?? ਬਾਰੇ ਗੰਭੀਰਤਾ ਨਾਲ ਸੋਚੀਏ ਤਾਂ ਮਹਿਸੂਸ ਹੋਏਗਾ ਕਿ ਅਸਲ ਵਿੱਚ ਇਹ ਹਉਮੈ ਦੇ ਕਾਰਨ ਹੀ ਹੁੰਦਾ ਹੈ। ਕੋਈ ਵਿਅਕਤੀ ਕਿਸੇ ਵੀ ਖੇਤਰ ਵਿੱਚ ਮੁਹਾਰਤ ਹਾਸਲ ਕਰ ਲੈਂਦਾ ਹੈ, ਤਾਂ ਉਹ ਇਸ ਤੇ ਮਾਣ ਵੀ ਕਰਦਾ ਹੈ, ਪਰ ਉਸ ਨਾਲ ਚੰਬੜ ਹੀ ਜਾਂਦਾ ਹੈ। ਸਭ ਦੂਸਰੇ ਉਸ ਜਿੰਨਾ ਗਿਆਨ ਨਹੀਂ ਰੱਖਦੇ ਅਤੇ ਕਿਸੇ ਨੁਕਤੇ ਤੇ ਉਸਦੀ ਵਿਚਾਰਧਾਰਾ ਦੇ ਉਲਟ ਪੱਖ ਰੱਖਦੇ ਹਨ ,ਤਾਂ ਪਹਿਲਾ ਵਿਅਕਤੀ ਆਪਣਾ ਧੀਰਜ ਨਹੀਂ ਰੱਖ ਸਕਦਾ ਅਤੇ ਉਸ ਨਾਲ ਬਹਿਸ ਸ਼ੁਰੂ ਕਰ ਦਿੰਦਾ ਹੈ। ਇਸ ਤੁਰਾਂ ਦੀ ਬਹਿਸ ਨਾਲ ਜਿੱਥੇ ਉਹ ਆਪਣਾ ਪ੍ਰਭਾਵ ਗੁਆਉਂਦਾ ਹੈ, ਆਪਣੇ ਸਮਾਜਿਕ ਸੰਬੰਧ ਖਰਾਬ ਕਰਦਾ ਹੈ, ਇਸਦੇ ਨਾਲ ਹੀ ਇੱਕ ਸਭ ਤੋਂ ਵੱਡਾ ਨੁਕਸਾਨ ਇਹ ਹੁੰਦਾ ਹੈ ਕਿ ਉਸਦੀ ਆਪਣੀ ਗਿਆਨ ਵਾਲੀ ਗੱਲ, ਭਾਵੇ ਉਹ ਕਿੰਨੀ ਵੀ ਸੱਚੀ ਕਿਉ ਨਾ ਹੋਵੇ, ਉਸਤੋਂ ਲੋਕ ਦੂਰ ਹੋਣ ਲੱਗਦੇ ਹਨ।



ਜਸਵਿੰਦਰ ਸਿੰਘ ਰੁਪਾਲ
9814715796

ਜਦੋਂ ਮਸਲਾ ਧਰਮ ਦਾ ਹੋਵੇ ਜਾਂ ਰਾਜਨੀਤੀ ਦਾ, ਤਾਂ ਇਹ ਵਿਰੋਧ ਬਹੁਤ ਖਤਰਨਾਕ ਰੁਖ ਧਾਰਨ ਕਰ ਲੈਂਦਾ ਹੈ। ਧਰਮ ਦਾ ਵਿਸ਼ਾ ਬਹੁਤ ਜਿਆਦਾ ਨਾਜ਼ਕ ਹੈ। ਹਰ ਵਿਅਕਤੀ ਦੀਆਂ ਭਾਵਨਾਵਾਂ ਇਸ ਨਾਲ ਜੁੜੀਆਂ ਹੋਈਆਂ ਹੁੰਦੀਆਂ ਹਨ। ਕਿਸੇ ਇੱਕ ਵਿਸ਼ੇ ਤੇ ਇੱਕ ਪੱਖ ਕਦੇ ਵੀ ਅੰਤਿਮ ਨਹੀਂ ਹੁੰਦਾ। ਸਿੱਖ ਇਤਿਹਾਸ ਅਤੇ ਗੁਰਬਾਣੀ ਦੀ ਉਦਾਹਰਣ ਲਈਏ ਤਾਂ ਬੜਾ ਵਧੀਆ ਮਾਡਲ ਸਾਡੇ ਸਾਹਮਣੇ ਪੇਸ਼ ਕੀਤਾ ਗਿਆ ਹੈ। ਗੁਰੂ ਸਾਹਿਬ ਨੇ ਜਿਨਾਂ ਕਰਮ ਕਾਂਡਾਂ ਦਾ , ਭਰਮਾਂ ਦਾ ਪਖੰਡਾਂ ਦੀ ਆਲੋਚਨਾ ਕੀਤੀ ਹੈ, ਉਹ ਬਹੁਤ ਵਧੀਆ ਦਲੀਲ ਪੂਰਨ ਢੰਗ ਨਾਲ ਕੀਤੀ ਗਈ ਹੈ। ਇਤਿਹਾਸ ਵਿਚੋਂ ਦੇਖੀਏ, ਤਾਂ ਵੀ ਜਿਵੇਂ ਹਰਿਦੁਆਰ ਵਿਖੇ ਗੁਰੂ ਨਾਨਕ ਸਾਹਿਬ ਨੇ ਸੂਰਜ ਨੂੰ ਪਾਣੀ ਦੇਣ ਵਾਲਿਆਂ ਨੂੰ ਆਪਣੀ ਗੱਲ ਕਿਵੇਂ ਸਮਝਾਈ ਸੀ। ਜੇ ਗੁਰੂ ਸਾਹਿਬ ਸਿੱਧਾ ਇਹ ਕਹਿੰਦੇ ਕਿ ਤੁਸੀਂ ਗਲਤ ਹੋ, ਸ਼ਾਇਦ ਕੋਈ ਮੰਨਦਾ ਹੀ ਨਾ। ਇਸੇ ਤਰ੍ਹਾਂ ਉਹਨਾਂ ਨੇ ਜਨੇਊ ਦਾ ਸਿੱਧਾ ਵਿਰੋਧ ਨਹੀਂ ਕੀਤਾ, ਸਗੋਂ ਕਿਹਾ ਕਿ ਅਜਿਹਾ ਜਨੇਊ ਪਵਾਉ ਜੋ ਟੁੱਟੇ ਨਾ, ਜਿਸ ਨੂੰ ਅੱਗ ਨਾ ਸਾੜ ਸਕੇ..ਆਦਿ। ਇਸ ਤਰਾਂ ਦੀਆਂ ਸੈਂਕੜੇ ਉਦਾਹਰਣਾਂ ਮਿਲ ਸਕਦੀਆਂ ਹਨ। ਪਰ ਅੱਜ ਅਸੀਂ ਗੁਰੂ ਨਾਨਕ ਜੀ ਦੁਆਰਾ ਸ਼ੁਰੂ ਕੀਤੀ ਸੰਵਾਦ ਦੀ ਚੰਗੀ ਪਿਰਤ ਨੂੰ ਭੁੱਲ ਗਏ ਹਾਂ ਦਲੀਲ ਨਾਲ ਆਪਣੀ ਗੱਲ ਕਰਨ ਲਈ ਪਹਿਲਾਂ ਦੂਸਰੇ ਨੂੰ ਪੂਰਾ ਸੁਣਨਾ ਆਉਣਾ ਚਾਹੀਦਾ ਹੈ।

ਸਿੱਖ ਕੌਮ ਵਿੱਚ ਹੀ ਅੱਜ ਛੋਟੇ ਵੱਡੇ ਮਸਲਿਆਂ ਤੇ ਬਹੁਤ ਵਿਵਾਦ ਹੁੰਦਾ ਨਜ਼ਰ ਆ ਰਿਹਾ ਹੈ। ਕੁਝ ਮਸਲੇ ਤਾਂ ਬਹੁਤ ਹੀ ਛੋਟੇ ਅਤੇ ਨਿਗੂਣੇ ਵੀ ਹਨ, ਜਦ ਕਿ ਕੁਝ ਜਰਾ ਵੱਡੇ ਹਨ। ਪਰ ਸਾਡੀ ਪੇਸ਼ਕਾਰੀ ਦਾ ਤਰੀਕਾ ਬਿਲਕੁਲ ਵੀ ਢੁਕਵਾਂ ਨਹੀਂ ਹੈ। ਅਸਲ ਰੂਪ ਵਿੱਚ ਵੀ, ਪ੍ਰਿੰਟ ਮੀਡੀਆ ਅਤੇ ਇਲੈਕਟ੍ਰਾਨਿਕ ਮੀਡੀਅ 'ਤੇ ਵੀ ਇਹ ਵਿਵਾਦ ਨਜ਼ਰ ਆ ਜਾਂਦਾ ਹੈ। ਸੋਸ਼ਲ ਮੀਡੀਆ ਤੇ ਕੁਝ ਵੀ ਪ੍ਰਗਟਾਉਣ ਦੀ ਅਜਾਦੀ ਦੀ ਬਹੁਤ ਜਿਆਦਾ ਦੁਰ ਵਰਤੋਂ ਅਸੀਂ ਹੁੰਦੀ ਦੇਖਦੇ ਹਾਂ। ਦਸਮ ਗ੍ਰੰਥ, ਮਰਿਆਦਾ, ਧਾਰਮਿਕ ਵਿਅਕਤੀਆਂ ਨੂੰ ਲੈ ਕੇ, ਪੁਰਾਣੇ ਗ੍ਰੰਥ ਜਾਂ ਸਰੋਤਾਂ ਨੂੰ ਲੈ ਕੇ, ਸ਼੍ਰੋਮਣੀ ਕਮੇਟੀ ਅਕਾਲ ਤਖਤ ਨੂੰ ਲੈ ਕੇ ਇਹ ਵਿਵਾਦ ਇੰਨਾ ਭਿਆਨਕ ਹੁੰਦਾ ਹੈ ਕਿ ਹੈਰਾਨੀ ਦੇ ਨਾਲ ਦੁੱਖ ਬਹੁਤ ਜਿਆਦਾ ਹੁੰਦਾ ਹੈ ਕਿਉਂਕਿ ਬਹੁਤੀ ਵਾਰੀ ਬਹਿਸ ਕਰਨ ਵਾਲਿਆਂ ਨੂੰ ਆਪ ਉਸ ਵਿਸ਼ੇ ਬਾਰੇ ਕੱਖ ਵੀ ਪਤਾ ਨਹੀਂ ਹੁੰਦਾ, ਪਰ ਉਹ ਆਪਣੇ ਆਪ ਨੂੰ ਪੂਰਨ ਵਿਦਵਾਨ ਮੰਨ ਕੇ ਗੱਲ ਕਰਦੇ ਨਜ਼ਰ ਆਉਣਗੇ। ਇਸੇ ਤਰਾਂ ਰਾਜਨੀਤੀ ਦਾ ਵਿਸ਼ਾ ਵੀ ਕਾਫੀ ਨਾਜ਼ਕ ਹੈ। ਹਰ ਇੱਕ ਵਿਅਕਤੀ ਦੀ ਆਪਣੀ ਪਸੰਦ ਹੈ ਕਿਸੇ ਵੀ ਰਾਜਨੀਤਿਕ ਪਾਰਟੀ ਪ੍ਰਤੀ ਜਾਂ ਵਿਅਕਤੀ ਪ੍ਰਤੀ, ਪਰ ਅਸੀਂ ਅਕਸਰ ਹੀ ਕਿਸੇ ਵਿਅਕਤੀ ਜਾਂ ਪਾਰਟੀ ਨੂੰ ਕੇਂਦਰ ਵਿਚ ਰੱਖ ਕੇ ਉਸਦੀ ਅਹੀ ਤਹੀ ਫੇਰਨ ਦੀ ਢਿੱਲ ਨਹੀਂ ਕਰਦੇ। ਰਾਜਨੀਤਿਕ ਨੇਤਾ ਵੀ ਵਿਰੋਧੀ ਪਾਰਟੀ ਦੀ ਆਲੋਚਨਾ ਬਹੁਤ ਹਲਕੇ ਅਤੇ ਘਟੀਆ ਅੰਦਾਜ ਵਿਚ ਕਰਦੇ ਦੇਖੇ ਸੁਣੇ ਗਏ ਹਨ।



ਇਹ ਬਿਰਤੀ ਬਾਹਰਲੇ ਦੇਸ਼ਾਂ ਵਿੱਚ ,ਭਾਰਤ ਦੇ ਮੁਕਾਬਲੇ ਕਾਫੀ ਘੱਟ ਹੈ। ਬਿਲਕੁਲ ਖਤਮ ਤਾਂ ਨਹੀ ਕਹਿ ਸਕਦੇ, ਕਿਉਂਕਿ ਮਨੁੱਖੀ ਬਿਰਤੀ ਹੈ। ਪਰ ਜੇ ਦੂਸਰੇ ਦਾ ਸਤਿਕਾਰ ਕਰਨ ਦੀ ਜਾਚ ਆ ਜਾਵੇ ਤਾਂ ਕੁਝ ਲਾਭ ਹੋ ਸਕਦਾ ਹੈ। ਬਾਹਰਲੇ ਦੇਸ਼ਾਂ ਨੇ ਹਰ ਦੂਸਰੇ ਵਿਅਕਤੀ ਦੀ "ਨਿੱਜੀ ਆਜ਼ਾਦੀ" ਦੀ ਕਦਰ ਕਰਨੀ ਸਿਖਾਈ ਹੈ। ਇਸੇ ਲਈ ਉਹ ਲੋਕ ਸਾਡੇ ਵਾਂਗ ਚੁਗਲੀਆਂ ਕਰਨ ਜਾਂ ਸੁਣਨ ਵਿੱਚੋਂ ਖੁਸ਼ੀ ਨਹੀਂ ਲੱਭਦੇ। ਅਸੀਂ ਭਾਰਤੀ ਭਾਵੇਂ ਉਹਨਾਂ ਲਈ ਸਵਾਰਥੀ, ਚਿੱਟੇ ਖੂਨ ਵਾਲੇ ਅਤੇ ਰੁੱਖੇ ਸ਼ਬਦ ਵਰਤਣ ਤੋਂ ਘੌਲ ਨਹੀਂ ਕਰਦੇ ਪਰ ਘੱਟੋ ਘੱਟ ਉਹ ਸਾਡੇ ਵਰਗੇ ਵਿਵਾਦਾਂ ਤੋਂ ਬਚੇ ਰਹਿੰਦੇ ਹਨ। ਸੰਤ ਸਿੰਘ ਮਸਕੀਨ ਜੀ ਦੀ ਇੱਕ ਗੱਲ ਯਾਦ ਆਉਂਦੀ ਹੈ। ਉਹਨਾਂ ਨੇ ਕਿਸੇ ਕਥਾ ਵਿੱਚ ਕਿਹਾ ਸੀ," ਜੋ ਮੇਰਾ ਹੈ, ਸਿਰਫ ਉਹ ਹੀ ਸੱਚ ਨਹੀਂ। ਅਤੇ ਜੋ ਸੱਚਾ ਹੈ, ਉਹ ਸਿਰਫ ਮੇਰਾ ਹੀ ਨਹੀਂ।" ਇਸ ਛੋਟੇ ਜਿਹੇ ਵਾਕ ਨੂੰ ਜੇ ਅਸੀਂ ਜਿੰਦਗੀ ਵਿੱਚ ਵਸਾ ਲਈਏ ਤਾਂ ਬਹੁਤ ਸਾਰੀ ਫਜ਼ੂਲ ਦੀ ਬਹਿਸ ਅਤੇ ਵਿਵਾਦ ਵਿੱਚ ਖਰਚ ਹੋ ਰਿਹਾ ਸਮਾਂ ਅਤੇ ਊਰਜਾ ਬਚ ਜਾਏਗੀ। ਇਸ ਊਰਜਾ ਨੂੰ ਅਸੀਂ ਕਿਸੇ ਚੰਗੇ ਪਾਸੇ ਲਗਾ ਸਕਾਂਗੇ।ਇਸ ਪੱਖ ਤੋਂ ਵਿਗਿਆਨਕਾਂ ਦੀ ਸੋਚ ਅਤੇ ਬਿਰਤੀ ਅੱਗੇ ਸਿਰ ਝੁਕਦਾ ਹੈ। ਉਹ ਆਪਣੀ ਖੋਜ ਨੂੰ, ਆਪਣੇ ਸਿਧਾਂਤ ਨੂੰ ਕਦੇ ਵੀ ਅੰਤਿਮ ਨਹੀਂ ਸਮਝਦੇ । ਬਹੁਤੀ ਵਾਰੀ ਨਵਾਂ ਸਿਧਾਂਤ, ਪਹਿਲੇ ਸਿਧਾਂਤ ਤੋਂ ਬਿਲਕੁਲ ਹੀ ਵੱਖਰਾ ਹੁੰਦਾ ਹੈ। ਅਸੀਂ ਸਭ ਨਵੇਂ ਸਿਧਾਂਤ ਨੂੰ ਆਪਣਾ ਲੈਂਦੇ ਹਾਂ, ਪਰ ਪਹਿਲੇ ਵਿਗਿਆਨਕ ਦੀ ਦੇਣ ਨੂੰ ਛੁਟਿਆਉਂਦੇ ਨਹੀਂ। ਕਦੇ ਵਿਵਾਦ ਨਹੀਂ ਪੈਦਾ ਹੁੰਦਾ। ਕਿਉਂਕਿ ਉਹ ਸੱਚ ਦੀ ਕਦਰ ਕਰਨਾ ਜਾਣਦੇ ਹਨ।

ਬਹੁ ਗਿਣਤੀ ਕੋਲ ਏਡਾ ਵੱਡਾ ਦਿਲ ਨਹੀਂ ਜਾਂ ਕਹੀਏ ਕਿ ਐਡੀ ਸੂਝ ਨਹੀਂ ਹੈ ਕਿ ਉਹ ਦੂਸਰੇ ਨੂੰ ਜਿਸ ਤਰ੍ਹਾਂ ਉਹ ਹੈ, ਉਸੇ ਤਰ੍ਹਾਂ ਸਵੀਕਾਰ ਕਰ ਸਕੇ ਅਤੇ ਉਸ ਭਿੰਨਤਾ ਦੇ ਬਾਵਜੂਦ ਪਿਆਰ ਅਤੇ ਦੋਸਤੀ ਨਿਭਾ ਸਕੇ। ਹਰ ਵਿਅਕਤੀ ਸਿਰਫ ਏਨਾ ਹੀ ਨਹੀਂ ਕਿ ਉਹ ਆਪਣੀ ਗੱਲ ਨੂੰ ਠੀਕ ਹੀ ਮੰਨਦਾ ਹੈ, ਉਸਨੇ ਹਰ ਮਿਲਣ ਵਾਲੇ ਤੋਂ ਆਪਣੀ ਵਿਚਾਰਧਾਰਾ ਦੀ ਸਹਿਮਤੀ ਵੀ ਲੈਣੀ ਹੈ। ਇਸ ਕੰਮ ਲਈ ਉਸਨੂੰ ਕਿੰਨੇ ਵੀ ਢੰਗ ਤਰੀਕੇ ਕਿਉ ਨਾ ਬਦਲਣੇ ਪੈਣ। ਸਮਾਜ ਦੀ ਸਭ ਤੋਂ ਛੋਟੀ ਇਕਾਈ ਪਰਿਵਾਰ ਤੋਂ ਹੀ ਇਹ ਗੱਲ ਸ਼ੁਰੂ ਹੋ ਜਾਂਦੀ ਹੈ। ਪਰਿਵਾਰ ਦਾ ਮੁਖੀ ਆਪਣੀ ਪਤਨੀ ਅਤੇ ਬੱਚਿਆਂ ਵਿਚ ਆਪਣੇ ਤੋਂ ਵੱਖਰੇ ਵਿਚਾਰ ਬਰਦਾਸ਼ਤ ਨਹੀਂ ਕਰਦਾ। ਸਾਡੇ ਬਹੁਤੇ ਝਗੜਿਆਂ ਦਾ ਕਾਰਨ ਹੀ ਇਹੀ ਹੈ। ਭਾਵੇਂ ਗੱਲ ਪਤੀ ਪਤਨੀ ਦੀ ਹੈ, ਪਿਤਾ ਪੁੱਤਰ ਦੀ ਹੈ, ਸੱਸ ਨੂੰਹ ਦੀ ਜਾਂ ਕਿਸੇ ਵੀ ਹੋਰ ਸੰਬੰਧ ਦੀ, ਜੋ ਵੀ ਰਿਸ਼ਤੇ ਵਿੱਚ, ਉਮਰ ਵਿੱਚ, ਅਹੁਦੇ ਵਿੱਚ, ਜਾਂ ਕਿਸੇ ਵੀ ਹੋਰ ਪੱਖ ਤੋਂ ਦੂਜਿਆਂ ਨਾਲੋਂ ਵੱਡਾ ਹੈ, ਉਸਨੇ ਬਾਕੀਆਂ ਤੇ ਆਪਣੇ ਵਿਚਾਰ ਠੋਸਣੇ ਹੀ ਠੋਸਣੇ ਹਨ। ਜੇ ਉਹ ਨਹੀਂ ਮੰਨਦੇ ਜਾਂ ਵਿਰੋਧ ਕਰਦੇ ਹਨ, ਫੇਰ ਕਲੇਸ਼ ਸ਼ੁਰੂ ਹੋ ਜਾਂਦਾ ਹੈ। ਵੱਡੇ ਆਪਣੇ ਤਜਰਬੇ ਨੂੰ ਬੱਚਿਆਂ ਦੇ ਗਿਆਨ ਤੋਂ ਉੱਚਾ ਮੰਨਦੇ ਹਨ ਅਤੇ ਬੱਚੇ ਆਪਣੇ ਆਧੁਨਿਕ ਯੁੱਗ ਦੇ ਗਿਆਨ ਨੂੰ ਸਹੀ ਅਤੇ ਪ੍ਰਮਾਣਿਤ ਮੰਨਦੇ ਹਨ। ਹੁਣ ਇਹ ਭਾਵਨਾ ਕਿਸੇ ਵਿਚ ਨਹੀਂ ਕਿ ਉਹ ਦੂਸਰੇ ਨੂੰ ਜਿਹੋ ਜਿਹਾ ਵੀ ਉਹ ਹੈ, ਉਸੇ ਤਰ੍ਹਾਂ ਸਵੀਕਾਰ ਕਰ ਲਵੇ। ਸਾਡੇ ਦੇਸ਼ ਵਿੱਚ ਇਸ ਗੱਲ ਦੀ ਬਹੁਤ ਹੀ ਘੱਟ ਸੰਭਾਵਨਾ ਹੈ ਕਿ ਪਤੀ ਕਿਸੇ ਹੋਰ ਰਾਜਨੀਤਿਕ ਪਾਰਟੀ ਨੂੰ ਵੋਟ ਪਾਵੇ ਅਤੇ ਪਤਨੀ ਕਿਸੇ ਦੂਜੀ ਪਾਰਟੀ ਨੂੰ। ਪਤੀ ਕਿਸੇ ਹੋਰ ਧਰਮ ਦੀਆਂ ਰਸਮਾਂ ਨਿਭਾਵੇ, ਪਤਨੀ ਕਿਸੇ ਹੋਰ ਦੀਆਂ। ਉਹ ਤਾਂ ਇੱਕ ਧਰਮ ਦੇ ਦੂਜੇ ਧੜੇ ਵਿੱਚ ਵੀ ਨਹੀਂ ਜਾ ਸਕਦੇ। ਸੱਸ ਨੂੰਹ ,ਪਿਤਾ ਪੁੱਤਰ ਆਦਿ ਦੇ ਵਿਵਾਦ ਦਾ ਬਹੁਤੀ ਵਾਰੀ ਕਾਰਨ ਇਹ ਹੁੰਦਾ ਹੈ ਕਿ ਕਿਸੇ ਵੀ ਕੰਮ ਨੂੰ ਕਰਨ ਦਾ ਤਰੀਕਾ ਉਹਨਾਂ ਦਾ ਅਲੱਗ ਅਲੱਗ ਹੈ। ਵੱਖ ਵੱਖ ਮੁੱਦਿਆਂ ਤੇ ਖੇਤਰਾਂ ਨੂੰ ਦਿੱਤੀ ਜਾਣ ਵਾਲੀ ਤਰਜੀਹ ਵੱਖਰੀ ਹੈ। ਹਰ ਇੱਕ ਆਪਣੀ ਤਕਨੀਕ ਨੂੰ ਦੂਸਰੇ ਤੇ ਲਾਗੂ ਕਰਨੀ ਚਾਹੁੰਦਾ ਹੈ। ..

ਕਿੰਨਾ ਚੰਗਾ ਹੋਵੇ ਜੇ ਅਸੀਂ ਹਰ ਦੂਜੇ ਇਨਸਾਨ ਨੂੰ ਉਸਦੀਆਂ ਆਪਣੀਆਂ ਸੋਚਾਂ, ਵਿਚਾਰਾਂ, ਤਰੀਕਿਆਂ, ਅਤੇ ਤਰਜੀਹਾਂ ਦੇ ਰੱਖਦੇ ਹੋਏ ਵੀ ਸਤਿਕਾਰ ਦੇਣਾ ਸਿੱਖ ਜਾਈਏ। ਜਿਵੇਂ ਸਾਡੇ ਹੱਥ ਦੀਆਂ ਪੰਜੇ ਉਂਗਲਾਂ ਵੱਖ ਵੱਖ ਹੁੰਦੀਆਂ ਵੀ ਇਕੱਠੀਆਂ ਹੋ ਕੇ ਕੰਮ ਕਰਦੀਆਂ ਹਨ। ਸਰੀਰ ਦੇ ਹੋਰ ਅੰਗ ਵੱਖ ਵੱਖ ਹੋ ਕੇ ਆਪੋ ਆਪਣੀ ਡਿਊਟੀ ਵਧੀਆ ਨਿਭਾ ਰਹੇ ਹਨ। ਅਨੇਕਤਾ ਵਿੱਚ ਏਕਤਾ ਦਾ ਨਾਅਰਾ ਲਗਾਇਆ ਜਰੂਰ ਗਿਆ ਹੈ, ਪਰ ਨਿਭਾਇਆ ਕਦੇ ਨਹੀਂ ਗਿਆ। ਇਸੇ ਲਈ ਸਾਡੇ ਦੇਸ਼ ਵਿਚ ਧਰਮਾਂ, ਜਾਤਾਂ ਦੇ ਝਗੜੇ ਅਤੇ ਵਿਵਾਦ ਖਤਮ ਨਹੀਂ ਹੋ ਸਕਦੇ। ਕਦੇ ਅਜਿਹਾ ਭਾਰਤ ਵਿਚ ਸੁਣਨ ਨੂੰ ਨਹੀਂ ਮਿਲਿਆ ਕਿ ਇੱਕ ਤਲਾਕ ਸ਼ੁਦਾ ਪਤੀ ਪਤਨੀ , ਜਾਂ ਸਾਬਕਾ ਪ੍ਰੇਮੀ ਪ੍ਰੇਮਿਕਾ ,ਦੋਸਤਾਂ ਵਾਂਗ ਵਿਚਰਦੇ ਹੋਣ। ਜਦਕਿ ਵਿਦੇਸ਼ਾਂ ਵਿੱਚ ਅਜਿਹਾ ਵਰਤਾਰਾ ਆਮ ਹੈ। ਇੱਕੋ ਇੱਕ ਕਾਰਨ ਕਿ ਸਾਨੂੰ ਦੂਸਰੇ ਨੂੰ ਉਸਦੇ ਅੰਦਾਜ ਵਿਚ ਜਿਉਣ ਦੇਣਾ ਨਹੀਂ ਆਉਂਦਾ। ਅਸੀਂ ਜਾਂ ਤਾਂ ਪਿਆਰ ਕਰ ਸਕਦੇ ਹਾਂ, ਜਿੱਥੇ ਦੂਸਰੇ ਦੀ ਹਰ ਗਲਤ ਗੱਲ ਲਈ ਵੀ ਸਾਥ ਦੇਣਾ ਜਾਇਜ਼ ਹੈ। ਅਤੇ ਜਾਂ ਨਫਰਤ ਕਰਨੀ ਜਾਣਦੇ ਹਾਂ ਜਿੱਥੇ ਦੂਸਰੇ ਦੇ ਹਰ ਗੁਣ ਨੂੰ ਵੀ ਔਗੁਣ ਬਣਾ ਕੇ ਪੇਸ਼ ਕਰਦੇ ਹਾਂ। ਉਸਦੇ ਗੁਣਾਂ ਅਤੇ ਔਗਣਾਂ ਸਮੇਤ ਉਸਨੂੰ ਪਿਆਰ ਕਰਨਾ ਸਾਨੂੰ ਔਖਾ ਹੈ। ਇਸੇ ਲਈ ਸਾਨੂੰ ਗਲਤੀ ਮੁਆਫ ਕਰਨੀ ਨਹੀਂ ਆਉਂਦੀ ।

ਅਸੰਭਵ ਕੁਝ ਵੀ ਨਹੀਂ, ਜੇ ਕੋਸ਼ਿਸ਼ ਕਰੀਏ ਤਾਂ ਆਪਣੀ ਇਸ ਆਦਤ ਨੂੰ ਆਸਾਨੀ ਨਾਲ ਬਦਲਿਆ ਜਾ ਸਕਦਾ ਹੈ। ਆਪਣੀ ਨਿਜ ਦੇ ਵਿਚਾਰ ਅਤੇ ਆਦਤ ਕਾਇਮ ਰੱਖਦੇ ਹੋਏ ਵੀ ਦੂਸਰੇ ਦੇ ਵਿਰੋਧੀ ਵਿਚਾਰ ਅਤੇ ਆਦਤ ਨੂੰ ਸਵੀਕਾਰ ਕਰਕੇ ਉਸ ਨਾਲ ਵਧੀਆ ਸੰਬੰਧ ਰੱਖੇ ਜਾ ਸਕਦੇ ਹਨ। ਅਸੀਂ ਸ਼ੁਰੂਆਤ ਕਰੀਏ, ਤਾਂ ਦੂਸਰਾ ਵਿਅਕਤੀ ਵੀ ਸਾਡੀ ਨਿੱਜੀ ਹੋਂਦ ਨੂੰ ਸਾਡੀ ਵਿਚਾਰਧਾਰਾ ਨੂੰ ,ਮਾਣ ਦੇਣ ਲੱਗ ਜਾਏਗਾ। ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਤੋਂ ਸਾਨੂੰ ਸਿੱਖਿਆ ਲੈਣੀ ਚਾਹੀਦੀ ਹੈ। ਉਹਨਾਂ ਨੇ ਉਸ ਵਿਸ਼ਵਾਸ਼ ਦੀ ਰਾਖੀ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ ਜਿਹੜਾ ਉਹਨਾਂ ਦੀ ਆਪਣੀ ਵਿਚਾਰਧਾਰਾ ਨਾਲ ਬਿਲਕੁਲ ਵੀ ਮੇਲ ਨਹੀਂ ਸੀ ਖਾਂਦਾ। ਅਸੀਂ ਕਦੋਂ ਸਬਕ ਲੈ ਕੇ ਆਪਣੀ ਜਿੰਦਗੀ ਵਿਚ ਅਮਲ ਕਰਨਾ ਸ਼ੁਰੂ ਕਰਾਂਗੇ ???

# ਕਿਸ਼ੋਰ ਅਵਸਥਾ ਵਿੱਚ ਵੱਧ ਰਹੀ ਇਕੱਲਤਾ

ਅੱਜ ਦੇ ਸਮੇਂ ਵਿੱਚ ਕਿਸ਼ੋਰ ਅਵਸਥਾ ਤੋਂ ਹੀ ਬੱਚਿਆਂ ਦੇ ਉੱਤੇ ਕੈਰੀਅਰ ਬਣਾਉਣ ਦਾ ਬਹੁਤ ਜਿਆਦਾ ਦਬਾਅ ਹੈ। ਬੱਚਿਆਂ ਨੂੰ ਇਹੀ ਗੱਲ ਪੁੱਛੀ ਜਾਂਦੀ ਹੈ ਕਿ ਤੁਸੀਂ ਕੀ ਕਰ ਰਹੇ ਹੋ ਤੇ ਤੁਸੀਂ ਕੀ ਬਣਨਾ ਹੈ? ਮਾਤਾ ਪਿਤਾ ਤੋਂ ਹਰ ਕੋਈ ਇਹੀ ਸਵਾਲ ਕਰਦਾ ਹੈ ਕਿ ਤੁਹਾਡੇ ਬੱਚੇ ਕੀ ਕਰ ਰਹੇ ਹਨ? ਕਿੰਨੇ ਨੰਬਰ ਆਏ ਹਨ? ਕਿਹੜਾ ਰੈਂਕ ਆਇਆ ਹੈ? ਸਾਡੇ ਆਲੇ ਦੁਆਲੇ ਤੇ ਸਮਾਜ ਵਿੱਚੋਂ ਆਏ ਇਹਨਾਂ ਸਵਾਲਾਂ ਦਾ ਦਬਾਅ ਮਾਂ ਬਾਪ ਤੇ ਤਾਂ ਬਣਦਾ ਹੀ ਹੈ ਪਰ ਬੱਚਿਆਂ ਤੇ ਬਹੁਤ ਜਿਆਦਾ ਬਣਦਾ ਹੈ।

ਬੱਚਿਆਂ ਦੀ ਕਾਰਗੁਜ਼ਾਰੀ ਨੂੰ ਸਟੇਟਸ ਨਾਲ ਜੋੜ ਲਿਆ ਗਿਆ ਹੈ। ਮਾਂ ਬਾਪ ਇਹ ਚਾਹੁੰਦੇ ਹਨ ਕਿ ਉਹਨਾਂ ਦਾ ਬੱਚਾ ਕੁਝ ਅਜਿਹਾ ਕਰੇ ਜਿਸ ਨਾਲ ਉਹ ਹੁੱਬ ਕੇ ਇਹ ਦੱਸਣ ਕਿ ਉਹਨਾਂ ਦੇ ਬੱਚੇ ਦੀ ਪ੍ਰਾਪਤੀ ਕੀ ਹੈ। ਪਰ ਕੀ ਇਹ ਜਰੂਰੀ ਹੈ ਕਿ ਹਰ ਬੱਚਾ ਉਸ ਪੱਧਰ ਤੇ ਪਹੁੰਚ ਸਕੇ? ਕਿ ਹਰ ਬੱਚੇ ਦੀ ਕਾਬਲੀਅਤ ਇੱਕੋ ਜਿਹੀ ਹੁੰਦੀ ਹੈ?

ਅਜਿਹਾ ਨਾ ਹੁੰਦਾ ਹੈ ਨਾ ਹੋ ਸਕਦਾ ਹੈ। ਇਸ ਗੱਲ ਨੂੰ ਨਾ ਸਮਝਣ ਕਰਕੇ ਹੀ ਬੱਚੇ ਦਬਾਅ ਹੇਠ ਜੀ ਰਹੇ ਹਨ।

ਉਹ ਉਮਰ ਜਿਸ ਵਿੱਚ ਬੱਚੇ ਨੂੰ ਮਾਂ ਬਾਪ ਦੀ ਸਭ ਤੋਂ ਜਿਆਦਾ ਜਰੂਰਤ ਹੁੰਦੀ ਹੈ ਉਸ ਸਮੇਂ ਉਸ ਤੋਂ ਦੂਰੀ ਬਣਾਈ ਜਾਂਦੀ ਹੈ ਕਿ ਉਹ ਪੜ੍ਹਾਈ ਕਰੇ। ਜਿਸ ਉਮਰ ਵਿੱਚ ਦੋਸਤਾਂ ਨਾਲ ਉਸਨੇ ਬਹੁਤ ਕੁਝ ਸਿੱਖਣਾ ਹੁੰਦਾ ਹੈ ਉਸ ਉਮਰ ਵਿੱਚ ਉਸਨੂੰ ਕੋਚਿੰਗ ਸੰਸਥਾਵਾਂ ਦੇ ਜਾਲ ਵਿੱਚ ਫਸਾ ਦਿੱਤਾ ਜਾਂਦਾ ਹੈ। ਬੱਚਾ ਕੋਚਿੰਗ ਸੰਸਥਾਨ ਤੋਂ ਘਰ ਘਰ ਤੋਂ ਕੋਚਿੰਗ ਸੰਸਥਾਨ ਬਸ ਇਸੇ ਵਿੱਚ ਉਲਝਿਆ ਰਹਿ ਜਾਂਦਾ ਹੈ। ਵੱਡੇ ਵੱਡੇ ਕੋਚਿੰਗ ਸੰਸਥਾਨ ਪੈਸੇ ਕਮਾਉਣ ਦੀਆਂ ਮਸ਼ੀਨਾਂ ਹਨ। ਮਾਂ ਬਾਪ ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ।

ਉਹ ਸਿਰਫ ਇਹ ਚਾਹੁੰਦੇ ਹਨ ਕਿ ਉਹਨਾਂ ਦਾ ਬੱਚਾ ਕਰੋੜਾਂ ਦਾ ਪੈਕੇਜ ਲਵੇ ਬਿਨਾਂ ਇਹ ਸਮਝੇ ਕਿ ਬੱਚਾ ਕੀ ਚਾਹੁੰਦਾ ਹੈ। ਕਾਰਗੁਜ਼ਾਰੀ ਦਾ ਦਬਾਅ ਇਨਾ ਜਿਆਦਾ ਹੈ ਕਿ ਬੱਚੇ ਦੇ ਮਨ ਵਿੱਚ ਜੇ ਉਸ ਪੱਧਰ ਦੀ ਪ੍ਰਾਪਤੀ ਨਾ ਕਰ ਸਕੇ ਜਿਸ ਦੀ ਉਸ ਤੋਂ ਉਮੀਦ ਕੀਤੀ ਗਈ ਹੈ ਕੁੰਠਾ ਪੈਦਾ ਹੋ ਜਾਂਦੀ ਹੈ। ਉਸ ਨੂੰ ਆਪਣੇ ਆਪ ਤੋਂ ਹਿਕਾਰਤ ਹੋਣ ਲੱਗਦੀ ਹੈ। ਉਹ ਬਿਨਾਂ ਜ਼ਿੰਦਗੀ ਦੇ ਕਿਸੇ ਮੈਦਾਨ ਵਿੱਚ ਨਿਤਰੇ ਆਪਣੇ ਆਪ ਨੂੰ ਹਾਰਿਆ ਹੋਇਆ ਮੰਨ ਲੈਂਦਾ ਹੈ। ਇਹ ਹਾਰ ਉਸ ਦੇ ਅੰਦਰ ਇੰਨੀ ਗਹਿਰੀ ਬੈਠ ਜਾਂਦੀ ਹੈ ਕਿ ਜਦੋਂ ਕੁਝ ਨਹੀਂ ਕਰ ਸਕਦਾ।

ਦੋ ਢਾਈ ਸਾਲ ਦੇ ਬੱਚੇ ਤੋਂ ਉਮੀਦ ਸ਼ੁਰੂ ਹੋ ਜਾਂਦੀ ਹੈ ਕਿ ਉਹ ਪਰਫੋਰਮ ਕਰੇ। 14 ਸਾਲ ਦੀ ਉਮਰ ਤੋਂ ਬਾਅਦ ਤਾਂ ਇਹ ਦਬਾਅ ਬਹੁਤ ਜਿਆਦਾ ਵੱਧ ਜਾਂਦਾ ਹੈ। ਬੱਚੇ ਦਾ ਬਚਪਨ ਇਹਨਾਂ ਉਮੀਦਾਂ ਤੇ ਦਬਾਅ ਦੇ ਵਿੱਚ ਰੁਲ ਜਾਂਦਾ ਹੈ। ਕਦੀ ਧਿਆਨ ਕਰੋ ਅੱਜਕੱਲ ਦੇ ਬੱਚਿਆਂ ਦੇ ਦੋਸਤ ਨਹੀਂ ਹਨ। ਬੱਚੇ ਦੋਸਤਾਂ ਦੇ ਘਰ ਨਹੀਂ ਜਾਂਦੇ ਨਾ ਹੀ ਦੋਸਤ ਉਹਨਾਂ ਦੇ ਘਰ ਆਉਂਦੇ ਹਨ। ਪਰਫੋਰਮੈਂਸ ਦੇ ਚੱਕਰ ਵਿੱਚ ਮਾਂ ਬਾਪ ਇੱਕ ਸਰਵੀਲੀਅੰਸ ਕੈਮਰੇ ਵਾਂਗ ਉਹਨਾਂ ਦੇ ਦੁਆਲੇ ਘੁੰਮਦੇ ਹਨ। ਉਹ ਇਹ ਚਾਹੁੰਦੇ ਹਨ ਕਿ ਉਹੀ ਬੱਚੇ ਦੇ ਦੋਸਤ ਬਣਨ। ਇਹ ਬਹੁਤ ਚੰਗੀ ਗੱਲ ਹੈ ਕਿ ਉਹ ਬੱਚੇ ਦੇ ਦੋਸਤ ਬਣਨ ਪਰ ਬੱਚੇ ਨੂੰ ਹਮ ਉਮਰ ਦੋਸਤਾਂ ਦੀ ਵੀ ਜਰੂਰਤ ਹੈ।

ਜਿਹੜੀ ਸਾਂਝ ਬੱਚਾ ਆਪਣੇ ਹਮ ਉਮਰ ਦੋਸਤਾਂ ਨਾਲ ਪਾ ਸਕਦਾ ਹੈ ਉਹ ਮਾਂ ਬਾਪ ਨਾਲ ਸੰਭਵ ਨਹੀਂ। ਇਸ ਉਮਰ ਵਿੱਚ ਸ਼ਖਸੀਅਤ ਦੀ ਨੀਹ ਰੱਖੀ ਜਾਂਦੀ ਹੈ। ਅੱਧੇ ਨੂੰ ਮਜਬੂਤੀ ਦੇਣ ਲਈ ਪਾਣੀ ਪਾਉਣਾ ਪੈਂਦਾ ਹੈ ਤੇ ਮਿੱਟੀ ਨਰਮ ਰੱਖਣੀ ਪੈਂਦੀ ਹੈ। ਸਖਤ ਮਿੱਟੀ ਵਿੱਚ ਪੌਦਾ ਮਰ ਜਾਂਦਾ ਹੈ। ਬਸ ਇਹੀ ਭੁੱਲ ਅੱਜ ਕੱਲ ਮਾਂ ਬਾਪ ਆਪਣੇ ਬੱਚਿਆਂ ਨਾਲ ਕਰ ਰਹੇ ਹਨ। ਉਹਨਾਂ ਨੂੰ ਨਰਮ ਮਿੱਟੀ ਨਹੀਂ ਦੇ ਰਹੇ ਜਿੱਥੇ ਉਹ ਆਪਣੇ ਤਰੀਕੇ ਨਾਲ ਵੱਧ ਫੁੱਲ ਸਕਣ।

ਹਰ ਬੱਚੇ ਦੇ ਅੰਦਰ ਕੋਈ ਨਾ ਕੋਈ ਪ੍ਰਤਿਭਾ ਹੈ। ਪਰ ਹਰ ਬੱਚੇ ਦੇ ਅੰਦਰ ਇੱਕੋ ਪ੍ਰਤਿਭਾ ਨਹੀਂ ਹੈ। ਜੇ ਦੂਜੇ ਦੇ ਬੱਚੇ ਨੇ ਡਾਕਟਰੀ ਕੀਤੀ ਹੈ ਤਾਂ ਜਰੂਰੀ ਨਹੀਂ ਹੈ ਕਿ ਤੁਹਾਡਾ ਬੱਚਾ ਵੀ ਡਾਕਟਰ ਹੀ ਕਰੇਗਾ। ਇਸ ਸਾਰੇ ਰੌਲੇ ਗੌਲੇ ਵਿੱਚ ਬੱਚਾ ਅੰਦਰੋਂ ਅੰਦਰ ਇਕੱਲਾ ਹੁੰਦਾ ਜਾ ਰਿਹਾ ਹੈ। ਉਹ ਆਪਣੇ ਮਾਂ ਬਾਪ ਜੋ ਕਿ ਉਸਦੇ ਦੋਸਤ ਬਣੇ ਹੋਏ ਹਨ ਉਹਨਾਂ ਨਾਲ ਆਪਣਾ ਡਰ ਸਾਂਝਾ ਨਹੀਂ ਕਰ ਸਕਦਾ। ਉਸ ਨੂੰ ਪਤਾ ਹੈ ਕਿ ਉਸ ਤੋਂ ਉਮੀਦਾਂ ਬਹੁਤ ਜ਼ਿਆਦਾ ਹਨ। ਉਹ ਇਕੱਲੇਪਣ ਦਾ ਸ਼ਿਕਾਰ ਹੋ ਰਿਹਾ ਹੈ। ਉਸਦੇ ਡਰ ਉਸ ਤੇ ਹਾਵੀ ਹੋ ਜਾਂਦੇ ਹਨ ਜਦੋਂ ਉਹ ਉਸ ਪੱਧਰ ਦੀ ਕਾਰਗੁਜ਼ਾਰੀ ਨਹੀਂ ਦਿਖਾ ਸਕਦਾ ਜਿਸ ਦੀ ਉਸ ਤੋਂ ਉਮੀਦ ਕੀਤੀ ਗਈ ਹੈ।

ਦੋਸਤਾਂ ਦਾ ਹੌਸਲਾ ਬਹੁਤ ਵੱਡਾ ਹੁੰਦਾ ਹੈ। ਚੰਗੇ ਦੋਸਤ ਜਦੋਂ ਸਾਨੂੰ ਜ਼ਿੰਦਗੀ ਵਿੱਚ ਕੁਝ ਕਰ ਗੁਜਰਨਾ ਸਿਖਾਉਂਦੇ ਹਨ ਨਾਲ ਇਹ ਵੀ ਸਿਖਾਉਂਦੇ ਹਨ ਕਿ ਹਾਰ ਨੂੰ ਕਿਸ ਤਰ੍ਹਾਂ ਮਨਜ਼ੂਰ ਕਰਨਾ ਹੈ। ਲੱਖ ਦੋਸਤ ਬਣ ਜਾਵੇ ਤੁਸੀਂ ਆਪਣੇ ਬੱਚਿਆਂ ਦੇ ਪਰ ਹਮ ਉਮਰ ਦੀ ਦੋਸਤੀ ਦਾ ਮੁਕਾਬਲਾ ਨਹੀਂ ਕਰ ਸਕਦੇ। ਉਸ ਦੋਸਤੀ ਵਿੱਚ ਇੱਕ ਦੂਜੇ ਨੂੰ ਜੱਜ ਨਹੀਂ ਕੀਤਾ ਜਾਂਦਾ ਨਿਰਖਿਆ ਪਰਖਿਆ ਨਹੀਂ ਜਾਂਦਾ। ਉਸ ਦੋਸਤੀ ਵਿੱਚ ਇੱਕ ਦੂਜੇ ਨੂੰ ਕਬੂਲ ਕੀਤਾ ਜਾਂਦਾ ਹੈ। ਕਬੂਲੇ ਜਾਣ ਦਾ ਅਹਿਸਾਸ ਬੰਦੇ ਨੂੰ ਅੰਦਰੋਂ ਮਜ਼ਬੂਤ ਬਣਾਉਂਦਾ ਹੈ। ਇੱਕ ਵਧੀਆ ਸ਼ਖਸੀਅਤ ਦਾ ਉਭਾਰ ਉਦੋਂ ਵੀ ਹੁੰਦਾ ਹੈ ਜਦੋਂ ਕੋਈ ਅੰਦਰੋਂ ਮਜਬੂਤ ਹੋਵੇ। ਖੋਖਲੇ ਦਰਖਤ ਜਰਾ ਜਿੰਨੀ ਹਨੇਰੀ ਵਿੱਚ ਡਿੱਗ ਪੈਂਦੇ ਹਨ।

ਕਿਸ਼ੋਰ ਅਵਸਥਾ ਵਿੱਚ ਦੋਸਤਾਂ ਦਾ ਖਾਸ ਮਹੱਤਵ ਹੁੰਦਾ ਹੈ। ਇਸ ਸਮੇਂ ਦੋਸਤ ਮਾਤਾ ਪਿਤਾ ਤੋਂ ਵੀ ਪਹਿਲਾਂ ਆ ਜਾਂਦੇ ਹਨ। ਬੱਚਾ ਆਪਣੇ ਦੋਸਤਾਂ ਤੇ ਬਹੁਤ ਭਰੋਸਾ ਕਰਦਾ ਹੈ। ਉਹਨਾਂ ਨਾਲ ਆਪਣੇ ਦਿਲ ਦੀ ਗੱਲ ਸਾਂਝੀ ਕਰਦਾ ਹੈ। ਦੋਸਤ ਨੂੰ ਹੌਸਲਾ ਵੀ ਦਿੰਦੇ ਹਨ। ਇੱਕੋ ਉਮਰ ਦੇ ਹੋਣ ਕਰਕੇ ਇੱਕ ਦੂਜੇ ਨੂੰ ਸਮਝਦੇ ਹਨ। ਅੱਜ ਜਦੋਂ ਮਾਂ ਬਾਪ ਨੇ ਆਪਣੇ ਬੱਚਿਆਂ ਨੂੰ ਆਪਣੇ ਨਾਲ ਜੋੜ ਕੇ ਇੱਕ ਲਿਹਾਫ ਦੇ ਵਿੱਚ ਲਪੇਟ ਲਿਆ ਹੈ ਉਸ ਸਮੇਂ ਬੱਚੇ ਅੰਦਰੋਂ ਕਿੰਨੇ ਸਹਿਮੇ ਹੋਏ ਹਨ ਇਹ ਸਮਝਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ। ਕਿਤੇ ਬਾਹਰ ਖਾਣ ਜਾਣਾ ਹੈ ਤਾਂ ਵੀ ਮਾਤਾ ਪਿਤਾ ਨਾਲ ਕਿਤੇ ਘੁੰਮਣ ਜਾਣਾ ਹੈ ਤਾਂ ਵੀ ਮਾਤਾ ਪਿਤਾ ਨਾਲ। ਇਹ ਸਮਝਣ ਦੀ ਲੋੜ ਹੈ ਕਿ ਬੱਚੇ ਦੀ ਆਪਣੀ ਸ਼ਖਸੀਅਤ ਨੂੰ ਵਧਣ ਫੁੱਲਣ ਦੇਣਾ ਵੀ ਜਰੂਰੀ ਹੈ। ਬਹੁਤ ਅਹਿਮ ਹੈ ਕਿ ਤੁਸੀਂ ਆਪਣੇ ਬੱਚੇ ਦੇ ਦੋਸਤਾਂ ਬਾਰੇ ਜਾਣਕਾਰੀ ਰੱਖੋ। ਉਸਨੂੰ ਸਹੀ ਸੰਗਤ ਬਾਰੇ ਦੱਸੋ ਤੇ ਬੁਰੀ ਸੰਗਤ ਤੋਂ ਬਚਾਓ ਪਰ ਇਸਦਾ ਮਤਲਬ ਇਹ ਨਹੀਂ ਕਿ ਉਸਨੂੰ ਦੋਸਤਾਂ ਤੋਂ ਦੂਰ ਰੱਖੋ।


ਅਸੀਂ ਛੋਟੇ ਪਰਿਵਾਰ ਦੇ ਨਾਂ ਤੇ ਬੱਚੇ ਨੂੰ ਦਾਦਾ ਦਾਦੀ ਤੋਂ ਦੂਰ ਕਰ ਦਿੱਤਾ ਹੈ। ਪਹਿਲਾਂ ਇਕੱਠੇ ਪਰਿਵਾਰਾਂ ਵਿੱਚ ਚਾਚੇ ਤਾਇਆਂ ਦੇ ਬੱਚੇ ਹਾਣ ਦੇ ਹੁੰਦੇ ਸਨ ਤੇ ਸਾਰੇ ਬੱਚੇ ਇਕੱਠੇ ਪਲਦੇ ਸਨ। ਉਹ ਭੈਣ ਭਰਾ ਵੀ ਹੁੰਦੇ ਸਨ ਤੇ ਦੋਸਤ ਵੀ। ਪਰ ਹੁਣ ਇਹ ਕਿਤੇ ਦਿਖਾਈ ਨਹੀਂ ਦਿੰਦਾ। ਹੁਣ ਹਰ ਕੋਈ ਆਪਣੇ ਸੀਮਿਤ ਦਾਇਰੇ ਵਿੱਚ ਜੀ ਰਿਹਾ ਹੈ। ਜਦੋਂ ਆਪਣਿਆਂ ਦੀ ਗਿਣਤੀ ਘੱਟਦੀ ਹੈ ਤਾਂ ਉਹਨਾਂ ਤੇ ਧਿਆਨ ਵੱਧ ਜਾਂਦਾ ਹੈ। ਇਹ ਵਧਿਆ ਹੋਇਆ ਧਿਆਨ ਅੰਦਰੋਂ ਕਿਸੇ ਕਮਜ਼ੋਰੀ ਦਾ ਸੂਚਕ ਵੀ ਹੁੰਦਾ ਹੈ। ਅਜਿਹੇ ਵਿੱਚ ਅਸੀਂ ਇੰਨੇ ਕੁ ਡਰੇ ਹੋਏ ਹੁੰਦੇ ਹਾਂ ਤੇ ਦੂਸਰੇ ਦੀ ਸ਼ਖਸੀਅਤ ਨੂੰ ਦਬਾ ਦਿੰਦੇ ਹਾਂ। ਇਹੀ ਗਲਤੀ ਅੱਜ ਦੇ ਮਾਂ ਬਾਪ ਕਰ ਰਹੇ ਹਨ।

ਉਹਨਾਂ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਕਿ ਉਹਨਾਂ ਦੀ ਦੋਸਤੀ ਬੱਚੇ ਨੂੰ ਉਹ ਸਭ ਨਹੀਂ ਦੇ ਸਕਦੀ ਜੋ ਇੱਕ ਹਮ ਉਮਰ ਦੀ ਦੋਸਤੀ ਦੇ ਸਕਦੀ ਹੈ। ਬੱਚੇ ਨੂੰ ਆਪਣੀਆਂ ਨਜ਼ਰਾਂ ਦੇ ਸਾਹਮਣੇ ਰੱਖਣ ਦਾ ਮਤਲਬ ਇਹ ਨਹੀਂ ਕਿ 24 ਘੰਟੇ ਉਸ ਦਿਨ ਨਾਲ ਹੀ ਰਹੋ। ਵਾਰ ਵਾਰ ਫੋਨ ਕਰਦੇ ਰਹੋ। ਜੇ ਬੱਚਾ ਘਰ ਹੈ ਤਾਂ ਸੀਸੀ ਟੀਵੀ ਕੈਮਰੇ ਰਾਹੀਂ ਉਸਨੂੰ ਵੇਖਦੇ ਰਹੋ। ਇਸ ਸਭ ਨਾਲ ਕੁਝ ਹਾਸਿਲ ਨਹੀਂ ਹੋਣਾ। ਇਸ ਨਾਲ ਤੁਸੀਂ ਆਪਣੇ ਬੱਚੇ ਦੇ ਅੰਦਰ ਦੇ ਖਾਲੀ ਪੜਨ ਨੂੰ ਵਧਾ ਰਹੇ ਹੋ। ਉਸਨੂੰ ਉਸਦੇ ਹਿੱਸੇ ਦਾ ਅਸਮਾਨ ਦਿਓ। ਉਸਨੂੰ ਉੜਨ ਦਿਓ। ਹਾਂ ਉਸਨੂੰ ਇਨੀ ਅਪਣੱਤ ਦਿਓ ਕਿ ਉਹ ਉੜ ਕੇ ਤੁਹਾਡੇ ਕੋਲ ਵਾਪਸ ਆਵੇ। ਪਿਆਰ ਦਾ ਮਤਲਬ ਬੰਨ ਲੈਣਾ ਨਹੀਂ ਹੈ।

ਅੱਜ ਤੁਸੀਂ ਆਪਣੇ ਬੱਚਿਆਂ ਨੂੰ ਆਪਣੇ ਤੱਕ ਮਹਿਦੂਦ ਕਰ ਲਿਆ। ਇਸ ਦੇ ਸਿੱਟੇ ਦੋਵੇਂ ਪਾਸੇ ਬੁਰੇ ਨਿਕਲਦੇ ਹਨ। ਬੱਚਾ ਵੀ ਅੰਦਰੋਂ ਕਿਤੇ ਖਾਲੀ ਹੋ ਰਿਹਾ ਹੈ ਉਸਨੂੰ ਜਰੂਰਤ ਹੈ ਆਪਣੇ ਹਮ ਉਮਰ ਦੋਸਤਾਂ ਦੀ। ਤੁਸੀਂ ਵੀ ਆਪਣੇ ਆਪ ਨੂੰ ਉਸ ਤੱਕ ਰੱਖ ਕੇ ਆਪਣੇ ਲਈ ਬਹੁਤ ਸਾਰੇ ਰਾਹ ਬੰਦ ਕੀਤੇ ਹਨ। ਜਦੋਂ ਉਹ ਵੱਡਾ ਹੋ ਕੇ ਜ਼ਿੰਦਗੀ ਦੇ ਮੈਦਾਨ ਵਿੱਚ ਨਿਕਲੇਗਾ ਫਿਰ ਤੁਸੀਂ ਘਰੇ ਇਕੱਲੇ ਰਹਿ ਜਾਓਗੇ। ਉਹ ਖਾਲੀਪਨ ਤੁਹਾਡੇ ਤੋਂ ਵੀ ਸਹਾਰਿਆ ਨਹੀਂ ਜਾਏਗਾ।

ਇਹ ਮਾਨਸਿਕ ਰੋਗਾਂ ਵਿੱਚ ਗ੍ਰਸਤ ਹੋਣ ਦੀ ਨੀਹ ਅਸੀਂ ਆਪ ਬਣ ਰਹੇ ਹਾਂ ਆਪਣੇ ਲਈ ਵੀ ਤੇ ਆਪਣੇ ਬੱਚੇ ਲਈ ਵੀ।

ਬੱਚੇ ਵੱਲ ਧਿਆਨ ਦਿਓ ਪਰ ਉਸਨੂੰ ਦੋਸਤਾਂ ਵਿੱਚ ਜਿਉਂਦੇ ਹੋਏ ਦੋਸਤੀ ਦਾ ਸੁੱਖ ਮਾਣਨ ਦਾ ਸਮਾਂ ਦਿਓ।





ਹਰਪ੍ਰੀਤ ਕੌਰ ਸੰਧੂ

# ਕਿਉਂ ਦੋਸਤ ਸਾਡੇ ਸਫ਼ਲਤਾ ਦੇ ਰਸਤੇ ਨੂੰ ਪਰਿਭਾਸ਼ਿਤ ਕਰਦੇ ਹਨ?



ਇਨਸਾਨੀ ਜੀਵਨ ਇੱਕ ਵਿਲੱਖਣ ਅਤੇ ਅਦਭੁਤ ਤੋਹਫਾ ਹੈ ਜੋ ਅਕਾਲ ਪੁਰਖ ਦੀ ਵਿਲੱਖਣ ਦੇਣ ਹੈ ਹੈ। ਇਨਸਾਨੀ ਜੀਵਨ ਸਮਾਜਿਕ ਸਾਂਝ ਦੇ ਬਿਨਾਂ ਅਧੂਰਾ ਹੈ ਅਤੇ ਇਸਨੂੰ ਇਕੱਲੇਪਣ ਵਿੱਚ ਨਹੀਂ ਬਿਤਾਇਆ ਜਾ ਸਕਦਾ। ਇਹ ਇੱਕ ਅਟੱਲ ਸੱਚਾਈ ਹੈ ਕਿ ਇੱਕ ਵਿਅਕਤੀ ਬਹੁਤ ਹੀ ਪ੍ਰਤਿਭਾਸ਼ਾਲੀ ਜਾਂ ਦ੍ਰਿੜ੍ਹ ਨਿਯਮਤ ਹੋ ਸਕਦਾ ਹੈ ਪਰ ਫਿਰ ਵੀ ਉਸਨੂੰ ਜੀਵਨ ਵਿੱਚ ਵੱਧਣ, ਸਿੱਖਣ ਅਤੇ ਸਫ਼ਲ ਹੋਣ ਲਈ ਸਹੀ ਦੋਸਤਾਂ ਦੀ ਲੋੜ ਹੁੰਦੀ ਹੈ। ਇਤਿਹਾਸ ਅਤੇ ਵਿਗਿਆਨ ਦੇ ਖੇਤਰਾਂ ਵਿੱਚ ਵਿਸ਼ਵ ਪੱਧਰੀ ਖੋਜਾਂ ਨੇ ਇਹ ਪੁਸ਼ਟੀ ਕੀਤੀ ਹੈ ਕਿ ਵਿਅਕਤੀ ਦੇ ਮਿੱਤਰ ਉਸ ਦੇ ਚਰਿੱਤਰ, ਸੁਫ਼ਨਿਆਂ ਅਤੇ ਨਤੀਜਿਆਂ ਨੂੰ ਆਕਾਰ ਦਿੰਦੇ ਹਨ। ਚੁਣੇ ਹੋਏ ਦੋਸਤ ਦਰਸ਼ਕ, ਪ੍ਰੇਰਕ ਜਾਂ ਕਈ ਵਾਰੀ ਪ੍ਰਗਟ ਹੋਣ ਵਿੱਚ ਮੌਨ ਰੁਕਾਵਟ ਬਣਦੇ ਹਨ। ਇਸ ਲਈ, ਸਫਲਤਾ ਦੀ ਖੋਜ ਵਿੱਚ ਸਹੀ ਕਿਸਮ ਦੇ ਦੋਸਤਾਂ ਦੀ ਲੋੜ—ਉਹ ਜੋ ਵਿਚਾਰਧਾਰਾ, ਵਿਸ਼ਵਾਸ ਅਤੇ ਦ੍ਰਿਸ਼ਟੀਕੋਣ ਨੂੰ ਸਾਂਝਾ ਕਰਦੇ ਹੋਣ ਬਹੁਤ ਜਰੂਰੀ ਹੈ।

### ਦੋਸਤ ਸਫ਼ਲ ਹੋਣ ਲਈ ਜ਼ਰੂਰੀ ਹਨ

ਸਹੀ ਦੋਸਤ ਸਿਰਫ ਹੱਸਣ ਅਤੇ ਮਨੋਰੰਜਨ ਕਰਨ ਵਾਲੇ ਨਹੀਂ ਹੁੰਦੇ; ਉਹ ਆਪਣੇ ਦੋਸਤਾਂ ਨੂੰ ਬੁੱਧੀਮਾਨ ਚੁਣੌਤੀਆਂ ਦੇਣ, ਭਾਵਨਾਤਮਕ ਤੌਰ 'ਤੇ ਸਮਰਥਨ ਕਰਨ ਅਤੇ ਜਦੋਂ ਕੋਈ ਝੁਕਦਾ ਹੈ ਤਾਂ ਉਸਨੂੰ ਆਪਣੇ ਟੀਚਿਆਂ ਦੀ ਯਾਦ ਦਿਵਾਉਂਦੇ ਹਨ। ਉਹ ਲੋਕ ਜੋ ਆਪਣੇ ਸੁਫ਼ਨਿਆਂ 'ਤੇ ਵਿਸ਼ਵਾਸ ਕਰਨ ਵਾਲੇ ਦੋਸਤਾਂ ਨਾਲ ਘਿਰੇ ਹੁੰਦੇ ਹਨ, ਉਹ ਆਮ ਤੌਰ ਤੇ ਧੀਰਜਵਾਨ ਅਤੇ ਆਤਮ-ਵਿਸ਼ਵਾਸ਼ ਦੇ ਗੁਣਾਂ ਨਾਲ ਲਬਰੇਜ਼ ਹੁੰਦੇ ਹਨ। ਦੋਸਤਾਂ ਦੀ ਮਜ਼ਬੂਤ ਸਮਰਥਨ ਪ੍ਰਣਾਲੀ ਇੱਕ ਵਿਅਕਤੀ ਨੂੰ ਉਹਨਾਂ ਰੁਕਾਵਟਾਂ ਨੂੰ ਪਾਰ ਕਰਨ ਲਈ ਧੱਕਾ ਦੇ ਸਕਦੀ ਹੈ ਜੋ ਇਕੱਲੇ ਹੋਣ 'ਤੇ ਅਸੰਭਵ ਲੱਗਦੀਆਂ ਹਨ।

ਦੋਸਤੀ ਵਿੱਚ ਸਾਂਝ ਵਾਲੀ ਵਿਚਾਰਧਾਰਾ ਅਤੇ ਵਿਸ਼ਵਾਸ਼ ਇਹ ਯਕੀਨੀ ਬਣਾਉਂਦੀ ਹੈ ਕਿ ਊਰਜਾ ਆਪਣੇ ਟੀਚਿਆਂ ਦੀ ਨਿਰੰਤਰ ਵਿਆਖਿਆ ਜਾਂ ਰੱਖਿਆ ਵਿੱਚ ਬਰਬਾਦ ਨਹੀਂ ਹੁੰਦੀ। ਇਸ ਦੀ ਬਜਾਏ, ਇਹ ਆਪਸੀ ਸਾਂਝ ਪੈਦਾ ਕਰਦੀ ਹੈ ਜੋ ਹਰ ਦੋਸਤ ਨੂੰ ਦੂਜੇ ਨੂੰ ਉੱਚਾ ਕਰਨ ਦੀ ਆਗਿਆ ਦਿੰਦੀ ਹੈ। ਜਦੋਂ ਵਿਚਾਰਧਾਰਾਵਾਂ ਮਿਲਦੀਆਂ ਹਨ, ਦੋਸਤਾਂ ਵਿਚਕਾਰ ਗੱਲਬਾਤ ਉਹਨਾਂ ਨੂੰ ਸਫਲਤਾ ਲਈ ਪ੍ਰੇਰਿਤ ਕਰ ਸਕਦੀ ਹੈ, ਦੋਸਤਾਂ ਦੀ ਸਹਿਯੋਗਤਾ ਉਸਾਰੂ ਸੋਚ ਪੈਦਾ ਕਰ ਸਕਦੀ ਹੈ ਅਤੇ ਦੋਸਤੀ ਦਾ ਬੰਧਨ ਕੁਦਰਤੀ ਤੌਰ 'ਤੇ ਆਪਸੀ ਸਾਂਝ ਵਾਲੀਆਂ ਭਾਵਨਾਵਾਂ ਨੂੰ ਕੇਂਦਰਿਤ ਕਰਦਾ ਹੈ।

### ਗਲਤ ਸੰਗਤ ਦਾ ਖ਼ਤਰਾ

ਦੂਜੇ ਪਾਸੇ ਉਹ ਦੋਸਤ ਜੋ ਸਾਡੇ ਸੁਪਨਿਆਂ, ਹੁਨਰਾਂ ਅਤੇ ਪ੍ਰਤਿਭਾਵਾਂ ਬਾਰੇ ਸੰਦੇਹ ਰੱਖਦੇ ਹਨ, ਉਹ ਇੱਕ ਦੁਖਦਾਈ ਪਲ ਵਾਂਗ ਹੋ ਸਕਦੇ ਹਨ। ਕਈ ਵਾਰੀ ਸੰਦੇਹ ਪਿਆਰ ਤੋਂ ਆਉਂਦਾ ਹੈ ਪਰ ਨਿਰੰਤਰ ਨਕਾਰਾਤਮਕਤਾ ਜਾਂ ਵਿਸ਼ਵਾਸ ਦੀ ਕਮੀ ਅਸਲੀਅਤ ਨੂੰ ਕਮਜ਼ੋਰ ਕਰ ਸਕਦੀ ਹੈ। ਮਨੁੱਖਾਂ ਦਾ ਅਚੇਤਨ ਮਨ ਅਕਸਰ ਦੁਹਰਾਏ ਗਏ ਸੰਦੇਹਾਂ ਨੂੰ ਸੋਖ ਲੈਂਦਾ ਹੈ ਅਤੇ ਸਮੇਂ ਦੇ ਨਾਲ-ਨਾਲ ਆਪ-ਵਿਸ਼ਵਾਸ ਘਟ ਜਾਂਦਾ ਹੈ।

ਇਸ ਤੋਂ ਇਲਾਵਾ ਗਲਤ ਵਿਸ਼ਵਾਸ਼ ਦੋਸਤੀ ਵਿੱਚ ਖਿਚਾਅ ਪੈਦਾ ਕਰ ਸਕਦਾ ਹੈ ਜੋ ਝਗੜਿਆਂ ਵਿੱਚ ਬਦਲ ਸਕਦਾ ਹੈ ਜਿਸ ਨਾਲ ਬੇਫ਼ਿਕਰੀਆਂ ਅਤੇ ਵਿਵਾਦ ਪੈਦਾ ਹੁੰਦੇ ਹਨ। ਉਹ ਦੋਸਤ ਜੋ ਵਿਚਾਰਾ ਨੂੰ ਸਮਝਦੇ ਜਾਂ ਸਮਰਥਨ ਨਹੀਂ ਕਰਦੇ ਉਹ ਅਗਿਆਨਤਾ ਨਾਲ ਇੱਕ ਵਿਅਕਤੀ ਨੂੰ ਵਿਘਟਨ ਵਿੱਚ ਖਿੱਚ ਸਕਦੇ ਹਨ ਜਿਸ ਨਾਲ ਉਹ ਜੋਖ਼ਮ ਲੈਣ ਦਾ ਹੌਸਲਾ ਹਾਰ ਸਕਦੇ ਹਨ ਜਾਂ ਅਸੁਰੱਖਿਤ ਮਹਿਸੂਸ ਕਰ ਸਕਦੇ ਹਨ। ਇਹ ਇੱਕ ਵਿਅਕਤੀ ਦੀ ਪ੍ਰਗਟ ਹੋਣ ਦੀ ਪ੍ਰਕਿਰਿਆ ਨੂੰ ਮਹੱਤਵਪੂਰਕ ਤੌਰ 'ਤੇ ਦੇਰੀ ਜਾਂ ਰੋਕ ਸਕਦਾ ਹੈ।

### ਸਫਲਤਾ 'ਤੇ ਸੰਦੇਹ ਰੱਖਣ ਵਾਲੇ ਦੋਸਤਾਂ ਦੇ ਫਾਇਦੇ ਅਤੇ ਨੁਕਸਾਨ

ਫਾਇਦੇ:

1. ਦੋਸਤਾਂ ਵੱਲੋਂ ਕਦੇ-ਕਦੇ ਉਠਾਈਆਂ ਗਈਆਂ ਆਲੋਚਨਾਵਾਂ ਕਈ ਵਾਰੀ ਯੋਜਨਾਵਾਂ ਵਿੱਚ ਮੌਜੂਦ ਕਮਜ਼ੋਰੀਆਂ ਜਾਂ ਤਰੁੱਟੀਆਂ ਨੂੰ ਉਜਾਗਰ ਕਰ ਸਕਦੀਆਂ ਹਨ। ਜੇਕਰ ਇਸ ਆਲੋਚਨਾ ਨੂੰ ਸਕਾਰਾਤਮਕ ਤਰੀਕੇ ਨਾਲ ਸਵੀਕਾਰ ਕੀਤਾ ਜਾਵੇ, ਤਾਂ ਇਹ ਵਿਅਕਤੀਆਂ ਨੂੰ ਸਫਲਤਾ ਲਈ ਵਧੀਆ ਤਿਆਰੀ ਕਰਨ ਵਿੱਚ ਮਦਦ ਕਰ ਸਕਦੀ ਹੈ।
2. ਸੰਦੇਹੀ ਦੋਸਤ "ਵਾਸਤਵਿਕਤਾ ਦੀ ਜਾਂਚ" ਵਜੋਂ ਕੰਮ ਕਰ ਸਕਦੇ ਹਨ, ਜੋ ਜ਼ਿਆਦਾ ਵਿਸ਼ਵਾਸ ਜਾਂ ਉਤਾਵਲੇ ਫੈਸਲਿਆਂ ਤੋਂ ਬਚਾਉਂਦੇ ਹਨ।
3. ਦੋਸਤਾਂ ਅਤੇ ਸਾਥੀਆਂ ਵੱਲੋਂ ਉਠਾਈਆਂ ਗਈਆਂ ਆਲੋਚਨਾਵਾਂ ਅਤੇ ਸੰਦੇਹ ਵਿਅਕਤੀਆਂ ਨੂੰ ਆਪਣੇ ਆਪ ਨੂੰ ਸਾਬਤ ਕਰਨ ਲਈ ਜ਼ਿਆਦਾ ਮਿਹਨਤ ਕਰਨ ਲਈ ਪ੍ਰੇਰਿਤ ਕਰ ਸਕਦੇ ਹਨ।

ਨੁਕਸਾਨ:

1. ਦੋਸਤਾਂ ਵੱਲੋਂ ਲਗਾਤਾਰ ਸੰਦੇਹਾਂ ਦੇ ਕਾਰਨ ਪ੍ਰੇਰਣਾ ਅਤੇ ਆਤਮ-ਗੌਰਵ ਦੀ ਘਾਟ ਹੋ ਸਕਦੀ ਹੈ।
2. ਨੇੜਲੇ ਦੋਸਤਾਂ ਵੱਲੋਂ ਵਿਸ਼ਵਾਸ ਦੀ ਘਾਟ ਭਾਵਨਾਤਮਕ ਤਣਾਅ ਅਤੇ ਇਕੱਲੇਪਣ ਦੀ ਭਾਵਨਾ ਪੈਦਾ ਕਰਦੀ ਹੈ।
3. ਇਸ ਤਰ੍ਹਾਂ ਦੀ ਦੋਸਤੀ ਦੇ ਝਗੜੇ ਲੰਬੇ ਸਮੇਂ ਦੇ ਸਫਲਤਾ ਦੇ ਟੀਚਿਆਂ ਤੋਂ ਧਿਆਨ ਹਟਾ ਕੇ ਛੋਟੇ ਸਮੇਂ ਦੇ ਵਾਦ-ਵਿਵਾਦ ਤੇ ਧਿਆਨ ਕੇਂਦ੍ਰਿਤ ਕਰ ਸਕਦੇ ਹਨ।
4. ਝਗੜਿਆਂ ਅਤੇ ਬਦਲਾਅ ਨਾਲ ਪੈਦਾ ਹੋਈ ਨਕਾਰਾਤਮਕ ਊਰਜਾ ਅਕਸਰ ਦੋਸਤਾਂ ਦੀ ਰਚਨਾਤਮਕਤਾ ਅਤੇ ਆਤਮ-ਵਿਸ਼ਵਾਸ ਨੂੰ ਦਬਾਉਂਦੀ ਹੈ।

ਜੀਵਨ ਅਤੇ ਸਫਲਤਾ ਦੇ ਯਾਤਰਾ ਵਿੱਚ ਸਹੀ ਸਾਥ ਦਾ ਮਹੱਤਵ ਉਨ੍ਹਾਂ ਵਿਅਕਤੀਆਂ ਦੇ ਹੁਨਰ ਜਾਂ ਮਿਹਨਤ ਤੋਂ ਬਹੁਤ ਜ਼ਿਆਦਾ ਹੈ। ਉਹ ਦੋਸਤ ਜੋ ਸਾਡੀਆਂ ਵਿਚਾਰਧਾਰਾਵਾਂ ਨੂੰ ਸਾਂਝਾ ਕਰਦੇ ਹਨ ਅਤੇ ਸਾਡੇ ਹੁਨਰਾਂ ਅਤੇ ਪ੍ਰਤਿਭਾਵਾਂ 'ਤੇ ਵਿਸ਼ਵਾਸ ਕਰਦੇ ਹਨ, ਸਾਡੇ ਵਿਕਾਸ ਵਿੱਚ ਸਾਥੀ ਬਣ ਸਕਦੇ ਹਨ, ਸਾਡੀ ਸ਼ਕਤੀ ਨੂੰ ਵਧਾਉਂਦੇ ਹਨ ਅਤੇ ਨਾਕਾਮੀਆਂ ਦੇ ਸਮੇਂ ਵਿੱਚ ਸਾਨੂੰ ਉੱਪਰ ਉਠਾਉਂਦੇ ਹਨ। ਜਦੋਂ ਕਿ ਪ੍ਰੇਰਣਾ ਅਤੇ ਰਚਨਾਤਮਕ ਆਲੋਚਨਾ ਦਾ ਸੰਤੁਲਨ ਸਿਹਤਮੰਦ ਹੁੰਦਾ ਹੈ, ਨੇੜਲੇ ਸਾਥੀਆਂ ਵੱਲੋਂ ਲਗਾਤਾਰ ਸੰਦੇਹ ਹਾਨਿਕਾਰਕ ਹੋ ਸਕਦਾ ਹੈ। ਇਸ ਲਈ, ਦੋਸਤਾਂ ਨੂੰ ਚੁਣਨਾ ਸਮਾਜਿਕ ਪਸੰਦ ਨਹੀਂ, ਬਲਕਿ ਨਿੱਜੀ ਅਤੇ ਪੇਸ਼ਾਵਰ ਸ਼੍ਰੇਸ਼ਠਤਾ ਦੀ ਖੋਜ ਲਈ ਇੱਕ ਜ਼ਰੂਰੀ ਗੱਲ ਹੈ।

ਇਹ ਲੇਖ ਉਹਨਾਂ ਦੋਸਤਾਂ ਦੇ ਸਮੂਹ ਨੂੰ ਸਮਰਪਿਤ ਹੈ ਜੋ ਆਪਣੇ ਸਾਥੀਆਂ ਦੇ ਹੁਨਰਾਂ ਅਤੇ ਪ੍ਰਤਿਭਾਵਾਂ 'ਤੇ ਪੂਰਾ ਵਿਸ਼ਵਾਸ ਰੱਖਦੇ ਹਨ।



ਸੁਰਿੰਦਰਪਾਲ ਸਿੰਘ

# ਬਿਪਰ ਕੋਲ ਬੇਹਿਸਾਬ ਪੈਸਾ ਅਤੇ ਦਿਮਾਗ..

ਬਿਪਰ ਕੋਲ ਬੇਹਿਸਾਬ ਪੈਸਾ ਅਤੇ ਦਿਮਾਗ..ਬਿਰਤਾਂਤ ਪਹਿਲੋਂ ਤੋਂ ਹੀ ਘੜਿਆ-ਘੜਾਇਆ..ਤਲ ਕੇ ਰੱਖੇ ਸਮੋਸੇ ਪਕੌੜਿਆਂ ਵਾਂਙ..ਮੌਕਾ ਮਿਲਦੇ ਹੀ ਪਰੋਸ ਦਿੱਤਾ ਜਾਂਦਾ..ਫੇਰ ਖਵਾਜੇ ਦੇ ਗਵਾਹ ਅਣਗਿਣਤ ਡੱਡੂ..ਲੱਖਾਂ ਦੀ ਟੀਮ ਕੰਮ ਤੇ ਲੱਗ ਜਾਂਦੀ..ਓਹਨਾ ਪੇਜਾਂ ਪ੍ਰੋਫਾਈਲਾਂ ਤੇ..ਜਿਹੜੇ ਸਮਿੱਥ ਰਿਚਰਡ ਮਾਇਕਲ ਅਤੇ ਗੋਰਡਨਾਂ ਦੇ ਨਾਮਾਂ ਤੇ ਬਣਾ ਕੇ ਰੱਖੇ ਹੁੰਦੇ..! ਆਮ ਬੰਦਾ ਥੱਕ ਟੁੱਟ ਕੇ ਸੌਂ ਜਾਂਦਾਂ ਪਰ ਇਹਨਾਂ ਦੀ ਦੂਜੀ ਸ਼ਿਫਟ ਬਕਾਇਦਾ ਕੰਮ ਤੇ ਲੱਗ ਜਾਂਦੀ..ਠੀਕ ਓਦਾਂ ਜਿੱਦਾਂ ਜੂਨ ਚੁਰਾਸੀ ਵੇਲੇ ਗੋਲੀ ਚਲਾਉਂਦੇ ਫੌਜੀ..ਥੱਕ ਜਾਂਦੇ ਫੇਰ ਦੂਜੇ ਆ ਜਾਂਦੇ..ਥਕੇਵਾਂ ਲਾਹੁਣ ਲਈ ਸ਼ਰਾਬ ਭੋਜਨ ਅਤੇ ਨਰਮ ਬਿਸਤਰੇ..।

ਇਸ ਟੀਮ ਵੱਲੋਂ ਅੰਤਾਂ ਦਾ ਭੰਡੀ ਪ੍ਰਚਾਰ..ਚੋਵੀ ਘੰਟੇ..ਅੱਤਵਾਦੀ..ਦਹਿਸ਼ਤਗਰਦ..ਤੁਹਾਡੇ ਬੱਚਿਆਂ ਦੇ ਰੋਜਗਾਰ ਖਾਣੇ..ਟਰੱਕਿੰਗ ਕਾਰੋਬਾਰਾਂ ਦਾ ਬੇੜਾ ਗਰਕ ਕਰਨ ਵਾਲੇ..ਰਹਿਣ ਸਹਿਣ ਨੀ ਆਉਂਦਾ..ਫੇਰ ਮਗਰਮੱਛ ਦੇ ਹੰਝੂ..ਸਹਾਇਤਾ ਫ਼ੰਡ ਵੀ ਆਪੇ ਚਲਾ ਦਿੰਦੇ..।

ਦੌਰ-ਏ-ਸਿਆਸਤ ਕਾ ਯੇਹੀ ਇੱਕ ਫਸਾਨਾ ਹੈ..ਬਸਤੀਆਂ ਭੀ ਜਲਾਨੀ..ਔਰ ਮਾਤਮ ਭੀ ਮਨਾਣਾ ਹੈ..।

ਪੰਜ ਸਦੀਆਂ ਦਾ ਵੈਰ..ਦਸਤਾਰ ਦੁਮਾਲਿਆਂ ਵਾਲੇ ਸੁਰਮਚੂ ਵਾਂਙ ਚੁਭਦੇ..ਇੱਕੋ ਇੱਕ ਏਜੰਡਾ..ਇਨਾਂ ਦੇ ਪੋਤੜੇ ਫਰੋਲੋ..ਝੂਠੇ ਸੱਚੇ..ਸਿਸੋਦੀਆ ਵਾਲਾ ਸ਼ਾਮ ਦਾਮ ਦੰਡ ਭੇਦ..ਜੋ ਵੀ ਵਰਤੋਂ ਵਿਚ ਆ ਸਕੇ..ਜੜਾਂ ਪੁੱਟਦੀ ਕਹੀ ਦੇ ਆਪਣੇ ਦਸਤੇ..ਹਾਂ ਜੀ ਬਿਲਕੁਲ ਸਹੀ ਆਖਦੇ ਓ..ਇਹਨਾਂ ਆਖਰ ਵੀ ਬੜੀ ਚੁੱਕੀ ਹੋਈ..ਇਹ ਵਾਪਿਸ ਹੋਣੇ ਹੀ ਚਾਹੀਦੇ..ਕਿਸੇ ਕੀਮਤ ਤੇ..ਆਟਾ ਦੇ ਨਾਲ ਘੁਣ ਪਿਸਦਾ ਪਿਸੀ ਜਾਵੇ। ਗੁਰੂ ਘਰ ਪ੍ਰਧਾਨਾਂ ਕਮੇਟੀ ਮੈਂਬਰਾਂ ਪ੍ਰਚਾਰਕਾਂ ਨੂੰ ਹੱਥ ਬੰਨ ਅਪੀਲ..ਵੀਕ ਐਂਡ ਤੇ ਸੰਗਤ ਜੁੜਦੀ..ਸਿਰਫ ਵੀਹ ਮਿੰਟ ਰੱਖੋ ਇਸੇ ਕੰਮ ਲਈ..ਮੌਜੂਦਾ ਬਦਲਦੇ ਹਲਾਤਾਂ ਤੇ ਇੱਕ ਸੁਲਝਿਆ ਹੋਇਆ ਅੱਪਡੇਟ..ਕੋਈ ਵੀ ਦੇ ਸਕਦਾ..ਆਸੇ ਪਾਸੇ ਕੀ ਹੋ ਰਿਹਾ..ਕਿੱਦਾਂ ਹੋ ਰਿਹਾ..ਸਿਧਾਂਤ ਨੂੰ ਪੈਰੀ ਰੋਲਣ ਲਈ ਕਿਹੜੇ ਕਿਹੜੇ ਪੈਂਤੜੇ ਅਪਣਾਏ ਜਾ ਰਹੇ..ਕੀ ਕਰਨਾ ਚਾਹੀਦਾ..ਕਿੱਦਾਂ ਹੋਣਾ ਚਾਹੀਦਾ..ਸਭ ਤੇ ਇੱਕ ਇਮਾਨਦਾਰ ਬੇਖੌਫ ਪੰਛੀ ਝਾਤ ਅਤੇ ਸਿਰ ਜੋੜ ਪੜਚੋਲ..ਇੱਕ ਵਿਸਥਾਰ..ਆਰ ਪਾਰ ਦੀ ਲੜਾਈ ਵਾਲੇ ਯੁੱਗ ਦੀ ਹਕੀਕਤ।

ਬਾਣੀ ਦੇ ਓਟ ਆਸਰੇ ਤੋਂ ਇਲਾਵਾ ਖੁੱਲੀਆਂ ਅੱਖੀਆਂ ਨਾਲ ਆਸੇ ਪਾਸੇ ਦੀ ਬਿੜਕ..ਜੇ ਪੰਥ ਹੀ ਨਾ ਰਿਹਾ ਤਾਂ ਗ੍ਰੰਥ ਕੌਣ ਪੜੂ..ਇਹ ਅਸੀਂ ਨਹੀਂ ਦੂਜੇ ਘੱਲੂਕਾਰੇ ਕੁੱਪ ਰਹੀੜੇ ਵਿਚੋਂ ਬੱਚ ਗਏ ਸਿਖਾਂ ਆਖੀ ਸੀ..ਉਸ ਵਾਹਿਗੁਰੂ ਅਕਾਲ ਪੁਰਖ ਨੂੰ..। ਸਰੀਰ ਬਚਣਗੇ ਤਾਂ ਸੋਚ ਜਿਉਂਦੀ ਰਹੂ..ਅੱਜ ਗਵਾਂਢੀ ਦਾ ਸੜਿਆ..ਕੱਲ ਮੇਰੇ ਨੂੰ ਵੀ ਅੱਗ ਪੈਣੀ ਹੀ ਪੈਣੀ..ਅੱਜ ਉਸਦੀ ਬੁਝਾਉਣ ਨਾ ਗਏ ਤਾਂ ਕੱਲ ਨੂੰ ਉਸ ਵੀ ਨਹੀਂ ਆਉਣਾ..ਚੜੇ ਆਉਂਦੇ ਨੂੰ ਵੇਖ ਆਪਣੇ ਬਾਰ ਮੂਹਰੇ ਬੋਰੀਆਂ ਰੱਖ ਲੈਣੀਆਂ ਵਕਤੀ ਤੌਰ ਤੇ ਬਚਾਅ ਪਰ ਚੜਿਆ ਪਾਣੀ ਕਿਸੇ ਦਾ ਲਿਹਾਜੀ ਨਹੀਂ..। ਐਤਕੀਂ ਚੋਖਾ ਇਲਾਕਾ ਡੁਬਿਆ ਪਿਆ..ਅੱਗੇ ਹੈਲੀਕਾਪਟਰ ਫੇਰਾ ਮਾਰ ਜਾਂਦੇ ਸੀ..ਪਰ ਐਤਕੀ ਆਪੋਧਾਪੀ..ਇੱਕੋ ਸੋਚ ਕੇ ਜੇ ਹੋਰ ਪਾਸਿਓਂ ਕਾਬੂ ਨਹੀਂ ਆਉਂਦੇ ਤਾਂ ਫੇਰ ਆਹੀ ਤਰੀਕਾ ਸਹੀ..ਵਾਟਰ ਬੰਬ। ਲੋਕੀ ਮਹੀਨਾ ਪਹਿਲੋਂ ਕੁਰਲਾਉਂਦੇ ਰਹੇ..ਹੌਲੀ ਹੌਲੀ ਹੁਣ ਤੋਂ ਹੀ ਛੱਡੀ ਜਾਓ ਪਰ ਬਾਹਰੋਂ ਲਾਏ ਬਾਬੂ ਨਹੀਂ ਮੰਨੇ..ਅਸੀਂ ਤੇ ਇੱਕੋ ਵੇਰ ਛੱਡਦੇ ਹੁੰਨੇ..ਅਠਾਸੀ ਵਿਚ ਵੀ ਇਹੋ ਕੁਝ ਕੀਤਾ ਸੀ..ਸਾਰਾ ਮਾਝਾ ਅਤੇ ਲਹਿੰਦਾ ਪੰਜਾਬ ਡੁੱਬ ਗਿਆ..ਹੁਣ ਤੇ ਪੱਕੀ ਰਾਏ ਹੀ ਬਣਾ ਲਈ..ਇਹ ਬੜੇ ਅੜਿੰਗਦੇ ਨੇ..ਕਿਸਾਨ ਮੋਰਚੇ ਵੇਲੇ ਤੋਂ ਹੀ..ਹੁਣ ਬੰਦੇ ਦੇ ਪੁੱਤ ਬਣਾਓ..ਜਿੱਦਾਂ ਮਰਜੀ..। ਭੰਡੀ ਪ੍ਰਚਾਰ ਦਾ ਜੁਆਬ ਪ੍ਰਚਾਰ ਨਾਲ..ਬਿਰਤਾਂਤਾਂ ਦੀ ਜੰਗ..ਦਲੀਲਾਂ ਦਾ ਅਰਦਾਨ ਪ੍ਰਦਾਨ..ਘੜੀ ਦਾ ਖੁੰਝਿਆ ਕੋਹਾਂ ਦੂਰ ਜਾ ਪੈਂਦਾ..।

ਸਿੱਖੀ ਸਿਫਤ ਵਾਲਾ ਇੱਕ ਲੇਖ ਛਪ ਜਾਵੇ ਤਾਂ ਮੋਤਬੇਰ ਅਵੇਸਲੇ ਪੈ ਜਾਂਦੇ..ਹੁਣ ਤੇ ਪੰਥ ਚੜ੍ਹਦੀ ਕਲਾ ਵਿਚ ਹੋ ਗਿਆ..ਪਰ ਓਦੋਂ ਅੱਗੇ ਨਾਲੋਂ ਵੀ ਵੱਧ ਸਤਰਕਤਾ ਲੋੜੀਂਦੀ..ਹੁਣ ਦੂਜੀ ਧਿਰ ਕੋਈ ਅਗਨ ਬਾਣ ਹੋਰ ਛੱਡੂ..। ਕਈ ਦਹਾਕਿਆਂ ਤੋਂ ਨਿੱਕਲਦਾ ਸਿਡਨੀ ਦਾ ਨਗਰ ਕੀਰਤਨ ਬੰਦ ਕਰਵਾ ਦਿੱਤਾ..ਨਹੁੰ ਮਾਸ ਦੇ ਰਿਸ਼ਤੇ ਨੇ ਹੁੱਭ ਹੁੱਭ ਦਲੀਲ ਅਪੀਲ ਕੀਤੀ..ਨੰਗੀਆਂ ਕਿਰਪਾਨਾਂ ਅਤੇ ਹਥਿਆਰਾਂ ਦੀ ਨੁਮਾਇਸ਼..ਬੱਚਿਆਂ ਸ਼ਹਿਰੀਆਂ ਤੇ ਬੁਰਾ ਅਸਰ ਪੈ ਸਕਦਾ..।ਲੱਗੀ ਅਗਰ ਤੇਰੇ ਕਾਲਜੇ ਛੁਰੀ ਨਹੀਂ..ਇਸਦਾ ਮਤਲਬ ਨਹੀਂ ਕੇ ਸ਼ਹਿਰ ਦੀ ਹਾਲਤ ਬੁਰੀ ਨਹੀਂ..ਲਮਹੋਂ ਨੇ ਖਤਾ ਕੀ ਔਰ ਸਦੀਓਂ ਨੇ ਸਜਾ ਪਾਈ..।



ਹਰਪ੍ਰੀਤ ਸਿੰਘ ਜਵੰਦਾ

# ਤੁਰ ਗਿਆ ਜ਼ਿੰਦਗੀ ਦਾ ਸ਼ਾਹ ਅਸਵਾਰ...



ਸੱਭਿਆਚਾਰਕ ਮੇਲਿਆਂ, ਟੈਲੀਵਿਜ਼ਨ ਅਤੇ ਫਿਲਮੀ ਖੇਤਰ ਦੇ ਸ਼ਾਹ-ਅਸਵਾਰ ਕਲਾਕਾਰ ਜਸਵਿੰਦਰ ਭੱਲਾ ਦੇ ਸੰਸਾਰੋਂ ਤੁਰ ਜਾਣ ਦੀ ਖ਼ਬਰ ਨੇ ਪੰਜਾਬੀ ਜਗਤ ਨੂੰ ਇਕਦਮ ਵੱਡਾ ਸਦਮਾ ਦਿੱਤਾ ਹੈ। ਸ਼ੁੱਕਰਵਾਰ 22 ਅਗਸਤ ਦਾ ਸੂਰਜ ਚੜ੍ਹਨ ਤੋਂ ਪਹਿਲਾਂ ਉਨ੍ਹਾਂ ਦੇ ਵਿਛੋੜੇ ਦੀ ਪਾਟੀ ਚਿੱਠੀ ਪੰਜਾਬੀਆਂ ਤੱਕ ਪਹੁੰਚੀ ਤਾਂ ਉਨ੍ਹਾਂ ਨੂੰ ਚਾਹੁਣ ਵਾਲਿਆਂ ਦੇ ਹਾਉਕੇ ਸੁਣਨ ਲੱਗੇ। ਦੁਨੀਆ ਦੇ ਹਰ ਕੋਨੇ 'ਚੋਂ, ਜਿੱਥੇ ਵੀ ਪੰਜਾਬੀ ਵੱਸਦੇ ਹਨ, ਉੱਥੋਂ ਦੁੱਖ ਭਰੇ ਸੁਨੇਹੇ ਆਉਣ ਲੱਗੇ। ਪਿਆਰ ਕਰਨ ਵਾਲੇ ਲੋਕਾਂ ਨੇ ਆਪਣੇ ਮਹਿਬੂਬ ਕਲਾਕਾਰ ਦੇ ਵਿਛੋੜੇ 'ਤੇ ਦਿਲੋਂ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਨਾਲ ਖਿਚਵਾਈਆਂ ਤਸਵੀਰਾਂ ਦੀਆਂ ਪੋਸਟਾਂ ਪੈਣ ਲੱਗੀਆਂ। ਸਾਹਿਤਕ, ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਕ ਖੇਤਰ ਦੀਆਂ ਸ਼ਖ਼ਸੀਅਤਾਂ ਸਮੇਤ ਜਨ-ਸਾਧਾਰਨ ਨੇ ਜਸਵਿੰਦਰ ਭੱਲਾ ਦੇ ਤੁਰ ਜਾਣ ਦਾ ਦੁੱਖ ਮਨਾਇਆ ਤੇ ਉਨ੍ਹਾਂ ਬਾਰੇ ਆਪਣੀਆਂ ਭਾਵਨਾਵਾਂ ਪ੍ਰਗਟਾਈਆਂ। ਲੋਕਾਈ ਦੀਆਂ ਭਾਵਨਾਵਾਂ ਵਿੱਚੋਂ ਕੀਰਨਿਆਂ ਦੀ ਝਲਕ ਪੈਣ ਲੱਗੀ। ਇਹੀ ਕਲਾਕਾਰ ਦੀ ਕਮਾਈ ਹੁੰਦੀ ਹੈ, ਸਨਮਾਨ ਹੁੰਦਾ ਹੈ, ਜੋ ਜਸਵਿੰਦਰ ਭੱਲਾ ਦੇ ਲੇਖੇ ਆਇਆ।

ਖ਼ਬਰ ਸੁਣਦਿਆਂ ਮੇਰੇ ਸਾਹਮਣੇ ਜਸਵਿੰਦਰ ਭੱਲਾ ਦਾ ਹੱਸਦਾ ਚਿਹਰਾ ਘੁੰਮਣ ਲੱਗਿਆ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਿੱਚ ਜਦੋਂ ਮੈਂ ਐੱਮ.ਐੱਸਸੀ. ਵਿੱਚ ਦਾਖ਼ਲਾ ਲਿਆ ਤਾਂ ਪਹਿਲੇ ਸਮੈਸਟਰ ਵਿੱਚ ਸਾਨੂੰ ਡਾ. ਜਸਵਿੰਦਰ ਭੱਲਾ ਨੇ ਇੱਕ ਕੋਰਸ ਪੜ੍ਹਾਇਆ। ਉਦੋਂ ਉਹ ਟੈਲੀਵਿਜ਼ਨ ਪ੍ਰੋਗਰਾਮ ਕਰਦੇ ਹੁੰਦੇ ਸੀ। 'ਜੱਟਾ ਜਾਗ ਬਈ ਹੁਣ ਜਾਗੋ ਆਈ ਆ' ਉਨ੍ਹਾਂ ਦੀ ਮਕਬੂਲ ਆਈਟਮ ਸੀ, ਜਿਹੜੀ ਪਿੰਡਾਂ ਦੇ ਲੋਕਾਂ ਦੇ ਮੂੰਹ 'ਤੇ ਚੜ੍ਹੀ ਹੋਈ ਸੀ। ਸਾਨੂੰ ਚਾਅ ਸੀ ਕਿ ਅਸੀਂ ਇੱਕ ਕਲਾਕਾਰ ਕੋਲੋਂ ਪੜ੍ਹ ਰਹੇ ਹਾਂ। ਬਾਕੀ ਵਿਦਿਆਰਥੀਆਂ ਨਾਲੋਂ ਮੈਂ ਵਧੇਰੇ ਖ਼ੁਸ਼ ਸੀ ਕਿਉਂਕਿ ਮੈਂ ਖ਼ੁਦ ਸਟੇਜ ਨਾਲ ਜੁੜਿਆ ਹੋਇਆ ਸੀ। ਪਰ ਪਹਿਲੇ ਦਿਨੋਂ ਹੀ ਡਾ. ਭੱਲਾ ਨੇ ਕੋਈ ਅਜਿਹਾ ਪ੍ਰਭਾਵ ਨਾ ਪੈਣ ਦਿੱਤਾ, ਜਿਸ ਨਾਲ ਸਾਨੂੰ ਲੱਗੇ ਕਿ ਅਸੀਂ ਕਿਸੇ ਕਾਮੇਡੀ ਕਲਾਕਾਰ ਨਾਲ ਵਿਚਰ ਰਹੇ ਹਾਂ। ਉਨ੍ਹਾਂ ਆਪਣੇ ਸੰਵਾਦ ਅਤੇ ਰਵੱਈਏ ਵਿੱਚ ਅਧਿਆਪਕ ਦੀ ਭੂਮਿਕਾ ਨੂੰ ਕਾਇਮ ਰੱਖਿਆ, ਕਦੇ ਵੀ ਕਿਸੇ ਵਾਰਤਾਲਾਪ ਨੂੰ ਆਸੇ-ਪਾਸੇ ਲਿਜਾ ਕੇ ਖਿਲਰਨ ਦਾ ਮੌਕਾ ਨਹੀਂ ਦਿੱਤਾ। ਨਤੀਜਾ ਇਹ ਨਿਕਲਿਆ ਕਿ ਪੂਰਾ ਸਮੈਸਟਰ ਅਸੀਂ ਬਾਕੀ ਕਲਾਸਾਂ ਵਾਂਗ ਇਕਾਗਰਤਾ ਨਾਲ ਹੀ ਪੜ੍ਹਦੇ ਰਹੇ। ਕਲਾਕਾਰ ਹੋਣ ਕਰ ਕੇ ਉਨ੍ਹਾਂ ਦੀ ਕਲਾਸ ਵਿੱਚ ਮਾਹੌਲ ਸੁਖਾਵਾਂ ਜ਼ਰੂਰ ਹੁੰਦਾ ਸੀ।



ਨਿਰਮਲ ਜੌੜਾ
98140-78799

ਪਸਾਰ ਸਿੱਖਿਆ ਦਾ ਜਿਹੜਾ ਕੋਰਸ ਉਹ ਸਾਨੂੰ ਪੜ੍ਹਾਉਂਦੇ ਸਨ, ਉਹ ਪੰਜਾਬ ਦੇ ਪੇਂਡੂ ਵਿਕਾਸ ਬਾਰੇ ਸੀ। ਪਹਿਲਾਂ ਖੇਤੀਬਾੜੀ ਵਿਭਾਗ ਵਿੱਚ ਇੰਸਪੈਕਟਰ ਰਹੇ ਹੋਣ ਕਰ ਕੇ ਪੰਜਾਬ ਦੇ ਪਿੰਡਾਂ ਅਤੇ ਕਿਸਾਨੀ ਬਾਰੇ ਉਹ ਜਾਣਦੇ ਸਨ ਜਿਸ ਕਰਕੇ ਉਹ ਕੋਰਸ ਸਮੱਗਰੀ ਨੂੰ ਹੋਰ ਅਸਰਦਾਰ ਬਣਾ ਕੇ ਸਮਝਾਉਣ ਦੇ ਸਮਰੱਥ ਸਨ। ਇੱਕ ਅਧਿਆਪਕ ਕੋਲ ਆਪਣੇ ਵਿਸ਼ੇ ਦੀ ਮੁਹਾਰਤ, ਸਵੈ-ਵਿਸ਼ਵਾਸ ਅਤੇ ਸੰਚਾਰ ਸਮਰੱਥਾ ਹੋਣੀ ਚਾਹੀਦੀ ਹੈ, ਜੋ ਉਨ੍ਹਾਂ ਕੋਲ ਸੀ। ਆਪਣੀ ਗੱਲ ਨੂੰ ਵਿਦਿਆਰਥੀਆਂ ਦੀ ਸਮਝ ਮੁਤਾਬਿਕ ਕਰਨ, ਖੁਸ਼ਕ ਗੱਲਾਂ ਨੂੰ ਦਿਲਚਸਪ ਬਣਾ ਕੇ ਸਮਝਾਉਣ, ਕਲਾਸ ਦੇ ਮਾਹੌਲ ਨੂੰ ਸੁਖਾਵਾਂ ਬਣਾ ਕੇ ਰੱਖਣ, ਆਪਣੀ ਕਿਸੇ ਵੀ ਪ੍ਰੇਸ਼ਾਨੀ ਨੂੰ ਵਿਦਿਆਰਥੀਆਂ ਤੋਂ ਦੂਰ ਰੱਖਣ, ਗੁੰਝਲਦਾਰ ਗੱਲਾਂ ਨੂੰ ਸਿੱਧੇ-ਸਾਦੇ ਢੰਗ ਨਾਲ ਕਰਨ ਅਤੇ ਵਿਦਿਆਰਥੀਆਂ ਦੇ ਮਨੋਬਲ ਨੂੰ ਉੱਚਾ ਚੁੱਕਣ ਵਾਲੇ ਗੁਣ ਮੈਂ ਜਸਵਿੰਦਰ ਭੱਲਾ ਵਿੱਚ ਵੇਖੇ, ਜੋ ਅਧਿਆਪਕ ਲਈ ਜ਼ਰੂਰੀ ਹੁੰਦੇ ਹਨ।

ਇਸ ਕੋਰਸ ਦੇ ਪ੍ਰੈਕਟੀਕਲ ਕਰਨ ਲਈ ਅਸੀਂ ਉਨ੍ਹਾਂ ਨਾਲ ਪਿੰਡਾਂ ਵਿੱਚ ਜਾਂਦੇ। ਅਕਸਰ ਲੋਕ ਉਨ੍ਹਾਂ ਨੂੰ ਸਿਆਣ ਲੈਂਦੇ ਸੀ ਪਰ ਉਹ ਹੱਸਦੇ-ਹਸਾਉਂਦੇ ਵੀ ਆਪਣੇ ਅਧਿਆਪਕੀ ਕਿਰਦਾਰ ਨੂੰ ਡੋਲਣ ਨਾ ਦਿੰਦੇ। ਲੋਕਾਂ ਵਿੱਚ ਕਿਵੇਂ ਜਾਣਾ, ਕੀ ਤੇ ਕਿਵੇਂ ਗੱਲਬਾਤ ਕਰਨੀ ਆ, ਕਿਵੇਂ ਵਿਚਰਨਾ, ਇਹ ਗੱਲਾਂ ਉਹ ਸਾਨੂੰ ਯੂਨੀਵਰਸਿਟੀ ਤੋਂ ਸਮਝਾ ਕੇ ਹੀ ਤੁਰਦੇ ਤਾਂ ਕਿ ਪਿੰਡ ਵਿੱਚ ਜਾ ਕੇ ਕੋਈ ਸ਼ਬਦ ਜਾਂ ਨੁਕਤਾ ਅਜਿਹਾ ਨਾ ਕਿਹਾ ਜਾਵੇ, ਜਿਹੜਾ ਕਿਸੇ ਦੀ ਸ਼ਾਨ ਨੂੰ ਠੇਸ ਪਹੁੰਚਾਵੇ। ਕੋਈ ਗੱਲ ਕਿਸੇ ਧਰਮ, ਜਾਤ, ਵਿਅਕਤੀ ਵਿਸ਼ੇਸ਼ ਦੀਆਂ ਭਾਵਨਾਵਾਂ ਦੇ ਖ਼ਿਲਾਫ਼ ਨਾ ਹੋਵੇ, ਕਿਸੇ ਦੇ ਦੁੱਖ 'ਚ ਹੋਰ ਵਾਧਾ ਨਾ ਕਰਦਾ ਹੋਵੇ।

ਮੈਨੂੰ ਯਾਦ ਹੈ ਕਿ ਸ਼ੁੱਕਰਵਾਰ ਨੂੰ ਪ੍ਰੈਕਟੀਕਲ ਦੀ ਸਾਡੀ ਪਹਿਲੀ ਕਲਾਸ ਸੀ। ਉਨ੍ਹਾਂ ਵੀਰਵਾਰ ਨੂੰ ਸਾਨੂੰ ਕਿਹਾ, ''ਲਓ ਬਈ, ਕੱਲ੍ਹ ਨੂੰ ਪ੍ਰੈਕਟੀਕਲ ਲਈ ਆਪਾਂ ਸਿੱਧਵਾਂ, ਮਢਿਆਣੀ, ਭਰੋਵਾਲ ਤੇ ਵਿਰਕੀਂ ਜਾਵਾਂਗੇ। ਸਾਧਾਰਨ ਕੱਪੜੇ ਪਾ ਕੇ ਆਇਓ, ਜੇ ਟੌਅਰ ਜੀ ਕੱਢ ਕੇ ਆਗੇ ਪਿੰਡਾਂ ਵਾਲਿਆਂ ਨੇ ਗੱਲ ਨੀ ਕਰਨੀ, ਉੱਤੋਂ ਟਿੱਚਰਾਂ ਕਰਨਗੇ।'' ਪ੍ਰੈਕਟੀਕਲ ਲਈ ਤੁਰਨ ਲੱਗਿਆਂ ਆਖਣ ਲੱਗੇ, ''ਲੋਕਾਂ ਸਾਹਮਣੇ ਆਪਸ ਵਿੱਚ ਘੁਸਰ-ਮੁਸਰ ਨੀ ਕਰਨੀ, ਬੇਜਤੀ ਸਮਝਦੇ ਆ ਲੋਕ ਇਸ ਗੱਲ ਨੂੰ। ਗੱਲ ਠੇਠ ਪੰਜਾਬੀ 'ਚ ਕਰਿਓ। ਜਿੰਨੀ ਕੁ ਅੰਗਰੇਜ਼ੀ ਆਉਂਦੀ, ਆਵਦੇ ਕੋਲ ਸੰਭਾਲ ਲਿਓ ਪੇਪਰਾਂ 'ਚ ਕੰਮ ਆਜੂਗੀ।'' ਪਿੰਡ ਜਾ ਕੇ ਬੱਸ 'ਚੋਂ ਉੱਤਰਨ ਤੋਂ ਪਹਿਲਾਂ ਸਾਨੂੰ ਸਮਝਾਉਣ ਲੱਗੇ, ''ਲਓ ਬਈ ਫੇਰ ਸੁਣਲੋ, ਲੋਕਾਂ ਨੂੰ ਇਹ ਲੱਗੇ ਕਿ ਇਹ ਸਾਡੇ ਈ ਜੁਆਕ ਆ, ਕੋਈ ਚੱਕਵੀਂ ਗੱਲ ਨਾ ਕਰਿਓ। ਜੇ ਕਿਸੇ ਘਰ ਵਿੱਚ ਜਾਣਾ ਪਿਆ ਤਾਂ ਅੱਖ ਦੀ ਸ਼ਰਮ ਵਾਲੀ ਗੱਲ ਮਨ 'ਚ ਵਸਾ ਕੇ ਵਿਚਰਿਓ।'' ਫੇਰ ਉਨ੍ਹਾਂ ਹੱਸਦੇ-ਹੱਸਦੇ ਮਿੱਠਾ ਜਿਹਾ ਡਰਾਵਾ ਵੀ ਦਿੱਤਾ, ''ਪਿੰਡਾਂ ਆਲੇ ਸੇਵਾ ਵੀ ਅਪਣੱਤ ਨਾਲ ਕਰਦੇ ਆ, ਪਰ ਜੇ ਪੁੱਠੀ-ਸਿੱਧੀ ਚੱਕਵੀਂ ਗੱਲ ਕਰ ਬੈਠੇ ਤਾਂ ਵੱਖੀਆਂ ਵੀ 'ਧੇੜ ਦਿੰਦੇ ਆ। ਹੋਰ ਨਾ ਹੋਵੇ ਪਿੰਡ 'ਚੋਂ ਵੀ ਛਿੱਤਰ ਖਾਲੋਂ ਤੇ ਮੈਥੋਂ ਵੀ ਐਫ ਗਰੇਡ ਲੈਲੋਂ।''

ਅਸੀਂ ਪਿੰਡ ਵਿੱਚ ਪਹੁੰਚੇ ਤਾਂ ਮੋਹਤਬਰ ਬੰਦਿਆਂ ਨੂੰ ਮਿਲਾਉਣ ਲੱਗਿਆਂ ਉਨ੍ਹਾਂ ਕਿਹਾ, ''ਇਹ ਪੂਰੇ ਸਾਊ ਮੁੰਡੇ-ਕੁੜੀਆਂ ਆ ਜੀ ਯੂਨੀਵਰਸਿਟੀ ਦੇ, ਇਹ ਵੀ ਥੋਡੇ ਵਰਗੇ ਘਰਾਂ 'ਚੋਂ ਹੀ ਪੜ੍ਹਨ ਆਏ ਆ।'' ਮੇਰੇ ਵੱਲ ਹੱਥ ਕਰ ਕੇ ਆਖਣ ਲੱਗੇ, ''ਇਹ ਬਿਲਾਸਪੁਰੋਂ ਆਂ।'' ਮੇਰੇ ਨਾਲ ਖੜ੍ਹੇ ਰਣਜੀਤ ਦੇ ਮੋਢੇ ਤਾਂ ਹੱਥ ਧਰ ਕੇ ਕਹਿੰਦੇ, ''ਆ ਤਾਂ ਥੋਡਾ ਗੁਆਂਢੀ ਆ ਭਨੋਹੜਾਂ ਤੋਂ।'' ''ਆਹ ਸੁੰਦਰ ਲਾਲ ਆ ਅਬੋਹਰੋਂ, ਮੁੰਡਾ ਤਾਂ ਬਾਣੀਆਂ ਦਾ ਪਰ ਅਬੋਹਰ ਦੇ ਬਾਣੀਏ ਜੱਟਾਂ ਅਰਗੇ ਈ ਹੁੰਦੇ ਆ।'' ਫੇਰ ਪਰਮਜੀਤ ਵੱਲ ਦੇਖ ਕੇ ਕਹਿੰਦੇ, ''ਇਹ ਮੁਕਤਿਆਂ ਦੀ ਧਰਤੀ ਤੋਂ ਆ ਮੁਕਤਸਰੋਂ।'' ਬੱਸ ਇੰਨੇ ਵਿੱਚ ਈ ਮਾਹੌਲ ਸੁਖਾਵਾਂ ਹੋ ਗਿਆ। ਜਦੋਂ ਮਢਿਆਣੀ ਤੋਂ ਸਿੱਧਵਾਂ ਨੂੰ ਜਾਣ ਲੱਗੇ ਤਾਂ ਬੱਸ ਵਿੱਚ ਉਹ ਸਭ ਨੂੰ ਮੁਖਾਤਿਬ ਹੋਏ, ''ਵੈਰੀ ਗੁੱਡ, ਬਹੁਤ ਵਧੀਆ ਰਿਹਾ। ਗੱਲ ਪਤਾ ਕੀ ਆ ਲੋਕ ਉਹਦੀ ਗੱਲ ਸੁਣਦੇ ਆ ਜੋ ਉਨ੍ਹਾਂ ਦੀ ਸੁਣਦਾ, ਇਸ ਕਰ ਕੇ ਲੋਕਾਂ ਦੀ ਗੱਲ ਪਹਿਲਾਂ ਸੁਣੋ। ਦੂਜਾ, ਇੱਕ ਹੋਰ ਗੱਲ ਕਿ ਇਨ੍ਹਾਂ ਪਿੰਡਾਂ ਦੇ ਜੁਆਕ ਵੀ ਕਾਲਜਾਂ ਯੂਨੀਵਰਸਿਟੀਆਂ ਵਿੱਚ ਪੜ੍ਹਦੇ ਆ ਥੋਡੇ ਆਂਗੂ। ਥੋਡੇ ਵਧੀਆ ਤੌਰ-ਤਰੀਕਿਆਂ ਤੇ ਥੋਡੀ ਸੀਰੀਅਸਨੈੱਸ ਨੂੰ ਦੇਖ ਕੇ ਇਨ੍ਹਾਂ ਨੂੰ ਆਪਣੇ ਜੁਆਕਾਂ ਬਾਰੇ ਵੀ ਤਸੱਲੀ ਹੋਊ, ਇਹ ਸਾਈਕੋਲੋਜੀਕਲ ਇਫੈਕਟ ਹੁੰਦਾ।'' ਹਰ ਪ੍ਰੈਕਟੀਕਲ ਵਿੱਚ ਅਸੀਂ ਇਨ੍ਹਾਂ ਗੱਲਾਂ ਦਾ ਖ਼ਿਆਲ ਰੱਖਦੇ।

ਜਸਵਿੰਦਰ ਭੱਲਾ ਨੇ ਇਕੱਤੀ ਸਾਲ ਯੂਨੀਵਰਸਿਟੀ ਵਿੱਚ ਪੜ੍ਹਾਇਆ। ਪਸਾਰ ਸਿੱਖਿਆ ਵਿਭਾਗ ਦੇ ਮੁਖੀ ਰਹੇ, ਸੱਭਿਆਚਾਰਕ ਸਰਗਰਮੀਆਂ ਦੇ ਇੰਚਾਰਜ ਰਹੇ। ਸੇਵਾਮੁਕਤੀ ਉਪਰੰਤ ਵੀ ਉਹ ਯੂਨੀਵਰਸਿਟੀ ਦੇ ਬਰਾਂਡ ਅੰਬੈਸਡਰ ਬਣੇ ਰਹੇ ਕਿਉਂਕਿ ਪਸਾਰ ਮਾਹਿਰ ਹੋਣ ਕਰਕੇ ਲੋਕਾਂ ਨਾਲ ਉਨ੍ਹਾਂ ਦਾ ਬਹੁਤ ਹੀ ਸੁਖਾਵਾਂਅਤੇ ਵਿਸ਼ਵਾਸ ਵਾਲਾ ਰਿਸ਼ਤਾ ਬਣ ਚੁੱਕਿਆ ਸੀ। ਕਿਸਾਨ ਭਾਈਚਾਰੇ ਨਾਲ ਰਾਬਤਾ ਮਜ਼ਬੂਤ ਸੀ।

ਉਨ੍ਹਾਂ ਦਾ ਜਨਮ ਦੋਰਾਹੇ ਨੇੜਲੇ ਪਿੰਡ ਕੱਦੋਂ ਵਿੱਚ 4 ਮਈ 1960 ਨੂੰ ਮਾਸਟਰ ਬਹਾਦਰ ਸਿੰਘ ਭੱਲਾ ਦੇ ਘਰ ਹੋਇਆ। ਸਕੂਲੀ ਪੜ੍ਹਾਈ ਤੋਂ ਬਾਅਦ ਉਹ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿੱਚ ਬੀ.ਐੱਸਸੀ. ਖੇਤੀਬਾੜੀ ਕਰਨ ਲੱਗੇ, ਜਿੱਥੇ ਡਾਕਟਰ ਕੇਸ਼ੋ ਰਾਮ ਸ਼ਰਮਾ ਨੇ ਯੂਨੀਵਰਸਿਟੀ ਦੇ ਸੱਭਿਆਚਾਰਕ ਪ੍ਰੋਗਰਾਮ ਲਈ ਜਸਵਿੰਦਰ ਭੱਲਾ ਦੀ ਚੋਣ ਇੱਕ ਗਾਇਕ ਵਿਦਿਆਰਥੀ ਵਜੋਂ ਕੀਤੀ। ਇਸੇ ਪ੍ਰੋਗਰਾਮ ਦੌਰਾਨ ਭੱਲਾ ਸਾਹਿਬ ਦੀ ਮੁਲਾਕਾਤ ਬਾਲ ਮੁਕੰਦ ਸ਼ਰਮਾ ਨਾਲ ਹੋਈ। ਫਿਰ ਦੋਵਾਂ ਨੇ ਰਲ ਕੇ ਕਾਮੇਡੀ ਖ਼ਬਰਾਂ ਪੜ੍ਹੀਆਂ ਤਾਂ ਬਹਿਜਾ-ਬਹਿਜਾ ਹੋ ਗਈ। ਇਸ ਪ੍ਰੋਗਰਾਮ ਦਾ ਨਾਮ ਸੀ ਛਣਕਾਟਾ। ਫਿਰ ਇਸ ਜੋੜੀ ਨੇ ਐਸੀ ਧਮਾਲ ਪਾਈ ਕਿ ਇਹ ਛਣਕਾਟੇ ਵਾਲੀ ਜੋੜੀ ਬਣ ਗਈ। ਵਿਦਿਆਰਥੀ ਜੀਵਨ ਤੋਂ ਬਾਅਦ ਵੀ ਇਸ ਜੋੜੀ ਦੀ ਚੜ੍ਹਤ ਕਾਇਮ ਰਹੀ। ਜਗਦੇਵ ਸਿੰਘ ਜੱਸੋਵਾਲ ਅਤੇ ਗੁਰਭਜਨ ਗਿੱਲ ਦੀ ਅਗਵਾਈ ਵਿੱਚ ਇਨ੍ਹਾਂ ਨੇ ਪਹਿਲੀ ਕਮਰਸ਼ੀਅਲ ਕੈਸੇਟ 1988 ਵਿੱਚ 'ਛਣਕਾਟਾ' ਰਿਲੀਜ਼ ਕੀਤੀ ਤਾਂ ਹੱਥੋ-ਹੱਥੀ ਚੁੱਕੀ ਗਈ। ਫਿਰ ਇਹ ਛਣਕਾਟਾ ਲਗਾਤਾਰ 2009 ਤੱਕ ਪੈਂਦਾ ਰਿਹਾ। ਕਈ ਵਾਰ ਤਾਂ ਛੇ ਮਹੀਨਿਆਂ ਬਾਅਦ ਹੀ ਪੈ ਜਾਂਦਾ।

ਜਸਵਿੰਦਰ ਭੱਲਾ ਕੋਲ ਪੇਂਡੂ ਮੁਹਾਵਰਾ ਹੋਣ ਕਰਕੇ ਉਨ੍ਹਾਂ ਦੇ ਮੂੰਹੋਂ ਗੱਲ ਜਚਦੀ ਸੀ। ਇੱਕ ਉਨ੍ਹਾਂ ਨੂੰ ਪੰਜਾਬੀ ਲੋਕ ਧਾਰਾ ਦਾ ਗਿਆਨ ਬਹੁਤ ਸੀ, ਜਿਸ ਕਰਕੇ ਉਨ੍ਹਾਂ ਦੀਆਂ ਪੇਸ਼ਕਾਰੀਆਂ ਆਮ ਲੋਕਾਂ ਵਿੱਚ ਪ੍ਰਚਲਿਤ ਹੋਈਆਂ। ਬਾਲ ਮੁਕੰਦ ਸ਼ਰਮਾ ਨਾਲ ਸਮੀਕਰਨਾਂ ਮਿਲਦੀਆਂ ਹੋਣ ਕਰਕੇ ਇਸ ਜੋੜੀ ਨੇ ਆਪਣੇ ਵਿਅੰਗਮਈ ਅੰਦਾਜ਼ ਦਾ ਸਿੱਕਾ ਲਗਾਤਾਰ ਜਮਾਈ ਰੱਖਿਆ।

ਪੰਜਾਬੀ ਫਿਲਮਾਂ ਵਿੱਚ ਜਸਵਿੰਦਰ ਭੱਲਾ ਨੇ ਲੰਮੀ ਪਾਰੀ ਖੇਡੀ। 'ਦੁੱਲਾ ਭੱਟੀ', 'ਮਾਹੌਲ ਖਰਾਬ ਹੈ' ਤੋਂ ਲੈ ਕੇ 'ਕੈਰੀ ਆਨ ਜੱਟਾ' ਤੱਕ ਪੈਂਹਟ ਫਿਲਮਾਂ ਵਿੱਚ ਉਨ੍ਹਾਂ ਧਮਾਕੇਦਾਰ ਅਦਾਕਾਰੀ ਕੀਤੀ ਹੈ। ਸਾਧਾਰਨ ਅਦਾਕਾਰੀ ਨਹੀਂ ਸਗੋਂ ਲੋਕ ਮਨਾਂ 'ਤੇ ਛਾਪ ਛੱਡਣ ਵਾਲੀ ਅਦਾਕਾਰੀ। ਘਰੋੜਵੀਂ ਭਾਸ਼ਾ, ਸਪੱਸ਼ਟਤਾ ਅਤੇ ਸਵੈ-ਵਿਸ਼ਵਾਸ ਐਸਾ ਸੀ ਕਿ ਉਨ੍ਹਾਂ ਦੇ ਬੋਲੇ ਸੰਵਾਦ ਅਖਾਣਾਂ ਵਾਂਗ ਲੋਕਾਂ ਦੀ ਜ਼ੁਬਾਨੀ ਯਾਦ ਹੋਏ ਜਿਵੇਂ, ਜੜ 'ਤੇ ਕੋਕੇ, ਗੰਦੀ ਔਲਾਦ ਨਾ ਮਜ਼ਾ ਨਾ ਸੁਆਦ, ਜੇ ਚੰਡੀਗੜ੍ਹ ਢਹਿਜੂ ਪਿੰਡਾਂ ਵਰਗਾ ਤਾਂ ਰਹਿਜੂ ਪਰ ਜੇ ਪਿੰਡ ਹੀ ਢਹਿਜੂ ਪਿੱਛੇ ਕੀ ਰਹਿਜੂ, ਜਵਾਈ ਨੰਗ ਤੇ ਜੁੱਤੀ ਤੰਗ ਸਾਰੀ ਉਮਰ ਤੰਗ ਕਰਦੇ ਆ, ਮਾੜੀ ਸੋਚ ਤੇ ਪੈਰ ਦੀ ਮੋਚ ਬੰਦੇ ਨੂੰ ਅੱਗੇ ਨੀ ਵਧਣ ਦਿੰਦੀ, ਐਡਵੋਕੇਟ ਢਿੱਲੋਂ ਨੇ ਕਾਲਾ ਕੋਟ ਐਵੇਂ ਨੀ ਪਾਇਆ। ਅਸਲ ਵਿੱਚ ਸਾਧਾਰਨ ਗੱਲਾਂ ਨੂੰ ਕਹਿਣ ਦਾ ਅੰਦਾਜ਼ ਜਸਵਿੰਦਰ ਭੱਲਾ ਕੋਲ ਕਮਾਲ ਦਾ ਸੀ ਕਿ ਦਰਸ਼ਕਾਂ ਦੇ ਮਨਾਂ 'ਤੇ ਠੱਪੇ ਵਾਂਗ ਲੱਗ ਜਾਂਦੀ ਸੀ। ਇੱਕ ਹਾਸਰਸ ਕਲਾਕਾਰ ਦੇ ਤੌਰ 'ਤੇ ਜਸਵਿੰਦਰ ਭੱਲਾ ਦੀ ਮਕਬੂਲੀਅਤ ਉਨ੍ਹਾਂ ਸਮਿਆਂ ਵਿੱਚ ਬਣੀ ਜਦੋਂ ਸੋਸ਼ਲ ਮੀਡੀਆ ਦਾ ਬੋਲਬਾਲਾ ਵੀ ਨਹੀਂ ਸੀ ਸਿਰਫ਼ ਦੂਰਦਰਸ਼ਨ, ਰੇਡੀਓ ਹੀ ਮਾਧਿਅਮ ਹੁੰਦੇ ਸੀ। ਉਨ੍ਹਾਂ ਸਮਿਆਂ ਵਿੱਚ ਸਥਾਪਤੀ ਮਿਲਣ ਦਾ ਮਤਲਬ ਸੀ ਕਲਾਕਾਰ ਹੋਣਾ। ਭੱਲਾ ਸਾਹਿਬ ਦੀ ਸਿਫ਼ਤ ਸੀ ਕਿ ਉਹ ਜਦੋਂ ਵੀ ਕਿਸੇ ਕਲਾਤਮਕ ਪੇਸ਼ਕਾਰੀ ਲਈ ਤਿਆਰੀ ਕਰਦੇ ਤਾਂ ਪਹਿਲਾਂ ਉਹ ਲਿਖਦੇ, ਵਾਰ-ਵਾਰ ਪੜ੍ਹਦੇ, ਵੱਖ-ਵੱਖ ਦੋਸਤਾਂ ਤੋਂ ਸਲਾਹ ਲੈਂਦੇ, 'ਕੱਲੇ-'ਕੱਲੇ ਨੁਕਤੇ 'ਤੇ ਵਿਚਾਰ ਕਰਦੇ ਤਾਂ ਕਿ ਅਸਰਦਾਰ ਸੁਨੇਹਾ ਬਣ ਸਕੇ। ਉਨ੍ਹਾਂ ਨੇ ਕਲਾ ਨੂੰ ਸਮਾਜ ਸੁਧਾਰ ਲਈ ਵਰਤਿਆ, ਲੋਕਾਂ ਦੇ ਦੁੱਖ-ਸੁੱਖ ਨੂੰ ਸਮਝਿਆ, ਭਾਵਨਾਵਾਂ ਦਾ ਖ਼ਿਆਲ ਰੱਖਿਆ। ਉਹ ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਭਰੂਣ ਹੱਤਿਆ, ਪ੍ਰਦੂਸ਼ਣ ਵਰਗੀਆਂ ਅਲਾਮਤਾਂ 'ਤੇ ਵਿਅੰਗ ਰਾਹੀਂ ਸੁਨੇਹਾ ਦਿੰਦੇ। ਵਿਅੰਗ ਅਤੇ ਜ਼ਿੰਦਾਦਿਲੀ ਐਸੀ ਸੀ ਜਸਵਿੰਦਰ ਭੱਲਾ ਕੋਲ ਕਿ ਜਿੱਥੇ ਬੈਠਦਾ, ਮਹਿਫ਼ਿਲ ਲੱਗ ਜਾਂਦੀ। ਮੈਂ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਕਦੇ ਉਦਾਸ ਨਹੀਂ ਦੇਖਿਆ ਕਿਉਂਕਿ ਉਹ ਆਪਣੀਆਂ ਦੁੱਖ-ਤਕਲੀਫ਼ਾਂ ਨੂੰ ਲੁਕੋ ਕੇ ਰੱਖਣ ਦੇ ਮਾਹਿਰ ਸਨ।

31 ਮਈ 2020 ਨੂੰ ਜਦੋਂ ਉਹ ਯੂਨੀਵਰਸਿਟੀ ਤੋਂ ਸੇਵਾਮੁਕਤ ਹੋਏ ਤਾਂ ਲੌਕਡਾਊਨ ਕਰਕੇ ਔਨਲਾਈਨ ਸਮਾਗਮ ਹੋਇਆ। ਇਹ ਡਾ. ਭੱਲਾ ਦਾ ਸਨੇਹ ਅਤੇ ਹਰਮਨ ਪਿਆਰਤਾ ਸੀ ਕਿ ਔਨਲਾਈਨ ਸਮਾਗਮ ਵਿੱਚ ਦੇਸ਼-ਵਿਦੇਸ਼ ਤੋਂ ਜੁੜੇ ਉਨ੍ਹਾਂ ਨੂੰ ਚਾਹੁਣ ਵਾਲਿਆਂ ਦੀ ਗਿਣਤੀ ਅੰਦਾਜ਼ੇ ਤੋਂ ਵੱਧ ਸੀ। ਭੱਲਾ ਸਾਹਿਬ ਪਰਿਵਾਰ ਸਮੇਤ ਭਾਵੁਕ ਹੋਏ ਬੈਠੇ ਸਨ। ਸਮਾਗਮ ਵਿੱਚ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਅਧਿਕਾਰੀਆਂ ਦੇ ਨਾਲ ਨਾਲ ਭੱਲਾ ਸਹਿਬ ਦੇ ਸਹਿਪਾਠੀ, ਸੀਨੀਅਰ, ਮਿੱਤਰ ਪਿਆਰੇ ਆਖ ਰਹੇ ਸੀ ਕਿ ਉਹ ਸੁਹਿਰਦਤਾ ਅਤੇ ਦ੍ਰਿੜ੍ਹਤਾ ਨਾਲ ਕੰਮ ਕਰਨ ਵਾਲੇ ਕਲਾਕਾਰ ਹਨ। ਸਭ ਨੇ ਇਹ ਗੱਲ ਬਹੁਤ ਪ੍ਰੋੜ੍ਹਤਾ ਨਾਲ ਆਖੀ ਕਿ ਉਨ੍ਹਾਂ ਦੀ ਕਾਮੇਡੀ ਵਿੱਚ ਸਮਾਜਿਕ ਸੁਨੇਹਾ ਹੁੰਦਾ, ਥੋੜ੍ਹੇ ਸ਼ਬਦਾਂ ਵਿੱਚ ਵੱਡੀ ਗੱਲ ਹੁੰਦੀ ਹੈ, ਕਦੇ ਕਿਸੇ ਦਾ ਦਿਲ ਦੁਖਾਉਣ ਵਾਲੀ ਗੱਲ ਨਹੀਂ ਹੁੰਦੀ, ਉਹ ਹਰ ਪੇਸ਼ਕਾਰੀ ਸੋਚ ਸਮਝ ਕੇ ਕਰਦੇ ਹਨ। ਮੈਂ ਸੋਚ ਰਿਹਾ ਸੀ ਕਿ ਇਹ ਅਧਿਆਪਕ ਹੋਣ ਦਾ ਨਤੀਜਾ ਹੈ। ਦੁਨੀਆ ਭਰ ਦੇ ਸਨਮਾਨ ਉਨ੍ਹਾਂ ਨੂੰ ਮਿਲੇ ਕੀ ਸਰਕਾਰੀ, ਕੀ ਗ਼ੈਰ-ਸਰਕਾਰੀ, ਕਿੰਨੀਆਂ ਸੰਸਥਾਵਾਂ ਨੇ ਮਾਣ-ਤਾਣ ਦਿੱਤਾ, ਪਰ ਜੋ ਵਿਦਾਈ ਵੇਲੇ ਲੋਕ ਪਿਆਰ ਮਿਲਿਆ, ਉਹ ਅਣਮੁੱਲੀ ਮੁਹੱਬਤ ਆ, ਸਭ ਮਾਨਾਂ-ਸਨਮਾਨਾਂ ਤੋਂ ਉੱਪਰ। ਜ਼ਿੰਦਗੀ ਦੇ ਸ਼ਾਹ-ਅਸਵਾਰ ਜਸਵਿੰਦਰ ਭੱਲਾ ਦੀ ਭੱਲ ਦੇ ਕੀ ਕਹਿਣੇ... ਬਹੁਤ ਵਸੀਹ ਦਾਇਰਾ ਸੀ ਉਸ ਦਾ। ਸਰਦਾਰ ਬਹਾਦਰ ਸਿੰਘ ਅਤੇ ਸਰਦਾਰਨੀ ਸਤਵੰਤ ਕੌਰ ਲਈ ਲਾਡਲਾ ਪੁੱਤਰ ਸੀ, ਸਰਦਾਰਨੀ ਪਰਮਦੀਪ ਕੌਰ ਲਈ ਦੁੱਖਾਂ-ਸੁਖਾਂ ਦਾ ਜੀਵਨ ਸਾਥੀ ਸੀ, ਪੁਖਰਾਜ ਅਤੇ ਅਰਸ਼ਪ੍ਰੀਤ ਲਈ ਸੁਹਿਰਦ ਬਾਪ ਸੀ, ਅੰਤਰਰਾਸ਼ਟਰੀ ਨਕਸ਼ੇ 'ਤੇ ਉਹ ਵੱਡਾ ਫਨਕਾਰ ਸੀ, ਕਲਾਕਾਰ ਸਾਥੀਆਂ ਲਈ ਚੰਗਾ ਸਹਿਯੋਗੀ ਸੀ, ਯੂਨੀਵਰਸਿਟੀ ਲਈ ਉਹ ਪ੍ਰਸਿੱਧ ਸਿੱਖਿਆ ਸ਼ਾਸਤਰੀ ਸੀ, ਆਮ ਲੋਕਾਂ ਲਈ ਹਰਮਨ ਪਿਆਰਾ ਕਲਾਕਾਰ ਸੀ, ਫਿਲਮੀ ਦੁਨੀਆ ਵਿੱਚ ਉਹ ਸਫਲ ਅਦਾਕਾਰ ਸੀ, ਕਿਸੇ ਲਈ ਚੰਗਾ ਭਰਾ, ਕਈਆਂ ਲਈ ਚੰਗਾ ਦੋਸਤ, ਵਿਦਿਆਰਥੀਆਂ ਲਈ ਚੰਗਾ ਅਧਿਆਪਕ ਸੀ। ਜਸਵਿੰਦਰ ਭੱਲਾ ਦੀ ਭੱਲ ਪੰਜਾਬੀ ਸੰਸਾਰ ਵਿੱਚ ਸਦਾ ਬਣੀ ਰਹੇਗੀ।



## ਹੇ ਵਿਗਿਆਨੀ !

**ਗੁਰਭਜਨ ਗਿੱਲ**

ਹੇ ਵਿਗਿਆਨੀ,
ਜੇ ਤੇਰਾ ਵਿਗਿਆਨ,
ਸਿਰਫ਼ ਤੇਰੇ ਹੀ ਹੱਥ ਵਿਚ,
ਬਣ ਜਾਣਾ ਏਂ ਖੇਡ-ਖਿਡੌਣਾ।
ਲੋਕ ਭਲੇ ਦੇ ਕੰਮ ਨਹੀਂ ਆਉਣਾ।
ਤਾਂ ਫਿਰ ਤੇਰਾ ਮੇਰਾ ਰਾਹ ਹੁਣ ਵੱਖਰਾ ਵੱਖਰਾ।
ਜੇ ਤੇਰੇ ਵਿਗਿਆਨ ਸਿਰਫ਼ ਹਥਿਆਰ ਬਣਾਉਣੇ।
ਜੋ ਹਾਕਮ ਦੇ ਕੰਮ ਨੇ ਆਉਣੇ।
ਲੋਕ ਸ਼ਕਤੀਆਂ ਕੁਚਲਣ ਖ਼ਾਤਰ,
ਜਾਂ ਫਿਰ ਸਰਹੱਦ ਬਣੇ ਬਹਾਨਾ।
ਭਰਨ ਗਰੀਬ ਲੋਕ ਹਰਜਾਨਾ।
ਤਾਂ ਫਿਰ ਤੇਰਾ ਮੇਰਾ ਰਸਤਾ ਵੱਖਰਾ ਵੱਖਰਾ।
ਜੇ ਤੇਰੇ ਵਿਗਿਆਨ ਦੇ ਹੱਥੋਂ,
ਧਰਤੀ ਮਾਂ ਦੇ ਨਕਸ਼ ਵਿਗੜਨੇ।
ਅੰਬਰ ਲੀਰੋ ਲੀਰ ਪਾਟਣਾ,
ਸਾਗਰ ਵਿਚ ਤਰਥੱਲੀ ਮੱਚਣੀ।
ਪੌਣਾਂ ਦੇ ਵਿਚ ਜ਼ਹਿਰ ਪਸਰਨਾ।
ਬਿਰਛ ਬਰੂਟੇ ਮੁਰਝਾਉਣੇ ਨੇ।
ਤਾਂ ਫਿਰ ਤੇਰਾ ਮੇਰਾ ਰਸਤਾ ਵੱਖਰਾ ਵੱਖਰਾ।
ਜੇ ਤੇਰੇ ਵਿਗਿਆਨ 'ਚ ਦਮ ਹੈ,
ਮੇਰੀ ਮਾਂ ਦੇ ਅੱਥਰੂਆਂ 'ਚੋਂ ਵੇਖ ਪਰਖ਼ ਲੈ।
ਕਿਹੜੇ ਦੁੱਖ ਤੇ, ਕਿਹੜੇ ਮੌਸਮ,
ਮਾਂ ਦੀ ਕਮਰ ਕਮਾਨ ਬਣਾਈ?
ਭੈਣ ਮੇਰੀ ਦੇ ਸੁਪਨ ਅਧੂਰੇ,
ਲੱਭ ਕੇ ਦੱਸ ਤੂੰ
ਕਿਸਦੇ ਕਾਰਨ ਹੋਏ ਨਾ ਪੂਰੇ?
ਧੀ ਮੇਰੀ ਹਟਕੋਰੇ ਭਰ ਕੇ ਕਿਉਂ ਰੋਂਦੀ ਹੈ?
ਇਸ ਧਰਤੀ ਦੀ ਹਰ ਧੀ ਅੱਖੋਂ
ਦਰਦ-ਪਰੁੱਚੀ ਰੱਤ ਕਿਉਂ ਚੋਂਦੀ?
ਜੇ ਤੇਰੇ ਵਿਗਿਆਨ ਨੇ,
ਕੁੜੀਆਂ ਚਿੜੀਆਂ ਨੂੰ ਹੀ ਭੱਠ ਵਿਚ ਤਾਉਣੈਂ।
ਮਾਵਾਂ ਨੂੰ ਫ਼ਿਕਰਾਂ ਦੇ ਚੁੱਲ੍ਹੇ ਅੰਦਰ ਡਾਹੁਣੈਂ।
ਤਾਂ ਫਿਰ ਤੇਰਾ ਮੇਰਾ ਰਸਤਾ ਵੱਖਰਾ ਵੱਖਰਾ।
ਹੇ ਵਿਗਿਆਨੀ !
ਆਪਣੇ ਤੂੰ ਵਿਗਿਆਨ ਦੀ ਅੰਨ੍ਹੀ ਸੁਰੰਗ 'ਚ ਵੜਿਆ।
ਮੁੜ ਆ ਘਰ ਨੂੰ,
ਵੇਖ ਕਿਵੇਂ ਅਹੁ ਸੂਰਜ ਚੜ੍ਹਿਆ।
ਚਿੱਟੇ ਦਿਨ ਦੀ ਨਗਨ ਹਕੀਕਤ,
ਰੰਗਲੀ ਐਨਕ ਲਾਹ ਦੇ ਪਹਿਲਾਂ,
ਨੰਗੀ ਅੱਖੇ ਨਿਰਖ਼ ਪਛਾਣ।
ਜੇ ਨਾ ਅੱਜ ਤੂੰ ਫ਼ਰਜ਼ ਪਛਾਤਾ,
ਹੋ ਜੂ ਘਾਣ।
ਜੀਵਨ ਦੇ ਵਰਤਾਰੇ ਨੂੰ ਤੂੰ
ਆਪਣੇ ਨਾਲੋਂ ਵੱਖਰਾ ਨਾ ਕਰ।
ਆਪਣੇ ਸਾਈਂ ਕੋਲੋਂ ਏਨਾ ਵੀ ਤਾਂ ਨਾ ਡਰ।
ਜੇ ਤੂੰ ਫਿਰ ਵੀ ਭਰਮ ਜਕੜਿਆ,
ਆਪਣੇ ਲੋਕਾਂ ਵੱਲ ਪਿੱਠ ਕਰਕੇ ਤੁਰਦੇ ਰਹਿਣਾ।
ਤਾਂ ਹੁਣ ਸੁਣ ਲੈ ਮੇਰਾ ਕਹਿਣਾ,
ਤੇਰਾ ਮੇਰਾ ਰਸਤਾ ਵੱਖਰਾ ਵੱਖਰਾ ਰਹਿਣਾ।
ਤੂੰ ਆਪਣੇ ਵਿਗਿਆਨ 'ਚ ਮਾਂ ਦੀ ਲੋਰੀ ਭਰ ਲੈ।
ਚਿਤਰਕਾਰ ਤੋਂ ਰੰਗ ਉਧਾਰੇ,
ਬੰਸਰੀਆਂ ਤੋਂ ਹੂਕਾਂ ਲੈ ਲੈ,
ਤੂੰਬੀ ਤੋਂ ਟੁਣਕਾਰ ਨਿਰੰਤਰ,
ਇਹ ਵਿਗਿਆਨ ਜਿਉਂਦਾ ਕਰ ਲੈ।
ਨਿੱਕੇ ਬਾਲਾਂ ਤੋਂ ਕਿਲਕਾਰੀ।
ਜਿਉਂਦੇ ਰੰਗਾਂ ਦੀ ਪਿਚਕਾਰੀ।
ਅੰਬਰ 'ਚੋਂ ਸਤਰੰਗੀ ਲੈ ਕੇ,
ਪੀਂਘਾਂ ਚਾੜ੍ਹ ਹਵਾ ਵਿਚ ਤਰ ਲੈ।
ਵਰ ਲੱਭਦੀ ਮੁਟਿਆਰ ਦੀ ਧੜਕਣ,
ਗੱਭਰੂ ਦੇ ਸਾਹਾਂ ਦੀ ਤੜਪਣ।
ਤਪਦੀ ਧਰਤੀ ਉੱਪਰ ਵਰ੍ਹ ਜਾ,
ਬਣ ਕੇ ਕਿਣ ਮਿਣ।
ਫਿਰ ਤੇਰਾ ਤੇ ਮੇਰਾ ਰਸਤਾ
ਇਕ ਹੋ ਸਕਦੈ।







